12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 32
November 15, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਅਦਾਰਾ 'ਦੇਸ਼ ਦੁਆਬਾ' ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗਦਰੀ ਬਾਬਿਆਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦਾ ਹੈ।



ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ (ਸਬੰਧਤ ਲੇਖ ਅੰਦਰ ਦੇਖੋ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

## ਅਗਲੇ ਸਾਲ ਤੋਂ ਨਿਊਯਾਰਕ ਦੇ ਸਰਕਾਰੀ ਸਕੂਲਾਂ 'ਚ ਹੋਵੇਗੀ ਦੀਵਾਲੀ ਦੀ ਛੁੱਟੀ



**ਨਿਊਯਾਰਕ (ਬਿਊਰੋ)-** ਇਤਿਹਾਸਕ ਕਦਮ ਚੁੱਕਦਿਆਂ ਨਿਊਯਾਰਕ ਰਾਜ ਦੀ ਗਵਰਨਰ ਕੈਥੀ ਹੋਚੁਲ ਨੇ ਇਸ ਵੱਡੇ ਅਮਰੀਕੀ ਸ਼ਹਿਰ ਦੇ ਸਰਕਾਰੀ ਸਕੂਲਾਂ ਵਿੱਚ ਦੀਵਾਲੀ ਦੀ ਛੁੱਟੀ ਕਰਨ ਵਾਲੇ ਕਾਨੂੰਨ 'ਤੇ ਹਸਤਾਖਰ ਕੀਤੇ ਹਨ। ਹੋਚੁਲ ਨੇ ਕਿਹਾ ਕਿ 'ਨਿਊਯਾਰਕ ਸਿਟੀ' ਵੱਖ-ਵੱਖ ਧਰਮਾਂ ਅਤੇ ਸਭਿਆਚਾਰਾਂ ਵਿੱਚ ਗੜ੍ਹ ਹੈ ਅਤੇ ਅਸੀਂ ਸਕੂਲ ਕੈਲੰਡਰ ਵਿੱਚ ਇਸ ਵਿਭਿੰਨਤਾ ਨੂੰ ਮਾਨਤਾ ਦੇਣ ਲਈ ਦੀਵਾਲੀ ਦੀ ਛੁੱਟੀ ਕਰ ਰਹੇ ਹਾਂ।'

## ਫਲਸਤੀਨ ਨੇ ਭਾਰਤ ਨੂੰ ਜੰਗ ਰੁਕਵਾਉਣ ਲਈ ਦਖਲ ਦੇਣ ਦੀ ਕੀਤੀ ਅਪੀਲ

**ਨਵੀ ਦਿੱਲੀ (ਬਿਊਰੋ)-** ਇਜਰਾਈਲ ਅਤੇ ਹਮਾਸ ਦੀ ਜੰਗ ਦੇ ਵਿਚਕਾਰ ਫਲਸਤੀਨ ਦੀਆਂ ਨਜ਼ਰਾਂ ਹੁਣ ਭਾਰਤ ਵੱਲ ਟਿਕੀਆਂ ਹੋਈਆਂ ਹਨ। ਫਲਸਤੀਨ ਨੇ ਹੁਣ ਭਾਰਤ ਨੂੰ ਜੰਗ ਖਤਮ ਕਰਨ ਵਿਚ ਮਦਦ ਕਰਨ ਦੀ ਅਪੀਲ ਕੀਤੀ ਹੈ। ਇਸ ਨਾਲ ਹੀ ਭਾਰਤ ਵਿੱਚ ਫਲਸਤੀਨ ਦੇ ਰਾਜਦੂਤ ਅਦਨਾਨ ਅਬੂ ਅਲਹਾਇਜਾ ਨੇ ਮੀਡੀਆ ਨੂੰ ਦੱਸਿਆ ਭਾਰਤ ਨੇ ਮਹਾਤਮਾ ਗਾਂਧੀ ਤੋਂ ਲੈ ਕੇ ਸ਼ੁਰੂ ਤੋਂ ਹੀ ਫਲਸਤੀਨ ਮੁੱਦੇ ਨੂੰ ਸਮਝਿਆ ਹੈ। ਯੂਰਪੀਅਨ, ਅਮਰੀਕਨ ਤੇ ਅਰਬਾਂ ਨੂੰ ਸ਼ਾਂਤੀ ਲਈ ਇਜ਼ਰਾਈਲ 'ਤੇ ਦਬਾਅ ਪਾਉਣ ਦੀ ਜ਼ਰੂਰਤ ਹੈ ਕਿਉਂਕਿ ਉਹ ਇਨਕਾਰ ਕਰ ਰਹੇ ਹਨ। ਫਲਸਤੀਨੀ ਰਾਜਦੂਤ ਨੇ ਕਿਹਾ ਅਸੀਂ ਸ਼ਾਂਤੀ ਚਾਹੁੰਦੇ ਹਾਂ, ਅਸੀਂ ਦੁਨੀਆ ਦੇ ਕਿਸੇ ਵੀ ਸ਼ਾਂਤੀ ਪ੍ਰੇਮੀ ਵਾਂਗ ਰਹਿਣਾ ਚਾਹੁੰਦੇ ਹਾਂ, ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਆਪਣੇ ਵਤਨ 'ਚ ਖੁੱਲ੍ਹ ਕੇ ਖੇਡਣ। ਆਓ ਇਸ ਜੰਗ ਨੂੰ ਖਤਮ ਕਰੀਏ। ਸਾਨੂੰ ਸਵੈ-ਨਿਰਣੇ ਤੇ ਸ਼ਾਂਤੀ ਦਾ ਅਧਿਕਾਰ ਹੈ। ਅਦਨਾਨ ਅਬੂ ਅਲਹਾਇਜਾ ਨੇ ਪਿਛਲੇ ਮਹੀਨੇ ਕਾਂਗਰਸ, ਰਾਸ਼ਟਰੀ ਜਨਤਾ ਦਲ (ਆਰਜੇਡੀ), ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ), ਜਨਤਾ ਦਲ (ਯੂਨਾਈਟਿਡ) ਤੇ ਹੋਰ ਪਾਰਟੀਆਂ ਸਮੇਤ ਭਾਰਤ ਦੀਆਂ ਕਈ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ।



# ਭਾਰਤੀ ਕ੍ਰਿਕਟ ਟੀ ਦੀਆਂ ਲਗਾਤਾਰ ਜਿੱਤਾਂ ਦਾ ਸਿਲਸਿਲਾ ਜਾਰੀ, ਫਾਈਨਲ ਮੁਕਾਬਲਾ 19 ਨੂੰ

## ਭਾਰਤ ਚੌਥੀ ਵਾਰ ਫਾਈਨਲ 'ਚ ਪਹੁੰਚਿਆ, ਭਾਰਤ ਵਿਸ਼ਵ ਚੈਂਪੀਅਨ ਬਣਨ ਤੋਂ ਇਕ ਕਦਮ ਦੂਰ



ਮੁੰਬਈ (ਬਿਊਰੋ)- ਭਾਰਤੀ ਕ੍ਰਿਕਟਰ ਵਿਰਾਟ ਕੋਹਲੀ (117) ਦੇ ਰਿਕਾਰਡ 50ਵੇਂ ਸੈਂਕੜੇ, ਸ਼੍ਰੇਅਸ ਅੱਈਅਰ (105) ਤੇ ਸ਼ੁਭਮਨ ਗਿੱਲ (ਨੌਟ-ਆਊਟ 80) ਦੀ ਸ਼ਾਨਦਾਰ ਬੱਲੇਬਾਜ਼ੀ ਤੇ ਮੁਹੰਮਦ ਸ਼ਮੀ ਵੱਲੋਂ 57 ਦੌੜਾਂ ਬਦਲੇ ਲਈਆਂ ਸੱਤ ਵਿਕਟਾਂ ਦੀ ਬਦੌਲਤ ਮੇਜ਼ਬਾਨ ਭਾਰਤ ਅੱਜ ਇਥੇ ਆਈਸੀਸੀ ਕ੍ਰਿਕਟ ਵਿਸ਼ਵ ਕੱਪ ਦੇ ਪਹਿਲੇ ਸੈਮੀਫਾਈਨਲ ਵਿਚ ਨਿਊਜ਼ੀਲੈਂਡ ਨੂੰ 70 ਦੌੜਾਂ ਨਾਲ ਹਰਾ ਕੇ ਫਾਈਨਲ ਵਿੱਚ ਪਹੁੰਚ ਗਿਆ। ਇਸ ਟੂਰਨਾਮੈਂਟ ਵਿਚ ਭਾਰਤ ਦੀ ਇਹ ਲਗਾਤਾਰ ਦਸਵੀਂ ਜਿੱਤ ਹੈ।

ਭਾਰਤ ਚੌਥੀ ਵਾਰ ਵਿਸ਼ਵ ਕੱਪ ਦੇ ਫਾਈਨਲ ਵਿੱਚ ਪੁੱਜਾ ਹੈ। ਇਸ ਤੋਂ ਪਹਿਲਾਂ ਭਾਰਤ 1987, 1996, 2015 ਤੇ 2019 ਵਿੱਚ ਸੈਮੀਫਾਈਨਲ ਤੋਂ ਅੱਗੇ ਵਧਣ ਵਿੱਚ ਨਾਕਾਮ ਰਿਹਾ ਸੀ। ਭਾਰਤ ਨੇ ਅੱਜ ਦੀ ਜਿੱਤ ਨਾਲ ਚਾਰ ਸਾਲ ਪਹਿਲਾਂ ਮਾਨਚੈਸਟਰ ਵਿੱਚ ਨਿਊਜ਼ੀਲੈਂਡ ਹੱਥੋਂ ਸੈਮੀਫਾਈਨਲ ਵਿੱਚ ਮਿਲੀ ਹਾਰ ਦਾ ਬਦਲਾ ਵੀ ਲੈ ਲਿਆ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਟੀਮ ਨੂੰ ਜਿੱਤ ਲਈ ਵਧਾਈ ਦਿੱਤੀ ਹੈ। ਭਾਰਤ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 50 ਓਵਰਾਂ ਵਿੱਚ ਚਾਰ ਵਿਕਟਾਂ ਦੇ ਨੁਕਸਾਨ ਨਾਲ 397 ਦੌੜਾਂ ਬਣਾਈਆਂ ਤੇ ਨਾਕਆਊਟ ਗੇੜ ਵਿੱਚ ਸਭ ਤੋਂ ਵੱਡੇ ਸਕੋਰ ਦਾ ਰਿਕਾਰਡ ਆਪਣੇ ਨਾਮ ਕੀਤਾ। ਟੀਚੇ ਦਾ ਪਿੱਛਾ ਕਰਦਿਆਂ ਨਿਊਜ਼ੀਲੈਂਡ ਦੀ ਪੂਰੀ ਟੀਮ 48।5 ਓਵਰਾਂ ਵਿੱਚ 327 ਦੌੜਾਂ 'ਤੇ ਢੇਰ ਹੋ ਗਈ। ਨਿਊਜ਼ੀਲੈਂਡ ਲਈ ਡੈਰਿਲ ਮਿਸ਼ੇਲ 134 ਦੌੜਾਂ ਨਾਲ ਟੌਪ ਸਕੋਰਰ ਰਿਹਾ। ਕਪਤਾਨ ਕੇਨ ਵਿਲੀਅਮਸਨ ਨੇ 69 ਤੇ ਗਲੈਨ ਫਿਲਿਪ ਨੇ 41 ਦੌੜਾਂ ਦੀ ਪਾਰੀ ਖੇਡੀ। ਅਹਿਮਦਾਬਾਦ ਵਿੱਚ ਐਤਵਾਰ ਨੂੰ ਖੇਡੇ ਜਾਣ ਵਾਲੇ ਖਿਤਾਬੀ ਮੁਕਾਬਲੇ ਵਿੱਚ ਭਾਰਤ ਦਾ ਟਾਕਰਾ ਆਸਟਰੇਲੀਆ ਤੇ ਦੱਖਣੀ ਅਫ਼ਰੀਕਾ ਵਿਚਾਲੇ ਭਲਕੇ ਕੋਲਕਾਤਾ ਦੇ ਈਡਨ ਗਾਰਡਨ ਮੈਦਾਨ ਵਿੱਚ ਖੇਡੇ ਜਾਣ ਵਾਲੇ ਦੂਜੇ ਸੈਮੀਫਾਈਨਲ ਦੇ ਜੇਤੂ ਨਾਲ ਹੋਵੇਗਾ। ਦੋ ਵਾਰ ਚੈਂਪੀਅਨ ਰਿਹਾ ਭਾਰਤ ਇਸ ਤੋਂ ਪਹਿਲਾਂ 1983, 2003 ਤੇ 2011 ਵਿੱਚ ਫਾਈਨਲ ਵਿੱਚ ਪਹੁੰਚਿਆ ਸੀ। ਭਾਰਤ ਲਈ ਕੋਹਲੀ ਨੇ 113 ਗੇਂਦਾਂ 'ਤੇ 117 ਦੌੜਾਂ ਜਦੋਂਕਿ ਸ਼੍ਰੇਅਸ ਅੱਈਅਰ ਨੇ 70 ਗੇਂਦਾਂ 'ਤੇ 105 ਦੌੜਾਂ ਬਣਾਈਆਂ। ਕਪਤਾਨ ਰੋਹਿਤ ਸ਼ਰਮਾ ਨੇ 29 ਗੇਂਦਾਂ 'ਤੇ 47 ਦੌੜਾਂ ਦੀ ਤੇਜ਼ਤਰਾਰ ਪਾਰੀ ਖੇਡ ਕੇ ਟੀਮ ਨੂੰ ਮਜ਼ਬੂਤ ਸ਼ੁਰੂਆਤ ਦਿੱਤੀ। ਇਸ ਦੌਰਾਨ ਰਿਟਾਇਰਡ ਹਰਟ ਹੋਣ ਵਾਲੇ ਸ਼ੁਭਮਨ ਗਿੱਲ ਨੇ ਅੰਤਿਮ ਓਵਰ ਵਿਚ ਵਾਪਸੀ ਕੀਤੀ ਤੇ 66 ਗੇਂਦਾਂ ਵਿੱਚ 80 ਦੌੜਾਂ ਦੀ ਪਾਰੀ ਖੇਡੀ। ਕੇ।ਐੱਲ।ਰਾਹੁਲ 20 ਗੇਂਦਾਂ 'ਤੇ 39 ਦੌੜਾਂ ਬਣਾ ਕੇ ਨਾਬਾਦ ਰਿਹਾ। ਉਧਰ ਨਿਊਜ਼ੀਲੈਂਡ ਜਿਸ ਨੇ ਇਕ ਸਮੇਂ 39 ਦੌੜਾਂ ਦੇ ਸਕੋਰ 'ਤੇ 2 ਵਿਕਟਾਂ ਗਵਾ ਲਈਆਂ ਸਨ, ਪਰ ਫਿਰ ਡੈਰਿਲ ਮਿਸ਼ੇਲ (119 ਗੇਂਦਾਂ 'ਤੇ 134) ਤੇ ਕਪਤਾਨ ਕੇਨ ਵਿਲੀਅਮਸਨ (73 ਗੇਂਦਾਂ 'ਤੇ 69 ਦੌੜਾਂ) ਨੇ ਤੀਜੇ ਵਿਕਟ ਲਈ 181 ਦੌੜਾਂ ਦੀ ਭਾਈਵਾਲੀ ਕੀਤੀ। ਮਿਚੇਲ ਨੇ ਆਪਣੀ ਪਾਰੀ ਵਿਚ ਨੌਂ ਚੌਕੇ ਤੇ ਸੱਤ ਛੱਕੇ ਲਗਾਏ। ਸ਼ਮੀ ਨੇ ਆਪਣੇ ਕਰੀਅਰ ਦਾ ਸਰਵੋਤਮ ਪ੍ਰਦਰਸ਼ਨ ਕਰਦੇ ਹੋਏ 57 ਦੌੜਾਂ ਬਦਲੇ ਸੱਤ ਵਿਕਟ ਲੈ ਕੇ ਭਾਰਤ ਲਈ ਨਵਾਂ ਰਿਕਾਰਡ ਬਣਾਇਆ। ਉਂਜ ਇਹ ਪਹਿਲਾ ਮੌਕਾ ਹੈ ਜਦੋਂਕਿ ਭਾਰਤ ਦੇ ਕਿਸੇ ਗੇਂਦਬਾਜ਼ ਨੇ ਇਕ ਰੋਜ਼ਾ ਮੈਚ ਵਿੱਚ ਸੱਤ ਵਿਕਟ ਲਏ।

ਵੀਰਵਾਰ ਨੂੰ ਹੋਣ ਵਾਲੇ ਦੂਜੇ ਸੈਮੀਫਾਈਨਲ ਵਿੱਚ ਦੱਖਣੀ ਅਫਰੀਕਾ ਤੇ ਪੰਜ ਵਾਰ ਦਾ ਚੈਂਪੀਅਨ ਆਸਟਰੇਲੀਆ ਆਹਮੋ-ਸਾਹਮਣੇ ਹੋਣਗੇ। ਇਸ ਦੌਰਾਨ ਦੱਖਣੀ ਅਫਰੀਕਾ ਆਪਣੇ 'ਤੇ ਲੱਗੇ 'ਚੌਕਰਜ਼' (ਵੱਡੇ ਮੈਚਾਂ ਵਿੱਚ ਦਬਾਅ ਹੇਠ ਆ ਕੇ ਗੋਡੇ ਟੇਕਣ ਵਾਲੇ) ਦੇ ਠੱਪੇ ਨੂੰ ਹਟਾਉਣਾ ਚਾਹੇਗੀ ਜਦਕਿ ਵੱਡੇ ਮੁਕਾਬਲੇ ਜਿੱਤਣ ਦੀ ਆਦੀ ਆਸਟਰੇਲੀਆ ਦੀ ਟੀਮ ਇੱਕ ਵਾਰ ਫਿਰ ਉਸ ਦੇ ਜ਼ਖ਼ਮਾਂ 'ਤੇ ਲੂਣ ਛਿੜਕਣਾ ਚਾਹੇਗੀ।


















# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355





## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਨਵੰਬਰ - ਦਸੰਬਰ ਮਹੀਨੇ ਦੇ ਪ੍ਰੋਗਰਾਮ

**November 19, 2023**
**Barsi of Giani Gurnam Singh Rasila ji**

In sweet memory of their father Giani Gurnam Singh Rasila ji, Bhai Sukhdev Singh, Bhai Gurtej Singh, Bhai Tarsem Singh and family will host Sehaj Path and Langar Sewa. Bhog will be on Sunday morning November 19, 2023. He was a very humble and dedicated Sevadar of this Gurughar. We will miss him. May Guru Sahib bless Giani Gurnam Singh Rasila ji's soul and keep Rasila family in Chardikala.

**December 1-2-3, 2023**
**Sri Guru Nanak Dev Ji's "Parkash Utsav"**
**Nanak aaya, Nanak aaya, Kal taaran Guru Nanak aaya**

Sri Guru Nanak Dev Ji's Parkash Utsav will be celebrated at Gurughar on December 3, 2023. Akhand path will start on Friday 12/01/23, at 10:00 AM and will conclude with Bhog ceremony on Sunday morning 12/03/2023. Sudhir family of Phagwara will be hosting the Akhand Path and Langar Sewa. Gurughar Jatha of Bhai Balwinder Singh ji and Jatha of Bhai Suveg Singh ji from San Jose will delight Sangat with Shabad Kirtan. Sudhir family is requesting Sangat to come and get Guru Sahib's blessings. May Baba ji keep Sudhir Family in Chardi Kala.

**Nishan Sahib Chola Sewa ( Hoisting of NISHAN SAHIB)**

Sudhir family will be doing the Nishan Sahib Chola Sewa on December 2, 2023 (Saturday) at 11:00 AM.

**For STALLS or any SEWA, please contact President Vinod Kumar at (408) 718-2506 or Chairman Ramesh Suman at (925) 366.3618.**

**December 31, 2023**
**Akhand Path Sewa by Bains Family**

Bains family will host Akhand path and Langar Sewa. Akhand Path will start on Friday, December 29, 2023 at 10:00 AM and will conclude with Bhog ceremony on Sunday morning December, 31, 2023. May Guru Sahib keep Bains family in Chardikala.

**December 31, 2023**
**Rain Sabai New Year's Celebration**

We will be celebrating New Year's Eve at Gurughar in welcoming the New Year 2024. Let us start the New Year with a prayer for love, happiness and prosperity of our Sangat.

**"NANAK NAM CHARDI KALA TERE BHANE SARBAT DA BHALA"**

We are planning to have another health camp in December in our Gurughar. There is a group of Nurses and Doctors who have been coming to Gurdwara Sahib for this Sewa. I would be nice to see some medical professionals from our local community join that day. Please let me know if you are available for this SEWA..

## Sangat Sewadars


www.sriguru•ravidasstemple.com

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita K Singh |
| (925) 366 3618 | (408) 718-2506 | (415) 424 9860 | (415) 233-3319 |


# ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗਦਰੀ ਸਾਥੀਆਂ ਦਾ ਸ਼ਹੀਦੀ ਦਿਵਸ ਸਾਨਫਰਾਂਸਿਸਕੋ ਵਿਖੇ ਮਨਾਇਆ ਗਿਆ

















***Left to righ- Tarlok Johal. Amrik Khadalia. Raghbir Ahrwan. Makhan Basi. Kulwant Singh Gill and others.***

**ਅਦਾਰਾ 'ਦੇਸ਼ ਦੁਆਬਾ' ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗਦਰ ਬਾਬਿਆਂ ਦੇ ਸ਼ਹੀਦੀ ਦਿਹਾੜੇ ਮੌਕੇ ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦਾ ਹੈ।**

**ਸਾਨਫਰਾਂਸਿਸਕੋ–** ਅੱਜ ਇੱਥੇ ਅਮਰੀਕਾ ਵਿਖੇ ਗਦਰ ਪਾਰਟੀ ਦੇ ਹੈਡ ਕੁਆਰਟਰ 'ਯੁੱਗਾਂਤਰ ਆਸ਼ਰਮ' ਵਿਖੇ ਸ਼ਹੀਦੇ-ਏ-ਆਜ਼ਮ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ ਗਦਰੀ ਸਾਥੀਆਂ ਦਾ ਸ਼ਹੀਦੀ ਦਿਵਸ ਮਨਾਇਆ ਗਿਆ। 16 ਨਵੰਬਰ 1915 ਨੂੰ ਅੰਗਰੇਜ਼ ਹਕੂਮਤ ਨੇ ਇਕ ਅਦਾਲਤੀ ਫੈਸਲੇ ਰਾਹੀਂ 24 ਵਿਚੋਂ 17 ਗਦਰੀ ਦੇਸ਼ ਭਗਤਾਂ ਦੀ ਫਾਂਸੀ ਦੀ ਸਜ਼ਾ ਨੂੰ ਕਾਲੇਪਾਣੀ, ਉਮਰ ਕੈਦ ਦੀ ਸਜ਼ਾ ਵਿਚ ਬਦਲ ਦਿੱਤਾ, ਜਿਹਨਾਂ ਵਿਚ ਬਾਬਾ ਸੋਹਣ ਸਿੰਘ ਭਕਨਾ ਵੀ ਇਕ ਸਨ। ਪਰ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਛੇ ਹੋਰ ਗਦਰੀ ਬਾਬਿਆਂ ਨੂੰ 17 ਨਵੰਬਰ, 1915 ਨੂੰ ਕੇਂਦਰੀ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ। ਇਹਨਾਂ ਸ਼ਹੀਦ ਸਾਥੀਆਂ ਵਿਚ ਚਾਰ ਮੁੱਖ ਇਨਕਲਾਬੀ ਆਗੂ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ, ਸ਼ਹੀਦ ਹਰਨਾਮ ਸਿੰਘ (ਸਿਆਲਕੋਟ) ਅਤੇ ਸ਼ਹੀਦ ਜਗਤ ਸਿੰਘ (ਸੁਰ ਸਿੰਘ ਵਾਲਾ) ਸਮੇਤ ਤਿੰਨ ਗਿੱਲਵਾਲੀਏ (ਅੰਮ੍ਰਿਤਸਰ), ਸਥਾਨਕ ਮਦਦਗਾਰ ਸ਼ਹੀਦ ਬਖਸ਼ੀਸ਼ ਸਿੰਘ, ਸ਼ਹੀਦ ਸੁਰੈਣ ਸਿੰਘ ਪੁੱਤਰ ਸ. ਬੂੜ ਸਿੰਘ, ਸ਼ਹੀਦ ਸੁਰੈਣ ਸਿੰਘ ਪੁੱਤਰ ਸ. ਈਸ਼ਰ ਸਿੰਘ ਸਮੇਤ 7 ਦੇਸ਼ ਭਗਤਾਂ ਨੂੰ ਫਾਂਸੀ ਦੇ ਦਿੱਤੀ ਗਈ।

ਇਸ ਸ਼ਹੀਦੀ ਸਮਾਰੋਹ ਵਿਚ ਜਿੱਥੇ ਇਨ੍ਹਾਂ ਸ਼ਹੀਦਾਂ ਦੀ ਯਾਦ ਅਤੇ ਕੁਰਬਾਨੀ ਨੂੰ ਤਾਜ਼ਾ ਕੀਤਾ ਗਿਆ, ਉਥੇ ਇਹ ਵੀ ਦੱਸਿਆ ਗਿਆ ਕਿ ਅੱਜ ਅਮਰੀਕਾ ਵਿਚ ਵੱਸਦੇ ਭਾਰਤੀ ਅਤੇ ਏਸ਼ੀਆਈ ਮੂਲ ਦੇ ਲੋਕ ਜੋ ਅਮਰੀਕੀ ਨਾਗਰਿਕਤਾ ਅਤੇ ਸਹੂਲਤਾਂ ਦਾ ਆਨੰਦ ਮਾਣ ਰਹੇ ਹਨ, ਇਹ ਸਭ ਉਹਨਾਂ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਅਤੇ ਘਾਲਣਾਵਾਂ ਦਾ ਹੀ ਸਿੱਟਾ ਹੈ। ਇਸ ਲਈ ਅੱਜ ਸਾਨੂੰ ਆਪਣੇ ਬੱਚਿਆਂ ਨੂੰ ਇਹ ਜਾਣਕਾਰੀ ਦੇਣ ਦੀ ਬਹੁਤ ਲੋੜ ਹੈ।

ਸ਼ਹੀਦੀ ਦਿਵਸ ਵਿਚ ਗਦਰ ਪਾਰਟੀ ਦੇ ਮੰਤਵਾਂ ਅਤੇ ਨਿਸ਼ਾਨਿਆਂ 'ਤੇ ਵੀ ਵਿਸਥਾਰ ਪੂਰਵਕ ਚਰਚਾ ਕੀਤੀ ਗਈ। ਚਰਚਾ ਵਿਚ ਮਹਿਸੂਸ ਕੀਤਾ ਗਿਆ ਕਿ ਅੱਜ ਵੀ ਸਮੁੱਚੀ ਦੁਨੀਆਂ ਵਿਚ ਗਦਰੀ ਬਾਬਿਆਂ ਦੇ ਨਿਸ਼ਾਨੇ ਦੀ ਪ੍ਰਾਪਤੀ ਅਧੂਰੀ ਹੈ। ਲੋਕਾਂ ਨੂੰ ਅਪੀਲ ਕੀਤੀ ਗਈ ਕਿ ਗਦਰ ਸੂਰਬੀਰਾਂ ਨੂੰ ਅਸਲ ਸ਼ਰਧਾਂਜਲੀ ਇਹ ਹੀ ਹੋਵੇਗੀ ਕਿ ਸਮੁੱਚੇ ਸੰਸਾਰ ਦੇ ਕਿਸੇ ਵੀ ਖਿੱਤੇ ਵਿਚ ਆਜ਼ਾਦੀ ਅਤੇ ਸਮਾਨਤਾ ਲਈ ਸੰਘਰਸ਼ ਕਰਦੇ ਲੋਕਾਂ ਨਾਲ ਭਾਈਚਾਰਾ ਕਾਇਮ ਕੀਤਾ ਜਾਵੇ। ਸੰਘਰਸ਼ਸ਼ੀਲ ਲੋਕਾਂ ਦਾ ਸਾਥ ਆਪਣਾ ਫਰਜ਼ ਸਮਝ ਕੇ ਦਿੱਤਾ ਜਾਵੇ। ਅੱਜ ਲੋੜ ਹੈ ਕਿ ਫਲਸਤੀਨ ਦੀ ਆਜ਼ਾਦੀ ਦੇ ਸੰਘਰਸ਼ ਅਤੇ ਆਜ਼ਾਦ ਫਲਸਤੀਨ ਦੇਸ਼ ਦੀ ਹੋਂਦ ਦੀ ਸਥਾਪਤੀ ਲਈ ਇੱਕਜੁਟਤਾ ਨਾਲ ਸਮਰਥਨ ਦਿੱਤਾ ਜਾਵੇ। ਆਪਣੇ ਆਪਣੇ ਦੇਸ਼ ਦੀਆਂ ਸਰਕਾਰਾਂ ਨੂੰ ਫਲਸਤੀਨ ਦੇ ਲੋਕਾਂ ਦੀ ਹਮਾਇਤ ਕਰਨ ਲਈ ਮਜਬੂਰ ਕੀਤਾ ਜਾਵੇ। ਗਦਰੀ ਬਾਬਿਆਂ ਵੱਲੋਂ ਅਪਣਾਏ ਮਾਨਵਤਾ ਦੇ ਅਸੂਲ ਅਨੁਸਾਰ ਰੰਗ, ਨਸਲ, ਜਾਤ, ਬੋਲੀ ਅਤੇ ਧਾਰਮਿਕ ਫਿਰਕਾਪ੍ਰਸਤੀ ਤੋਂ ਉਪਰ ਉਠ ਕੇ ਜੰਗਬੰਦੀ ਲਈ ਯਤਨ ਕੀਤੇ ਜਾਣ।


ਸ਼ਹੀਦੀ ਦਿਵਸ ਨੂੰ ਵੱਖ ਵੱਖ ਬੁਲਾਰਿਆਂ ਸਰਵਸ੍ਰੀ ਸੁਰਿੰਦਰ ਸਿੰਘ ਮੰਢਾਲੀ, ਭਾਰਤ ਸਰਕਾਰ ਦੇ ਨੁਮਾਇੰਦੇ ਕਾਂਸਲੇਟ ਜਨਰਲ ਡਾ. ਸਰੀਕਰ ਰੈਡੀ, ਕੁਲਵੰਤ ਸਿੰਘ ਗਿੱਲ, ਹਰਜਿੰਦਰ ਸਿੰਘ ਕੰਗ, ਡਾ. ਦਲਜੀਤ ਸਿੰਘ, ਮਲਕੀਤ ਸਿੰਘ ਕਿੰਗਰਾ, ਹਰਿੰਦਰ ਕੌਰ, ਜਸਵੰਤ ਸਿੰਘ ਸਫਰ, ਡਾ. ਅਰਜਨ ਸਿੰਘ ਜੋਸ਼ਨ, ਸੰਤੋਖ ਸਿੰਘ ਮਿਨਹਾਸ ਆਦਿ ਨੇ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਹਰਜਿੰਦਰ ਸਿੰਘ ਢੇਸੀ ਨੇ ਨਿਭਾਈ।

ਸਮਾਰੋਹ ਦਾ ਪ੍ਰਬੰਧ ਕਾਂਸਲੇਟ ਜਨਰਲ ਭਾਰਤ ਸਰਕਾਰ ਸਾਨਫਰਾਂਸਿਸਕੋ, ਗਦਰ ਹੈਰੀਟੇਜ ਫਾਊਂਡੇਸ਼ਨ ਕੈਲੇਫੋਰਨੀਆ, ਇੰਡੀਅਨ ਐਜੂਕੇਸ਼ਨ ਐਂਡ ਕਲਚਰਲ ਆਰਗੇਨਾਈਜੇਸ਼ਨ ਆਦਿ ਨੇ ਕੀਤਾ ਅਤੇ ਸਮਾਰੋਹ ਵਿਚ ਸਹਿਯੋਗ ਦਿੱਤਾ।

ਅੱਜ ਦੇ ਇਸ ਸਮਾਗਮ ਦੌਰਾਨ ਸ. ਦਲਜੀਤ ਸਿੰਘ (ਅਮਰ ਗਰੌਸਰੀ, ਫੇਅਰਫੀਲਡ) ਵੱਲੋਂ ਲੰਗਰ ਦੀ ਸੇਵਾ ਅਤੇ ਸ. ਸੁਖਦੇਵ ਸਿੰਘ ਗਰੇਵਾਲ (ਗੋਲਡਨ ਗੇਟ ਪੀਜ਼ਾ) ਵੱਲੋਂ ਪੀਜ਼ੇ ਦਾ ਲੰਗਰ ਲਗਾਇਆ। ਇਹਨਾਂ ਤੋਂ ਇਲਾਵਾ ਇੰਡੋ-ਅਮੈਰਿਕਨ ਹੈਰੀਟੇਜ਼ ਫੋਰਮ, ਫਰਿਜ਼ਨੋ ਅਤੇ ਇੰਡੋ-ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ ਆਫ ਬੇ-ਏਰੀਆ ਦੇ ਮੈਂਬਰਾਨ ਨੇ ਭਰਵੀਂ ਸ਼ਮੂਲੀਅਤ ਕੀਤੀ।

**(ਰਿਪੋਰਟ- ਮਾਸਟਰ ਕੁਲਵੰਤ ਸਿੰਘ ਗਿੱਲ)**

# ਗੁਰਬਖਸ਼ ਸਿੱਧੂ ਨੇ ਇੱਕ ਵਾਰ ਫੇਰ ਚਮਕਾਇਆ ਪੰਜਾਬੀਆ ਦਾ ਨਾਮ



**ਮੈਕਸੀਕੋ (ਜੁਆਰੇਜ਼) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਫਰਿਜਨੋ ਨਿਵਾਸੀ ਐਥਲੀਟ ਅਕਸਰ ਐਥਲੈਟਿਕਸ ਮੀਟ ਵਿੱਚ ਹਿੱਸਾ ਲੈਕੇ ਸੀਨੀਅਰ ਖੇਡਾਂ ਵਿੱਚ ਪੰਜਾਬੀਅਤ ਦਾ ਝੰਡਾ ਬੁਲੰਦ ਕਰਦਾ ਰਹਿੰਦਾ ਹੈ। ਇਸ ਵਾਰ ਗੁਰਬਖ਼ਸ਼ ਸਿੰਘ ਸਿੱਧੂ ਨੇ ਸਿਉਡਾਡ, ਜੁਆਰੇਜ਼ ਮੈਕਸੀਕੋ ਵਿੱਚ ਉੱਤਰੀ ਮੱਧ ਅਮਰੀਕਾ ਅਤੇ ਕੈਰੇਬੀਅਨ ਦੇਸ਼ਾਂ ਦੀ ਆਊਟਡੋਰ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ। 9 ਤੋਂ 12 ਨਵੰਬਰ ਤੱਕ ਚੱਲੀ ਇਸ ਮੀਟਿੰਗ ਵਿੱਚ 31 ਦੇਸ਼ਾਂ ਨੇ ਹਿੱਸਾ ਲਿਆ। ਅਮਰੀਕਾ ਭਰ ਤੋਂ 31 ਅਥਲੀਟਾਂ ਪੁਰਸ਼ ਅਤੇ ਔਰਤਾਂ ਨੇ ਭਾਗ ਲਿਆ। ਸਿੱਧੂ ਨੇ ਫਰਿਜ਼ਨੋ ਤੋਂ ਟੀਮ ਯੂਐਸਏ ਦੀ ਨੁਮਾਇੰਦਗੀ ਵੀ ਕੀਤੀ। ਉਸਨੇ ਹੈਮਰ ਥਰੋਅ ਅਤੇ ਵੇਟ ਥਰੋਅ ਵਿੱਚ ਗੋਲਡ ਮੈਡਲ ਜਿੱਤਿਆ। ਸਿੱਧੂ ਨੇ ਡਿਸਕਸ ਥਰੋਅ ਵਿੱਚ ਵੀ ਚਾਂਦੀ ਦਾ ਤਗਮਾ ਜਿੱਤਿਆ। ਸਿੱਧੂ ਨੇ ਫਰਿਜ਼ਨੋ, ਕੈਲੀਫੋਰਨੀਆ ਤੋਂ ਟੀਮ ਯੂਐਸਏ ਦੀ ਨੁਮਾਇੰਦਗੀ ਕਰਦਿਆਂ ਕੁੱਲ 3 ਤਗਮੇ ਜਿੱਤੇ ਹਨ। ਟੀਮੂ ਂਓ ਨੇ 18 ਸੋਨੇ ਦੇ ਤਗਮੇ, 15 ਚਾਂਦੀ ਦੇ ਤਗਮੇ ਅਤੇ 11 ਕਾਂਸੀ ਦੇ ਤਗਮੇ ਜਿੱਤੇ। ਅਮਰੀਕਾ ਦੀ ਕੁੱਲ ਟੀਮ ਨੇ 44 ਤਗਮੇ ਜਿੱਤੇ।

ਸਿੱਧੂ ਨੇ ਪੱਤਰਕਾਰਾਂ ਨਾਲ ਕਰਦਿੰਆ ਕਿਹਾ ਕਿ ਉਹ 68 ਸਾਲ ਦੀ ਉਮਰ ਵਿੱਚ ਵੀ ਫਿੱਟ ਮਹਿਸੂਸ ਕਰਦੇ ਹਨ, ਅਤੇ ਪਿਛਲੇ ਲੰਮੇ ਸਮੇਂ ਤੋਂ ਫਰਿਜਨੋ ਵਿਖੇ ਰਹਿਕੇ ਸੀਨੀਅਰ ਖੇਡਾਂ ਵਿੱਚ ਲਗਾਤਾਰ ਭਾਗ ਲੈ ਰਹੇ ਹਨ। ਉਹਨਾਂ ਕਿਹਾ ਕਿ ਮੈਨੂੰ ਇਹਨਾਂ ਸਾਰੇ ਮੁਕਾਬਲਿਆਂ ਵਿੱਚ ਫਰਿਜ਼ਨੋ ਦੀ ਨੁਮਾਇੰਦਗੀ ਕਰਕੇ ਮਾਣ ਮਹਿਸੂਸ ਹੋ ਰਿਹਾ ਹੈ।

# ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ:) ਵੱਲੋਂ ਸਾਹਿਤਕ ਅਤੇ ਸੱਭਿਆਚਾਰਕ ਸਮਾਗਮ ਕਰਵਾਇਆ




**ਸਿਆਟਲ–** ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ:) ਵੱਲੋਂ 19 ਨਵੰਬਰ ਦਿਨ ਐਤਵਾਰ ਨੂੰ ਇੱਕ ਬਹੁਤ ਹੀ ਸ਼ਾਨਦਾਰ ਸਾਹਿਤਕ ਅਤੇ ਸੱਭਿਆਚਰਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਕੋਰੀਐਂਡਰ ਕਰੀ ਹਾਊਸ ਨਾਂ ਦੇ ਰੈਸਟੋਰੈਂਟ ਵਿੱਚ 20934 108 ਐਵਿਨਿਊ ਕੈਂਟ ਵਾਸ਼ਿੰਗਟਨ 98031 ਵਿਖੇ ਇੱਕ ਵਜੇ ਤੋਂ ਚਾਰ ਵਜੇ ਤੱਕ ਹੋਵੇਗਾ। ਲਿਖਾਰੀ ਸਭਾ ਇਸ ਸਮਾਗਮ ਵਿੱਚ ਕੈਲੇਫੋਰਨੀਆ ਵਾਸੀ ਪ੍ਰਸਿੱਧ ਲੇਖਕ ਰਾਠੇਸ਼ਵਰ ਸਿੰਘ ਰਾਠੀ ਦੀ ਲਿਖੀ ਪੁਸਤਕ "ਭਲੇ ਦਿਨ ਆਵਣਗੇ" ਲੋਕ ਅਰਪਣ ਕਰਨ ਦਾ ਮਾਣ ਪ੍ਰਾਪਤ ਕਰੇਗੀ। ਸਭਾ ਦੇ ਪ੍ਰਧਾਨ ਬਲਿਹਾਰ ਲ੍ਹੇਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਸਮਾਗਮ ਕਵਿਤਾ, ਕਹਾਣੀ, ਵਾਰਤਕ ਅਤੇ ਗੀਤ ਸੰਗੀਤ ਦਾ ਸੁਮੇਲ ਹੋਵੇਗਾ। ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲਿਆਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ 206-244-4663 ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਚੇਤਨਾ ਪ੍ਰੀਖਿਆ ਵਿੱਚ ਵੱਧਦਾ ਰੁਝਾਨ ਵਿਗਿਆਨਕ ਵਿਚਾਰਾਂ ਦੇ ਪਸਾਰੇ ਲਈ ਵਧੀਆ ਸੰਕੇਤ

**ਸੰਗਰੂਰ, (ਦਲਜੀਤ ਕੌਰ)–** ਵਿਦਿਆਰਥੀਆਂ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ ਤੋਂ ਮੁਕਤ ਕਰਨ ਦੇ ਮਕਸਦ ਨੂੰ ਲੈਕੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਜਾਂਦੀ ਹੈ। ਐਤਕੀ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸੰਸਾਰ ਪ੍ਰਸਿੱਧ ਜੀਵ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਸੀ।

ਇਸ ਸੰਬੰਧੀ ਤਰਕਸ਼ੀਲ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰ ਪਾਲ, ਸੀਤਾ ਰਾਮ, ਕ੍ਰਿਸ਼ਨ ਸਿੰਘ, ਸਵਰਨਜੀਤ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ, ਗੁਰਦੀਪ ਸਿੰਘ ਲਹਿਰਾ, ਜਸਦੇਵ ਸਿੰਘ, ਪਰਮਿੰਦਰ ਸਿੰਘ, ਕਰਤਾਰ ਸਿੰਘ ਅਤੇ ਪ੍ਰਲਾਦ ਸਿੰਘ ਆਧਾਰਿਤ ਤਰਕਸ਼ੀਲ ਟੀਮ ਨੇ ਨਤੀਜਾ ਘੋਸ਼ਿਤ ਕਰਦਿਆਂ ਦੱਸਿਆ ਕਿ ਸੂਬੇ ਵੱਲੋਂ ਹਰੇਕ ਜਮਾਤ ਦੇ ਪਹਿਲੇ ਤਿੰਨ ਸਥਾਨ ਤੇ ਰਹੇ ਵਿਦਿਆਰਥੀਆਂ ਆਧਾਰਿਤ ਸੂਬਾ ਪੱਧਰੀ ਮੈਰਿਟ ਬਣਾਈ ਹੈ। ਉਨ੍ਹਾਂ ਇਕਾਈ ਦੇ ਹਰੇਕ ਜਮਾਤ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਆਏ ਵਿਦਿਆਰਥੀਆਂ ਬਾਰੇ ਦੱਸਿਆ ਕਿ ਥਲੇਸ ਸਕੂਲ ਦੀ ਛੇਵੀਂ ਜਮਾਤ ਦੀ ਬੱਚੀ ਪ੍ਰਭਜੋਤ ਕੌਰ ਨੇ 60 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਭਵਾਨੀਗੜ੍ਹ ਗਰਲਜ਼ ਸਕੂਲ ਦੀ ਅਵਨੀਤ ਕੌਰ ਨੇ 57 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਬਡਰੁੱਖਾਂ ਦੀ ਤਨਵੀਰ ਕੌਰ ਨੇ 53 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਸੱਤਵੀਂ ਜਮਾਤ ਵਿੱਚ ਸੰਗਤਪੁਰਾ ਸਕੂਲ ਦੇ ਨਿਰਮਲ ਸਿੰਘ ਨੇ 66 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਬਲਿਆਲ ਸਕੂਲ ਦੀ ਹਰਮਨਪ੍ਰੀਤ ਨੇ 64 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਦੱਗਾਂ ਸਕੂਲ ਦੀ ਸਾਹਿਲਪ੍ਰੀਤ ਕੌਰ ਨੇ 62 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਅੱਠਵੀਂ ਜਮਾਤ ਵਿੱਚ ਮਹਿਲਾਂ ਸਕੂਲ ਦੀ ਗਗਨਦੀਪ ਕੌਰ 87 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਲਾ-ਫਾਊਂਡੇਸ਼ਨ ਸਕੂਲ ਸੰਗਰੂਰ ਦੀ ਵੰਸ਼ਕਾ ਨੇ 75 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਮਹਿਲਾਂ ਸਕੂਲ ਦੀ ਮਨਪ੍ਰੀਤ ਕੌਰ ਨੇ 71 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਨੌਵੀਂ ਜਮਾਤ ਵਿੱਚ ਬਚਪਨ ਸਕੂਲ ਦੀ ਕਸ਼ਿਸ਼ ਨੇ 81 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਥਲੇਸ ਸਕੂਲ ਦੀ ਸਿਮਰਨਜੀਤ ਕੌਰ ਨੇ 76 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਥਲੇਸ ਸਕੂਲ ਦੀ ਪ੍ਰਭਜੋਤ ਕੌਰ ਨੇ 75 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਦਸਵੀਂ ਜਮਾਤ ਵਿੱਚ ਮੰਗਵਾਲ ਸਕੂਲ ਅਨਮੋਲਦੀਪ ਕੌਰ ਅਤੇ ਬਾਲੀਆਂ ਸਕੂਲ ਦੇ ਭਰਬਜੋਤ ਦੋਵਾਂ ਵਿਦਿਆਰਥੀਆਂ ਨੇ 83 ਅੰਕ ਪ੍ਰਾਪਤ ਕਰਕੇ ਪਹਿਲੇ ਸਥਾਨ, ਚੂੜਲ ਸਕੂਲ ਦੇ ਸਤਿਗੁਰ ਸਿੰਘ ਨੇ 81 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਗਿਆਰਵੀਂ ਜਮਾਤ ਵਿੱਚ ਮਹਿਲਾਂ ਸਕੂਲ ਦੀ ਤਮੰਨਾ ਬਾਵਾ ਨੇ 76 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਭਲਵਾਨ ਸਕੂਲ ਦੀ ਅਰਸ਼ਦੀਪ ਕੌਰ ਨੇ 75 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਭਵਾਨੀਗੜ੍ਹ ਗਰਲਜ਼ ਸਕੂਲ ਦੀ ਅਨੰਤ ਕੌਰ ਨੇ 69 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਬਾਰਵੀਂ ਜਮਾਤ ਵਿੱਚੋ ਰਾਜ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਦਾ ਵਿਦਿਆਰਥੀ ਚਿਰਾਗ ਸਿੰਗਲਾ ਨੇ 89 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਰਾਜ ਸਕੂਲ ਦਾ ਅਭਿਸ਼ੇਕ ਸਿੰਘ ਨੇ 79 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਬਡਰੁੱਖਾਂ ਸਕੂਲ ਦੀ ਸਗਨਦੀਪ ਕੌਰ ਨੇ 79 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ।



ਆਗੂਆਂ ਦੱਸਿਆ ਕਿ ਇਕਾਈ ਸੰਗਰੂਰ ਦੇ ਗਾਗੇ ਸਕੂਲ ਦੇ ਵਿਦਿਆਰਥੀ ਮਨਪ੍ਰੀਤ ਸਿੰਘ ਨੇ ਨੌਵੀਂ ਜਮਾਤ ਵਿੱਚ 96 % ਅੰਕ ਪ੍ਰਾਪਤ ਕਰਕੇ ਸੂਬੇ ਵਿੱਚ ਦੂਜਾ ਸਥਾਨ, ਇਸੇ ਤਰ੍ਹਾਂ ਲਾ -ਫਾਊਂਡੇਸ਼ਨ ਸਕੂਲ ਸੰਗਰੂਰ ਦੇ ਵਿਦਿਆਰਥੀ ਸਾਹਿਬਜੋਤ ਸਿੰਘ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਸਕੂਲ ਦੀ ਵਿਦਿਆਰਥਣ ਮੁਸਕਾਨ ਨੇ ਅੱਠਵੀਂ ਜਮਾਤ ਵਿੱਚ 89-89 ਅੰਕ ਪ੍ਰਾਪਤ ਕਰਕੇ ਜ਼ੋਨ ਬਰਨਾਲਾ-ਸੰਗਰੂਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਅਮਰੀਕੀ ਸਿੱਖ ਜਗਤੇਸ਼ਵਰ ਸਿੰਘ ਬੈਂਸ ਨੇ 'ਬਿਗ ਬ੍ਰਦਰ 25' ਜਿੱਤ ਕੇ ਰਚਿਆ ਇਤਿਹਾਸ

## ਵਿਸ਼ਵ ਪੱਧਰ ਉੱਤੇ ਸਿੱਖ ਕੌਮ ਦਾ ਨਾਮ ਕੀਤਾ ਰੋਸ਼ਨ

**ਸੈਕਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਮਸ਼ਹੂਰ ਰਿਐਲਿਟੀ ਸ਼ੋਅ 'ਬਿਗ ਬ੍ਰਦਰ' ਦੇ 25ਵੇਂ ਸੀਜ਼ਨ ਦਾ ਖਿਤਾਬ ਜੱਗ ਬੈਂਸ (ਜਗਤੇਸ਼ਵਰ ਸਿੰਘ ਬੈਂਸ) ਨੇ ਜਿੱਤਿਆ ਹੈ। ਇਹ



ਰਿਆਲਿਟੀ ਸ਼ੋਅ ਦੇ ਇਤਿਹਾਸ 'ਚ ਇਹ ਇਹ ਪਹਿਲੀ ਵਾਰ ਹੈ ਕਿ ਕੋਈ ਸਿੱਖ ਪ੍ਰਤੀਯੋਗੀ 'ਬਿੱਗ ਬ੍ਰਦਰ' ਦਾ ਵਿਜੇਤਾ ਬਣਿਆ ਹੈ। ਬਿੱਗ ਬ੍ਰਦਰ ਦੇ ਘਰ 'ਚ 100 ਦਿਨ ਰਹਿ ਕੇ ਜਗਤੇਸ਼ਵਰ ਸਿੰਘ ਬੈਂਸ ਨੇ ਹਰ ਮੁਸ਼ਕਿਲ ਦਾ ਸਾਹਮਣਾ ਕੀਤਾ ਤੇ ਫਾਈਨਲ ਰਾਊਂਡ ਵਿਚ ਮੈਟ ਕਲੋਟਜ਼ ਨੂੰ ਹਰਾ ਕੇ 5-2 ਵੋਟਾਂ ਨਾਲ ਜੇਤੂ ਬਣੇ ਜੱਗ ਨੂੰ ਟਰਾਫੀ ਦੇ ਨਾਲ 7 ਲੱਖ ਡਾਲਰ ਦਾ ਇਨਾਮ ਮਿਲਿਆ ਹੈ। ਬੈਂਸ ਦੇ ਜੇਤੂ ਹੁੰਦਿਆਂ ਹੀ ਸਿੱਖ ਕੌਮ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਇਕ ਪੋਰਟਲ ਨਾਲ ਗੱਲਬਾਤ ਦੌਰਾਨ ਬੈਂਸ ਨੇ ਕਿਹਾ, 'ਮੈਂ ਹਮੇਸ਼ਾ ਇਮਾਨਦਾਰੀ ਨਾਲ ਖੇਡ ਕੇ ਇਸ ਖੇਡ ਨੂੰ ਜਿੱਤਣਾ ਚਾਹੁੰਦਾ ਸੀ। ਮੈਂ ਹਮੇਸ਼ਾ ਉਹੀ ਕੀਤਾ ਜੋ ਮੇਰੇ ਦਿਲ ਨੇ ਕਿਹਾ। ਮੈਂ ਬਹੁਤ ਖੁਸ਼ ਹਾਂ। ਮੈਂ ਬਚਪਨ ਤੋਂ ਹੀ ਬਿੱਗ ਬ੍ਰਦਰ ਦਾ ਪ੍ਰਸ਼ੰਸਕ ਰਿਹਾ ਹਾਂ। ਸ਼ੋਅ 'ਚ ਜਾਣ ਦੀ ਮੇਰੀ ਵੱਡੀ ਇੱਛਾ ਸੀ, ਜੋ ਹੁਣ ਪੂਰੀ ਹੋ ਗਈ ਹੈ। ਇਸ ਸ਼ੋਅ ਵਿਚ ਮੈਂ ਸ਼ਾਬਦਿਕ ਤੌਰ 'ਤੇ ਆਪਣੀ ਜ਼ਿੰਦਗੀ ਲਈ ਲੜ ਰਿਹਾ ਸੀ।

ਹਰ ਵਾਰ ਜਦੋਂ ਮੈਂ ਹਰ ਮੁਕਾਬਲੇ ਵਿੱਚ ਜਾਂਦਾ ਸੀ ਤਾਂ ਮੈਨੂੰ ਪਤਾ ਸੀ ਕਿ ਮੈਨੂੰ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ, ਆਪਣੇ ਸਹਿਯੋਗੀਆਂ ਨੂੰ ਸੁਰੱਖਿਅਤ ਰੱਖਣ ਲਈ, ਅਤੇ ਖੇਡ ਵਿੱਚ ਅੱਗੇ ਵਧਣ ਲਈ ਜਿੱਤਣਾ ਪਏਗਾ। ਅਤੇ ਇਸ ਲਈ ਮੈਂ ਸੋਚਦਾ ਹਾਂ ਕਿ ਸਭ ਕੁਝ ਉਸੇ ਤਰ੍ਹਾਂ ਹੋਇਆ ਜਿਵੇਂ ਸੋਚਿਆ ਸੀ ਜਿਵੇਂ ਕਿ ਮੈਂ ਬੇਦਖਲ ਹੋਣ ਤੋਂ ਬਾਅਦ ਜਿੱਤਣ ਵਾਲਾ ਪਹਿਲਾ ਵਿਅਕਤੀ ਹਾਂ। ਮੈਨੂੰ ਸਭ ਤੋਂ ਵੱਧ ਕੰਪ ਜਿੱਤਾਂ ਪ੍ਰਾਪਤ ਹੋਈਆਂ ਹਨ। ਪਰ, ਹਰ ਪਲ ਮੈਂ ਇਹੀ ਸੋਚਦਾ ਸੀ ਕਿ ਮੈਂ ਇਸ ਹਫ਼ਤੇ ਕਿਵੇਂ ਲੰਘਾਂ? ਅਜਿਹਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ? ਮੈਂ ਇਹ ਮੁਕਾਬਲਾ ਕਿਵੇਂ ਜਿੱਤ ਸਕਦਾ ਹਾਂ? ਮੈਂ ਆਪਣੇ ਲੋਕਾਂ ਦੀ ਰੱਖਿਆ ਕਿਵੇਂ ਕਰਾਂ? ਸੋ ਇਸ ਨੂੰ ਸਹੀ ਤਰੀਕੇ ਨਾਲ ਕਰਦੇ ਹੋਏ ਅੱਜ ਇਹ ਸ਼ੋ ਜਿੱਤ ਲਿਆ ਹੈ। ਦੱਸਣਯੋਗ ਹੈ ਕਿ ਜਗਤੇਸ਼ਵਰ ਸਿੰਘ ਬੈਂਸ 'ਬਿੱਗ ਬ੍ਰਦਰ' 'ਚ ਸ਼ਾਮਲ ਹੋਣ ਵਾਲਾ ਪਹਿਲਾ ਸਿੱਖ ਹੈ। ਸ਼ੋਅ ਵਿਚ ਅਮਰੀਕੀ ਟਰੱਕ ਕਾਰੋਬਾਰੀ ਜਗਤੇਸ਼ਵਰ ਸਿੰਘ ਬੈਂਸ ਤੋਂ ਇਲਾਵਾ ਕਈ ਕਲਾਕਾਰ ਸ਼ਾਮਲ ਸਨ। ਇਹ ਅਮਰੀਕੀ ਰਿਐਲਿਟੀ ਸ਼ੋਅ ਇਸੇ ਨਾਂ ਦੇ ਅਸਲ ਡੱਚ ਰਿਐਲਿਟੀ ਸ਼ੋਅ 'ਤੇ ਆਧਾਰਿਤ ਹੈ, ਜਿਸ ਨੂੰ ਨਿਰਮਾਤਾ ਜੌਨ ਡੀ ਮੋਲ ਵਲੋਂ 1997 'ਚ ਬਣਾਇਆ ਗਿਆ ਸੀ। ਲੜੀ ਦਾ ਨਾਮ ਜਾਰਜ ਓਰਵੇਲ ਦੇ 1949 ਦੇ ਨਾਵਲ 'ਨਾਈਨਟੀਨ ਏਟੀ-ਫੋਰ' ਵਿਚ ਇਕ ਪਾਤਰ ਤੋਂ ਪ੍ਰੇਰਿਤ ਹੈ। ਅਮਰੀਕੀ ਸ਼ੋਅ 5 ਜੁਲਾਈ, 2000 ਨੂੰ ਸੀ.ਬੀ.ਐਸ. 'ਤੇ ਸ਼ੁਰੂ ਕੀਤਾ ਗਿਆ ਸੀ। ਭਾਰਤੀ ਟੀ.ਵੀ; ਸ਼ੋਅ 'ਬਿੱਗ ਬੌਸ' ਵੀ ਇਸੇ ਸ਼ੋਅ 'ਤੇ ਅਧਾਰਤ ਹੈ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਦੋ ਕਾਰਾਂ ਵਿਚਾਲੇ ਹੋਈ ਭਿਆਨਕ ਟੱਕਰ ਵਿੱਚ 8 ਮੌਤਾਂ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੀ ਜ਼ਾਵਾਲਾ ਕਾਊਂਟੀ, ਟੈਕਸਾਸ ਵਿਚ ਦੋ ਕਾਰਾਂ ਵਿਚਾਲੇ ਹੋਈ ਭਿਆਨਕ ਟੱਕਰ ਦੇ ਸਿੱਟੇ ਵਜੋਂ 8 ਮੌਤਾਂ ਹੋਣ ਦੀ ਖਬਰ ਹੈ। ਟੱਕਰ ਏਨੀ ਭਿਆਨਕ ਸੀ ਕਿ ਕਾਰਾਂ ਦੇ ਪਰਖਚੇ ਉਡ ਗਏ ਤੇ ਇਕ ਕਾਰ ਨੂੰ ਅੱਗ ਲੱਗ ਗਈ। ਟੈਕਸਾਸ ਡਿਪਾਰਟਮੈਂਟ ਪਬਲਿਕ ਸੇਫਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸੰਭਾਵੀ ਤੌਰ 'ਤੇ ਇਹ ਹਾਦਸਾ ਮਨੁੱਖੀ ਤਸਕਰੀ ਵਿਚ ਸ਼ਾਮਿਲ ਇਕ ਕਾਰ ਦੇ ਡਰਾਈਵਰ ਵੱਲੋਂ ਪੁਲਿਸ ਅਫਸਰਾਂ ਤੋਂ ਬਚ ਕੇ ਤੇਜ ਰਫਤਾਰ ਨਾਲ ਨਿਕਲ ਜਾਣ ਦੀ ਕੋਸ਼ਿਸ਼ ਦੌਰਾਨ ਵਾਪਰਿਆ ਹੈ। ਹਾਦਸਾ ਦੱਖਣ ਪੱਛਮੀ ਟੈਕਸਾਸ ਵਿਚ ਬੇਟਸਵਿਲੇ ਕਸਬੇ ਨੇੜੇ ਮੈਕਸੀਕੋ ਬਾਰਡਰ ਤੋਂ ਤਕਰੀਬਨ 60 ਮੀਲ ਦੂਰ ਯੂ ਐਸ 57 ਮਾਰਗ ਉਪਰ ਵਾਪਰਿਆ। ਪਬਲਿਕ ਸੇਫਟੀ ਵਿਭਾਗ ਦੇ ਬੁਲਾਰੇ ਕ੍ਰਿਸ ਓਲੀਵਰੇਜ਼ ਅਨੁਸਾਰ ਸ਼ੱਕ ਹੈ ਕਿ ਹਾਂਡਾ ਕਾਰ ਦਾ ਡਰਾਈਵਰ ਮਨੁੱਖੀ ਤਸਕਰੀ ਵਿਚ ਸ਼ਾਮਿਲ ਸੀ ਤੇ ਉਹ ਜਾਵਾਲਾ ਕਾਊਂਟੀ ਦੇ ਪੁਲਿਸ ਅਫਸਰਾਂ ਤੋਂ ਬਚਣ ਦੀ ਕੋਸ਼ਿਸ਼ ਵਿਚ ਸੀ। ਜਦੋਂ ਉਸ ਨੇ ਕਾਰ 'ਨੋ ਪਾਸਿੰਗ ਜ਼ੋਨ' ਵਿਚੋਂ ਭਜਾ ਕੇ ਲਿਜਾਣ ਦਾ ਯਤਨ ਕੀਤਾ ਤਾਂ ਉਸ ਦੀ ਕਾਰ ਸਿੱਧੀ ਇਕ ਹੋਰ ਕਾਰ ਐਸ ਯੂ ਵੀ ਚੇਵਰੋਲੈਟ ਨਾਲ ਟਕਰਾ ਗਈ ਜਿਸ ਦੇ ਸਿੱਟੇ ਵਜੋਂ ਚੇਵਰੋਲੈਟ ਨੂੰ ਅੱਗ ਲੱਗ ਗਈ। ਉਸ ਵਿਚ ਸਵਾਰ ਡਰਾਈਵਰ ਸਮੇਤ ਦੋਨੋ ਵਿਅਕਤੀ ਮਾਰੇ ਗਏ। ਇਹ ਦੋਨੋ ਜਾਰਜੀਆ ਦੇ ਰਹਿਣ ਵਾਲੇ ਸਨ ਜਿਨਾਂ ਦੀ ਪਛਾਣ ਜੋਸ ਲਰਮਾ (67) ਤੇ ਇਸਾਬੇਲ ਲਰਮਾ (65) ਵਜੋਂ ਹੋਈ ਹੈ। ਬੁਲਾਰੇ ਅਨੁਸਾਰ ਹੌਂਡਾ ਕਾਰ ਵਿਚ ਸਵਾਰ ਸ਼ੱਕੀ ਤਸਕਰ ਸਮੇਤ ਸਾਰੇ 6 ਜਣੇ ਵੀ ਦਮ ਤੋੜ ਗਏ ਜੋ ਹੌਂਡਰਸ ਦੇ ਵਸਨੀਕ ਸਨ।

# ਕੈਲੀਫੋਰਨੀਆ ਵਿਚ ਸ਼ੈਰਿਫ ਵਿਭਾਗ ਦੇ ਇਕ ਸਾਬਕਾ ਤੇ 3 ਮੌਜੂਦਾ ਮੁਲਾਜ਼ਮਾਂ ਦੀ ਮੌਤ, ਖੁਦਕੁੱਸ਼ੀ ਦਾ ਸ਼ੱਕੀ ਮਾਮਲਾ


**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕੀ ਦੇ ਕੈਲੀਫੋਰਨੀਆ ਰਾਜ ਵਿਚ ਸ਼ੈਰਿਫ ਵਿਭਾਗ ਦੇ ਇਕ ਸਾਬਕਾ ਤੇ 3 ਮੌਜੂਦਾ ਮੁਲਾਜ਼ਮਾਂ ਦੀ 24 ਘੰਟਿਆਂ ਦੌਰਾਨ ਮੌਤ ਹੋਣ ਦੀ ਖਬਰ ਹੈ। ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਮਾਮਲੇ ਦੀ ਜਾਂਚ ਕਰ ਰਿਹਾ ਹੈ ਹਾਲਾਂ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਹ ਖੁਦਕੁੱਸ਼ੀ ਦਾ ਮਾਮਲਾ ਹੈ। ਸ਼ੈਰਿਫ ਵਿਭਾਗ ਅਨੁਸਾਰ ਪਹਿਲੀ ਮੌਤ ਸਾਲੇਂਸੀਆ, ਕੈਲੀਫੋਰਨੀਆ ਵਿਚ ਬੀਤੇ ਦਿਨ ਸਵੇਰੇ 10.30 ਵਜੇ ਹੋਣ ਦੀ ਸੂਚਨਾ ਮਿਲੀ। ਦੂਸਰੀ ਮੌਤ ਦੁਪਹਿਰ 1 ਵਜੇ ਤੋਂ ਪਹਿਲਾਂ ਲਾਂਕਾਸਟਰ, ਕੈਲੀਫੋਰਨੀਆ ਵਿਚ ਹੋਈ। ਸ਼ੈਰਿਫ ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਤੀਸਰੀ ਮੌਤ ਸ਼ਾਮ 5.40 ਵਜੇ ਸਟੈਵੇਨਸਨ ਰਾਂਚ, ਕੈਲੀਫੋਰਨੀਆ ਵਿਚ ਹੋਣ ਦੀ ਰਿਪੋਰਟ ਮਿਲੀ। ਜਦ ਕਿ ਚੌਥੀ ਮੌਤ 7.30 ਵਜੇ ਸਵੇਰੇ ਪੋਮੋਨਾ, ਕੈਲੀਫੋਰਨੀਆ ਵਿਚ ਹੋਈ। ਸ਼ੈਰਿਫ ਵਿਭਾਗ ਨੇ ਮ੍ਰਿਤਕ ਮੁਲਾਜ਼ਮਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਹਾਲਾਂ ਕਿ ਲਾਸ ਏਂਜਲਸ ਕਾਊਂਟੀ ਡਾਕਟਰੀ ਜਾਂਚ ਵਿਭਾਗ ਨੇ ਮ੍ਰਿਤਕ 3 ਮੁਲਾਜ਼ਮਾਂ ਦੀ ਪਛਾਣ ਕਰ ਲਈ ਹੈ ਜਿਨਾਂ ਦੀ ਮੌਤ ਦਾ ਕਾਰਨ ਖੁਦਕੁੱਸ਼ੀ ਦਸਿਆ ਹੈ।

ਵਿਭਾਗ ਨੇ ਕਿਹਾ ਹੈ ਕਿ ਚੌਥੇ ਮੁਲਾਜ਼ਮ ਦੀ ਪਛਾਣ ਉਪਰੰਤ ਉਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਲਾਸ ਏਂਜਲਸ ਕਾਊਂਟੀ ਸ਼ੈਰਿਫ ਰਾਬਰਟ ਲੂਨਾ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੈਰਿਫ ਵਿਭਾਗ ਦੇ ਮੁਲਾਜ਼ਮਾਂ ਦੀਆਂ ਮੌਤਾਂ ਤੋਂ ਉਹ ਗਹਿਰੇ ਸਦਮੇ ਵਿਚ ਹਨ। ਸਾਰੇ ਵਿਭਾਗ ਵਿਚ ਸੋਗ ਦੀ ਲਹਿਰ ਹੈ।

# ਕੈਲੀਫੋਰਨੀਆ ਵਿਚ ਫਲਸਤੀਨ ਪੱਖੀ ਰੈਲੀ ਦੌਰਾਨ ਹੋਏ ਝਗੜੇ ਵਿੱਚ ਯਹੂਦੀ ਵਿਅਕਤੀ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਦੱਖਣੀ ਕੈਲੀਫੋਰਨੀਆ ਵਿਚ ਹੋਈ ਰੈਲੀ ਦੌਰਾਨ ਇਕ ਫਲਸਤੀਨੀਅਨ ਪੱਖੀ ਪ੍ਰਦਰਸ਼ਨਕਾਰੀ ਨਾਲ ਤਕਰਾਰ ਉਪਰੰਤ ਹੋਏ ਝਗੜੇ ਵਿੱਚ ਇਕ 69 ਸਾਲਾ ਯਹੂਦੀ ਦੀ ਮੌਤ ਹੋਣ ਦੀ ਖਬਰ ਹੈ। ਵੈਨਟੂਰਾ ਕਾਊਂਟੀ ਸ਼ੈਰਿਫ ਨੇ ਕਿਹਾ ਹੈ ਕਿ ਇਸ ਮਾਮਲੇ ਨੂੰ ਸੰਭਾਵੀ ਤੌਰ 'ਤੇ ਨਫਰਤੀ ਅਪਰਾਧ ਵਜੋਂ ਵਿਚਾਰਿਆ ਜਾ ਸਕਦਾ ਹੈ। ਅਧਿਕਾਰੀਆਂ ਅਨੁਸਾਰ ਮ੍ਰਿਤਕ ਵਿਅਕਤੀ ਦੀ ਪਛਾਣ ਪੌਲ ਕੇਸਲਰ ਵਜੋਂ ਹੋਈ ਹੈ ਤੇ ਇਹ ਹੱਤਿਆ ਦਾ ਮਾਮਲਾ ਹੈ। ਸ਼ੈਰਿਫ ਫਰਾਈਹੋਫ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ 50 ਸਾਲਾ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਸੀ ਪਰੰਤੂ ਬਾਅਦ ਵਿਚ ਉਸ ਨੂੰ ਛੱਡ ਦਿੱਤਾ ਗਿਆ ਕਿਉਂਕਿ ਮਾਮਲਾ ਅਜੇ ਜਾਂਚ ਅਧੀਨ ਹੈ। ਮੌਕੇ ਦੇ ਗਵਾਹਾਂ ਅਨੁਸਾਰ ਥਾਊਸੈਂਡ ਓਕਸ ਖੇਤਰ ਵਿਚ ਇਸਰਾਈਲ ਤੇ ਫਲਸਤੀਨ ਪੱਖੀ ਹੋਈਆਂ ਦੋ ਰੈਲੀਆਂ ਦੌਰਾਨ ਕੇਸਲਰ ਇਕ ਫਲਸਤੀਨ ਪੱਖੀ ਪ੍ਰਦਰਸ਼ਨਕਾਰੀ ਨਾਲ ਉਲਝ ਗਿਆ ਜਿਸ ਦੌਰਾਨ ਉਹ ਸਿਰ ਵਿਚ ਸੱਟ ਵੱਜਣ ਕਾਰਨ ਜ਼ਖਮੀ ਹੋ ਗਿਆ। ਫਰਾਈਹੋਫ ਨੇ ਕਿਹਾ ਹੈ ਕਿ ਇਹ ਸਪੱਸ਼ਟ ਹੈ ਕਿ ਦੋਨਾਂ ਵਿਚਾਲੇ ਤਕਰਾਰ ਹੋਈ ਪਰੰਤੂ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਕੇਸਲਰ ਦੀ ਮੌਤ ਸ਼ੱਕੀ ਵਿਅਕਤੀ ਵੱਲੋਂ ਸੱਟ ਮਾਰਨ ਕਾਰਨ ਹੋਈ ਹੈ। ਸ਼ੈਰਿਫ ਨੇ ਆਮ ਲੋਕਾਂ ਜੋ ਮੌਕੇ 'ਤੇ ਮੌਜੂਦ ਸਨ, ਨੂੰ ਜਾਂਚ ਵਿਚ ਮੱਦਦ ਕਰਨ ਲਈ ਕਿਹਾ ਹੈ। ਉਨਾਂ ਕਿਹਾ ਹੈ ਕਿ ਜੇ ਕਿਸੇ ਕੋਲ ਵੀਡੀਓ ਹੋਵੇ ਤਾਂ ਉਹ ਅਧਿਕਾਰੀਆਂ ਨਾਲ ਸੰਪਰਕ ਕਰੇ।

# ਕੈਲੀਫੋਰਨੀਆ ਦੇ ਲਾਸ ਏਂਜਲਸ ਸ਼ਹਿਰ ਦੇ ਇਕ ਗੁਦਾਮ ਨੂੰ ਅੱਗ ਜਾਣ ਬੁਝ ਕੇ ਲਾਈ -ਗਵਰਨਰ ਨਿਊਸਮ



**ਸੈਕਰਾਮੈਂਟੋ, ਕੈਲੀਫੋਰਨੀਆ–** ਕੈਲੀਫੋਰਨੀਆ ਦੇ ਵੱਡੇ ਸ਼ਹਿਰ ਲਾਸ ਏਂਜਲਸ ਦੇ ਇਕ ਵੱਡੇ ਗੁਦਾਮ (ਸਟੋਰੇਜ ਯਾਰਡ) ਨੂੰ ਬੀਤੇ ਦਿਨ ਲੱਗੀ ਅੱਗ ਜਾਣ ਬੁਝ ਕੇ ਲਾਈ ਗਈ ਸੀ ਜਿਸ ਬਾਰੇ ਜਾਂਚ ਜਾਰੀ ਹੈ। ਇਹ ਪ੍ਰਗਟਾਵਾ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਕੀਤਾ ਹੈ। ਸਟੋਰੇਜ ਯਾਰਡ ਨੂੰ ਲੱਗੀ ਭਿਆਨਕ ਅੱਗ ਕਾਰਨ ਇੰਟਰਸਟੇਟ 10 ਰੂਟ ਅਣਮਿਥੇ ਸਮੇ ਲਈ ਬੰਦ ਕਰ ਦਿੱਤਾ ਹੈ ਜਿਸ ਰੂਟ ਰਾਹੀਂ ਰੋਜ਼ਾਨ 3 ਲੱਖ ਤੋਂ ਵਧ ਲੋਕ ਲੰਘਦੇ ਹਨ। ਨਿਊਸੋਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਢਲੀ ਜਾਂਚ ਵਿਚ ਅੱਗ ਲੱਗਣ ਪਿੱਛੇ ਦੁਰਭਾਵਨਾ ਪਾਈ ਗਈ ਹੈ ਤੇ ਅੱਗ ਸੋਚ ਸਮਝ ਕੇ ਲਾਈ ਗਈ ਹੈ। ਹਾਲਾਂ ਕਿ ਗਵਰਨਰ ਨੇ ਕਿਸੇ ਸ਼ੱਕੀ ਦਾ ਨਾਂ ਨਹੀਂ ਲਿਆ ਤੇ ਕਿਹਾ ਕਿ ਅਜੇ ਜਾਂਚ ਕੀਤੀ ਜਾ ਰਹੀ ਹੈ। ਇਸੇ ਦੌਰਾਨ ਮੇਅਰ ਕਾਰੇਨ ਬਾਸ ਨੇ ਪਹਿਲਾਂ ਹੀ ਆਵਾਜਾਈ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਲਈ ਇੰਟਰਸਟੇਟ ਮਾਰਗ ਬੰਦ ਕਰਨ ਨੂੰ ਇਕ ਸੰਕਟ ਕਰਾਰ ਦਿੱਤਾ ਹੈ। ਉਸ ਨੇ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਇੰਟਰਸਟੇਟ ਖੁਲਣ ਤੱਕ ਸਬਰ ਰਖਣ ਤੇ ਬਦਲਵੇਂ ਰਸਤਿਆਂ ਬਾਰੇ ਸੋਚਣ। ਇਥੇ ਜਿਕਰਯੋਗ ਹੈ ਕਿ ਲਾਸ ਏਂਜਲਸ ਦੇ ਡਾਊਨ ਟਾਊਨ ਖੇਤਰ ਵਿਚ ਅਲਾਮੇਡਾ ਨੇੜੇ ਇੰਟਰਸਟੇਟ ਰੂਟ ਦੋਨਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਹੈ ਜਿਸ ਨੂੰ ਅੱਗ ਕਾਰਨ ਭਾਰੀ ਨੁਕਸਾਨ ਪੁੱਜਾ ਹੈ।

# ਅਮਰੀਕਾ ਦੇ ਵਰਜੀਨੀਆ ਰਾਜ ਵਿਚ ਪੁਲਿਸ ਅਫਸਰ ਹੱਥੋਂ ਚੱਲੀ ਅਚਨਚੇਤ ਗੋਲੀ ਨਾਲ ਸਾਥੀ ਪੁਲਿਸ ਅਫਸਰ ਦੀ ਮੌਤ, ਗੈਰ ਇਰਾਦਾ ਹੱਤਿਆ ਦਾ ਮਾਮਲਾ ਦਰਜ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਵਰਜੀਨੀਆ ਰਾਜ ਦੇ ਮੈਕਲੀਨ ਖੇਤਰ ਵਿਚ ਇਕ ਯੂ ਐਸ ਪਾਰਕ ਪੁਲਿਸ ਅਫਸਰ ਹੱਥੋਂ ਅਚਾਨਕ ਗੋਲੀ ਚੱਲ ਜਾਣ ਕਾਰਨ ਇਕ ਹੋਰ ਪੁਲਿਸ ਅਫਸਰ ਦੀ ਮੌਤ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਡਿਊਟੀ ਖਤਮ ਕਰ ਚੁੱਕੇ ਅਲੈਗਜੰਡਰ ਰੋਬਿਨਸਨ ਰਾਇ (25) ਨੇ ਸਮਝਿਆ ਕਿ ਰਾਈਫਲ ਖਾਲੀ ਹੈ ਤੇ ਉਸ ਨੇ ਘੋੜਾ ਨੱਪ ਦਿੱਤਾ ਜਿਸ ਦੇ ਸਿੱਟੇ ਵਜੋਂ ਗੋਲੀ ਵੱਜਣ ਕਾਰਨ ਉਸ ਦੇ 22 ਸਾਲਾ ਸਾਥੀ ਜੈਸ ਬਰਾਊਨ ਹਰਨਾਂਡੇਜ਼ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਅਲੈਗਜੰਡਰ ਰਾਇ ਵਿਰੁੱਧ ਗੈਰ ਇਰਾਦਾ ਹੱਤਿਆ ਦਾ ਮਾਮਲਾ ਦਰਜ ਕੀਤਾ ਗਿਆ ਹੈ ਤੇ ਉਸ ਨੂੰ ਫੇਅਰਫੈਕਸ ਕਾਊਂਟੀ ਅਡਲਟ ਡੀਟੈਨਸ਼ਨ ਸੈਂਟਰ ਵਿਚ ਰਖਿਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਜਦੋਂ ਗੋਲੀ ਚੱਲਣ ਦੀ ਘਟਨਾ ਵਾਪਰੀ ਤਾਂ ਉਸ ਸਮੇ 4 ਵਿਅਕਤੀ ਜੋ ਆਪਸ ਵਿਚ ਇਕ ਦੂਸਰੇ ਨੂੰ ਜਾਣਦੇ ਸਨ, ਘਟਨਾ ਸਥਾਨ 'ਤੇ ਮੌਜੂਦ ਸਨ। ਫੇਅਰਫੈਕਸ ਕਾਊਂਟੀ ਪੁਲਿਸ ਵਿਭਾਗ ਨੇ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਵਾਸ਼ਿੰਗਟਨ, ਡੀ ਸੀ ਦੇ ਬਾਹਰਵਾਰ ਤਕਰੀਬਨ 10 ਮੀਲ ਦੂਰ ਮੈਕਲੀਨ ਖੇਤਰ ਵਿਚ ਪੁੱਜੇ ਤਾਂ ਹਰਨਾਂਡੇਜ਼ ਦੀ ਸਰੀਰ ਦੇ ਉਪਰਲੇ ਹਿੱਸੇ ਵਿਚ ਗੋਲੀ ਵੱਜਣ ਕਾਰਨ ਮੌਤ ਹੋ ਚੁੱਕੀ ਸੀ। ਪੁਲਿਸ ਨੇ ਹੋਰ ਕਿਹਾ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਘਟਨਾ ਵਾਪਰਨ ਦਾ ਕਾਰਨ 'ਸ਼ਰਾਬ' ਹੋ ਸਕਦਾ ਹੈ।

ਦੇਸ਼ ਦੁਆਬਾ

# ਤਕਨੀਕ ਦੀ ਦੁਰਵਰਤੋਂ

ਜਿਉਂ-ਜਿਉਂ ਆਧੁਨਿਕ ਤਕਨੀਕਾਂ ਦਾ ਪਸਾਰ ਹੋ ਰਿਹਾ ਹੈ, ਇਸ ਦੇ ਨਾਲ ਤਕਨੀਕ ਦੀ ਦੁਰਵਰਤੋਂ ਦੇ ਕੇਸ ਵੀ ਬਹੁਤ ਵੱਧ ਗਏ ਹਨ। ਹਾਲ ਹੀ ਵਿਚ ਕੈਨੇਡਾ ਵਿਚ ਇਕ ਭਾਰਤੀ ਵਿਦਿਆਰਥਣ ਨੇ ਆਤਮ ਹੱਤਿਆ ਕਰ ਲਈ। ਜਾਂਚ ਦਰਮਿਆਨ ਪਾਇਆ ਗਿਆ ਕਿ ਉਸ ਲੜਕੀ ਦੇ ਨਾਂ ਤੇ ਫਰਜ਼ੀ ਤਰੀਕੇ ਨਾਲ ਕੋਈ ਕਰਜ਼ਾ ਲੈ ਗਿਆ, ਜਿਸ ਦੀ ਭਰਪਾਈ ਕਰਨ ਦੇ ਉਹ ਅਸਮਰੱਥ ਸੀ ਅਤੇ ਡਿਪਰੈਸ਼ਨ ਦਾ ਸ਼ਿਕਾਰ ਹੋ ਗਈ ਸੀ। ਅਜਿਹੀਆਂ ਘਟਨਾਵਾਂ ਸਿਰਫ ਕੈਨੇਡਾ ਨਹੀਂ ਬਲਕਿ ਪੂਰੀ ਦੁਨੀਆਂ ਵਿਚ ਹੁੰਦੀਆਂ ਹਨ। ਇੰਟਰਨੈੱਟ ਨੇ ਲੈਣ-ਦੇਣ ਪੱਖੋਂ ਜੀਵਨ ਕਾਫ਼ੀ ਸਰਲ ਬਣਾਇਆ ਹੈ। ਇਸ ਦੇ ਨਾਲ ਹੀ ਉੱਭਰੀਆਂ ਜਾਅਲੀ ਅਤੇ ਸ਼ਰਾਰਤੀ ਲੋਨ ਐਪਸ ਲੋਕਾਂ ਦੀਆਂ ਦੁਸ਼ਵਾਰੀਆਂ ਵੀ ਵਧਾ ਰਹੀਆਂ ਹਨ। ਇਹ ਇਸ ਕਾਰਨ ਫ਼ਰਜ਼ੀ ਅਤੇ ਸ਼ਰਾਰਤੀ ਹਨ ਕਿਉਂਕਿ ਇਹ ਕਿਸੇ ਯਕੀਨੀ ਰੈਗੂਲੇਟਰੀ ਦਾਇਰੇ ਵਿਚ ਨਹੀਂ ਚਲਦੀਆਂ ਅਤੇ ਕਰਜ਼ਾ ਦੇਣ ਦੇ ਲਾਲਚ ਵਿਚ ਲੋਕਾਂ ਦਾ ਆਰਥਿਕ, ਮਾਨਸਿਕ ਤੇ ਭਾਵਨਾਤਮਕ ਸ਼ੋਸ਼ਣ ਕਰ ਰਹੀਆਂ ਹਨ। ਇਨ੍ਹਾਂ ਕਾਰਨ ਲੋਕਾਂ ਦੀਆਂ ਨਿੱਜੀ ਜਾਣਕਾਰੀਆਂ ਅਤੇ ਮਹੱਤਵਪੂਰਨ ਸੂਚਨਾਵਾਂ ਦੀ ਦੁਰਵਰਤੋਂ ਦਾ ਰਿਸਕ ਵੀ ਵਧਿਆ ਹੈ। ਫ਼ਰਜ਼ੀ ਲੋਨ ਐਪਸ ਗਿਣੇ-ਮਿੱਥੇ ਤਰੀਕੇ ਨਾਲ ਜਾਲ਼ ਫੈਲਾਉਂਦੀਆਂ ਹਨ। ਲੋਕਾਂ ਨੂੰ ਲੁਭਾਉਣ ਲਈ ਉਨ੍ਹਾਂ ਦੀ ਇਕ ਦਿਲਖਿੱਚਵੀਂ ਪੇਸ਼ਕਸ਼ ਤਾਂ ਇਹੀ ਹੁੰਦੀ ਹੈ ਕਿ ਕਿਸੇ ਖ਼ਾਸ ਕਾਗ਼ਜ਼ੀ ਕਾਰਵਾਈ ਤੋਂ ਬਿਨਾਂ ਹੀ ਉਨ੍ਹਾਂ ਦਾ ਕਰਜ਼ਾ ਉਪਬਲਧ ਹੈ। ਕਰਜ਼ਾ ਲੈਣ ਦੀ ਕਾਹਲ ਵਿਚ ਲੋਕ ਨਿਯਮ ਅਤੇ ਸ਼ਰਤਾਂ ਨੂੰ ਬਹੁਤ ਧਿਆਨ ਨਾਲ ਨਹੀਂ ਦੇਖਦੇ। ਇਸ ਕਾਰਨ ਕਰਜ਼ਾ ਲੈਣ ਤੋਂ ਬਾਅਦ ਉੱਚੀਆਂ ਵਿਆਜ ਦਰਾਂ ਅਤੇ ਗੁਪਤ ਜਾਂ ਅਸਿੱਧੀਆਂ ਫੀਸਾਂ ਦੇ ਜਾਲ ਵਿਚ ਫਸ ਜਾਂਦੇ ਹਨ। ਇਸ ਤੋਂ ਵੀ ਜ਼ਿਆਦਾ ਪਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਉਹ ਸਿੱਧੇ ਤੌਰ ’ਤੇ ਤੰਗ-ਪਰੇਸ਼ਾਨ ਕਰਨ ਲੱਗਦੀਆਂ ਹਨ। ਕਈ ਵਾਰ ਲੋਕਾਂ ਦੀਆਂ ਤਸਵੀਰਾਂ ਨਾਲ ਛੇੜਛਾੜ ਤੇ ਕਦੇ ਉਨ੍ਹਾਂ ਦੀਆਂ ਨਿੱਜੀ ਜਾਣਕਾਰੀਆਂ ਦਾ ਗ਼ਲਤ ਇਸਤੇਮਾਲ ਕਰਦੀਆਂ ਹਨ। ਅਜਿਹੇ ਵਿਚ ਡਿਜੀਟਲ ਵਿੱਤੀ ਸੁਰੱਖਿਆ ਲਈ ਹੱਲ ਲਾਜ਼ਮੀ ਹੋ ਗਿਆ ਹੈ। ਇਹ ਜ਼ਰੂਰਤ ਇਸ ਲਈ ਹੋਰ ਵੀ ਜ਼ਿਆਦਾ ਮਹਿਸੂਸ ਹੁੰਦੀ ਹੈ ਕਿਉਂਕਿ ਫ਼ਰਜ਼ੀ ਲੋਨ ਐਪਸ ਦਾ ਸਭ ਤੋਂ ਵੱਡਾ ਸ਼ਿਕਾਰ ਗ਼ਰੀਬ ਤਬਕਾ ਹੁੰਦਾ ਹੈ। ਜਿਸ ਤਬਕੇ ਕੋਲ ਲੋੜੀਦੀ ਵਿੱਤੀ ਸਮਝ ਨਹੀਂ ਹੈ, ਉਹ ਪੈਸਿਆਂ ਦੀ ਜ਼ਰੂਰਤ ਲਈ ਆਸਾਨੀ ਨਾਲ ਇਨ੍ਹਾਂ ਵਿੱਤੀ ਸ਼ਿਕਾਰੀਆਂ ਦੇ ਚੁੰਗਲ ਵਿਚ ਫਸ ਜਾਂਦਾ ਹੈ। ਤ੍ਰਾਸਦੀ ਤਾਂ ਇਹ ਹੈ ਕਿ ਅਨਪੜ੍ਹ ਤਾਂ ਇਨ੍ਹਾਂ ਦੇ ਜਾਲ਼ ਵਿਚ ਫਸ ਹੀ ਰਹੇ ਹਨ, ਪੜ੍ਹੇ-ਲਿਖੇ ਵੀ ਇਨ੍ਹਾਂ ਦਾ ਸ਼ਿਕਾਰ ਬਣਦੇ ਜਾ ਰਹੇ ਹਨ ਕਿਉਂਕਿ ਜ਼ਿਆਦਾਤਰ ਲੋਕਾਂ ਨੂੰ ਵਿੱਤੀ ਮਾਮਲਿਆਂ ਦੀ ਘੱਟ ਸਮਝ ਹੁੰਦੀ ਹੈ।

ਹਾਲਾਂਕਿ ਹਰੇਕ ਸਹੂਲਤ ਪਿੱਛੇ ਦਿੱਕਤਾਂ ਛਿਪੀਆਂ ਹੁੰਦੀਆਂ ਹਨ, ਪਰ ਇਹਨਾਂ ਦਾ ਹੱਲ ਬਹੁਤ ਜ਼ਰੂਰੀ ਹੈ। ਅੱਜ ਸਮੇਂ ਦੀ ਜ਼ਰੂਰਤ ਹੈ ਕਿ ਲੋਕਾਂ ਦਾ ਜੀਵਨ ਸੁਖਾਲਾ ਬਣਾਇਆ ਜਾਵੇ, ਲੈਣ-ਦੇਣ ਵਿਚ ਪਾਰਦਰਸ਼ਤਾ ਹੋਵੇ ਅਤੇ ਜਾਅਲਸਾਜ਼ੀ ਘਟੇ। ਅਰਥਚਾਰਾ ਕਿਸੇ ਵੀ ਮੁਲਕ ਦੀ ਰੀੜ੍ਹ ਹੁੰਦਾ ਹੈ ਅਤੇ ਅਰਥਚਾਰੇ ਵਿਚ ਜੇਕਰ ਜਾਅਲਸਾਜ਼ੀਆਂ ਹੋਣ, ਧਾਂਦਲੀਆਂ ਹੋਣ ਤਾਂ ਲੋਕਾਂ ਦਾ ਵਿਸ਼ਵਾਸ ਚਲਿਆ ਜਾਂਦਾ ਹੈ।

# ਗ਼ਦਰ ਪਾਰਟੀ ਨੇ ਭਾਰਤ ਨੂੰ ਮੁਕੰਮਲ ਤੌਰ ’ਤੇ ਆਜ਼ਾਦ ਕਰਾਉਣ ਦਾ ਨਿਰਣਾ ਲਿਆ ਸੀ

**ਸੁਖਵਿੰਦਰ ਸਿੰਘ ਸੇਖੋਂ**

ਗ਼ਦਰ ਲਹਿਰ ਦੇ ਪਹਿਲੇ 7 ਸ਼ਹੀਦ ਸਨ ਕਰਤਾਰ ਸਿੰਘ ਸਰਾਭਾ, ਵਿਸ਼ਣੂ ਗਣੇਸ਼ ਪਿੰਗਲੇ, ਜਗਤ ਸਿੰਘ ਸੁਰਸਿੰਘਵਾਲਾ, ਹਰਨਾਮ ਸਿੰਘ ਸਿਆਲਕੋਟੀ, ਬਖਸ਼ੀਸ਼ ਸਿੰਘ, ਸੁਰੈਣ ਸਿੰਘ ਸੀਨੀਅਰ ਅਤੇ ਸੁਰੈਣ ਸਿੰਘ ਜੂਨੀਅਰ । ਇਨ੍ਹਾਂ ਸੱਤਾਂ ਹੀ ਗ਼ਦਰੀ ਸੂਰਬੀਰਾਂ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ 16 ਨਵੰਬਰ 1915 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਹ ਸਾਰੇ ਨਾਇਕ ਵਿਦੇਸ਼ਾਂ ’ਚੋਂ ਗ਼ਦਰ ਪਾਰਟੀ ਦੇ ਫ਼ੈਸਲੇ ਅਨੁਸਾਰ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਵਾਸਤੇ ਆਪਣੇ ਵਤਨ ਭਾਰਤ ਆਏ ਸਨ। ਗ਼ਦਰ ਪਾਰਟੀ ਦੇਸ਼ ਦੇ ਆਜ਼ਾਦੀ ਸੰਗਰਾਮ ਦੀ ਇਕ ਅਜਿਹੀ ਜਥੇਬੰਦੀ ਸੀ ਜਿਸ ਨੇ ਭਾਰਤ ਨੂੰ ਮੁਕੰਮਲ ਤੌਰ ’ਤੇ ਆਜ਼ਾਦ ਕਰਾਉਣ ਦਾ ਨਿਰਣਾ ਲਿਆ ਸੀ।

ਇਸ ਦੇ ਮੈਂਬਰਾਂ ਨੇ ਧਰਮਾਂ ਅਤੇ ਜਾਤਾਂ-ਪਾਤਾਂ ਤੇ ਮਜ਼ਹਬੀ ਝਗੜਿਆਂ ਤੋਂ ਉੱਪਰ ਉੱਠ ਕੇ ਦੇਸ਼ ਨੂੰ ਆਜ਼ਾਦ ਕਰਾਉਣ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਦੀ ਤਮੰਨਾ ਲੈ ਕੇ ਭਾਰਤ ਪਰਤ ਕੇ ਗ਼ਦਰ ਕਰਨ ਦਾ ਫ਼ੈਸਲਾ ਕੀਤਾ ਸੀ। ਗ਼ਦਰੀ ਸੂਰਬੀਰਾਂ ਨੇ ਸਿਰਲੱਥ ਕੁਰਬਾਨੀਆਂ ਕੀਤੀਆਂ, ਜੇਲ੍ਹਾਂ ਦੀਆਂ ਕਾਲ ਕੋਠੜੀਆਂ ਦੀਆਂ ਮੁਸੀਬਤਾਂ ਵੀ ਉਨ੍ਹਾਂ ਦਾ ਹੌਸਲਾ ਪਸਤ ਨਹੀਂ ਕਰ ਸਕੀਆਂ।

ਆਜ਼ਾਦੀ ਤੋਂ ਬਾਅਦ ਵੀ ਜਦੋਂ ਜੇਲ੍ਹਾਂ ’ਚੋਂ ਬਾਹਰ ਆਏ ਤਾਂ ਇਨ੍ਹਾਂ ਗ਼ਦਰੀਆਂ ਨੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਵਾਲਾ ਰਾਜ ਪ੍ਰਬੰਧ ਸਮਾਪਤ ਕਰਨ ਵਾਸਤੇ ਆਪਣਾ ਸੰਘਰਸ਼ ਜਾਰੀ ਰੱਖਿਆ। ਅੱਜ ਸਾਡਾ ਦੇਸ਼ ਵੰਡ ਦੀ ਪੀੜ ਸਹਿੰਦਿਆਂ ਹੋਇਆਂ ਮੌਜੂਦਾ ਸਮੇਂ ਦੌਰਾਨ ਰਾਜਸੱਤਾ ’ਤੇ ਕਾਬਜ਼ ਕਾਰਪੋਰੇਟ ਅਤੇ ਫ਼ਿਰਕੂ ਗੱਠਜੋੜ ਲੋਕਾਂ ਦੀਆਂ ਸਮੱਸਿਆਵਾਂ ’ਚ ਲਗਾਤਾਰ ਵਾਧਾ ਕਰ ਰਿਹਾ ਹੈ। ਦੇਸ਼ ਦੇ ਸਰਕਾਰੀ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਸਮਾਪਤ ਕਰਨ ਦੇ ਰਾਹ ਮੌਜੂਦਾ ਸਰਕਾਰ ਤੁਰੀ ਹੋਈ ਹੈ।

ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ, ਭ੍ਰਿਸ਼ਟਾਚਾਰ ਚਰਮ ਸੀਮਾ ’ਤੇ ਹੈ। ਸਰਕਾਰੀ ਬੈਂਕਾਂ ਨਾਲ ਕਾਰਪੋਰੇਟ ਘਰਾਣਿਆਂ ਵੱਲੋਂ ਕਰਜ਼ਾ ਲੈ ਕੇ ਫਰਾਡ ਕਰਨ ਸਬੰਧੀ ਵਾਪਰ ਰਹੀਆਂ ਘਟਨਾਵਾਂ ਕਾਰਨ ਬੈਂਕਿੰਗ ਸਿਸਟਮ ਵਿਗੜ ਗਿਆ ਹੈ। ਜਿੱਥੋਂ ਤੱਕ ਪੰਜਾਬ ਦੇ ਮਸਲਿਆਂ ਦਾ ਸਵਾਲ ਹੈ ਤਾਂ ਪੰਜਾਬ ਦੇ ਲੋਕਾਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਆਮ ਆਦਮੀ ਪਾਰਟੀ ਨੂੰ ਬਦਲ ਦੇ ਨਾਂ ’ਤੇ ਇਸ ਆਸ ਨਾਲ 92 ਸੀਟਾਂ ਜਿਤਾ ਕੇ ਸਰਕਾਰ ਬਣਾਈ ਸੀ ਕਿ ਸ਼ਾਇਦ ਪੰਜਾਬ ਨੂੰ ਸੰਕਟ ’ਚੋਂ ਕੱਢਿਆ ਜਾ ਸਕੇ। ਜੋ ਚੋਣਾਂ ਦੌਰਾਨ ਗਾਰੰਟੀਆਂ ਦਿੱਤੀਆਂ ਗਈਆਂ ਸਨ, ਉਨ੍ਹਾਂ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ, ਕੁਰੱਪਸ਼ਨ ’ਚ ਲਗਾਤਾਰ ਵਾਧਾ ਹੋ ਰਿਹਾ ਹੈ। ਨਸ਼ਿਆਂ ’ਤੇ ਕੰਟਰੋਲ ਨਹੀਂ ਹੋ ਰਿਹਾ। ਅਮਨ-ਕਾਨੂੰਨ ਦੇ ਪੱਖ ਤੋਂ ਸਰਕਾਰ ਮੁਕੰਮਲ ਤੌਰ ’ਤੇ ਨਾਕਾਮ ਸਾਬਿਤ ਹੋ ਚੁੱਕੀ ਹੈ। ਪੰਜਾਬ ਦੇ ਭਖਦੇ ਰਾਜਸੀ ਮਸਲਿਆਂ ਸਬੰਧੀ ਸੀਪੀਆਈ (ਐਮ) ਦੀ ਪੰਜਾਬ ਰਾਜ ਕਮੇਟੀ ਇਕ ਜਨ ਸੰਪਰਕ ਮੁਹਿੰਮ ਰਾਹੀਂ 5 ਲੱਖ ਲੋਕਾਂ ਦੇ ਦਸਤਖ਼ਤ ਕਰਾਉਣ ਅਤੇ 1 ਤੋਂ 15 ਦਸੰਬਰ ਤੱਕ ਪੰਜਾਬ ਭਰ ’ਚ ਜਥਾ ਮਾਰਚ ਕਰੇਗੀ। ਉਸ ਦੇ ਏਜੰਡੇ ’ਤੇ ਕਈ ਮੁੱਖ ਮੁੱਦੇ ਹੋਣਗੇ ਜਿਵੇਂ ਕਿ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ। ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ। ਪੰਜਾਬ ਦੇ ਪਾਣੀਆਂ ਦਾ ਮਸਲਾ ਹੱਲ ਕੀਤਾ ਜਾਵੇ। ਪੰਜਾਬ ਨਾਲ ਹੋ ਰਹੀ ਵਧੀਕੀ ਬੰਦ ਹੋਵੇ। ਹਰ ਤਰ੍ਹਾਂ ਦੇ ਆਬਾਦਕਾਰਾਂ ਨੂੰ ਜ਼ਮੀਨ ਮਾਲਕੀ ਦੇ ਹੱਕ ਦਿੱਤੇ ਜਾਣ। ਕਿਸਾਨਾਂ-ਮਜ਼ਦੂਰਾਂ ਅਤੇ ਛੋਟੇ ਦੁਕਾਨਦਾਰਾਂ ਸਿਰ ਚੜ੍ਹਿਆ ਕਰਜ਼ਾ ਮਾਫ਼ ਕੀਤਾ ਜਾਵੇ। ਕੰਢੀ ਖੇਤਰ ਦੇ ਲੋਕਾਂ ਦੀਆਂ ਸਮੱਸਿਆਵਾਂ ਜਿਵੇਂ ਪੀਣ ਦਾ ਪਾਣੀ, ਸਿੰਚਾਈ ਸਹੂਲਤਾਂ ਆਦਿ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।

ਸਰਹੱਦੀ ਖੇਤਰ ਦੇ ਕਿਸਾਨ ਜੋ ਬਾਰਡਰ ਦੇ ਆਰ-ਪਾਰ ਖੇਤੀ ਕਰਦੇ ਹਨ ਉਨ੍ਹਾਂ ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ ਅਤੇ ਵਿਸ਼ੇਸ਼ ਪੈਕੇਜ ਦਾ ਐਲਾਨ ਕੀਤਾ ਜਾਵੇ। ਭ੍ਰਿਸ਼ਟਾਚਾਰ ਨੂੰ ਸਖ਼ਤੀ ਨਾਲ ਹਰ ਪੱਧਰ ’ਤੇ ਰੋਕਿਆ ਜਾਵੇ। ਰੇਤਾ-ਬਜਰੀ, ਦਫ਼ਤਰੀ ਭ੍ਰਿਸ਼ਟਾਚਾਰ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਚੋਣ ਵਾਅਦੇ ਅਨੁਸਾਰ ਰੋਕਣ ਦਾ ਵਾਅਦਾ ਪੂਰਾ ਕਰੇ।

ਐਨਆਰਆਈ ਲੋਕਾਂ ਦੀਆਂ ਜਾਇਦਾਦਾਂ ਦੀ ਰਾਖੀ ਯਕੀਨੀ ਬਣਾਈ ਜਾਵੇ। ਇਹੀ ਨਹੀਂ, ਐਮਐਸਪੀ ਸਬੰਧੀ ਕਾਨੂੰਨ ਬਣਾਇਆ ਜਾਵੇ। ਮਨਰੇਗਾ ਸਕੀਮ ਨੂੰ ਪਾਰਦਰਸ਼ਤਾ ਨਾਲ ਸੂਬੇ ਅੰਦਰ ਲਾਗੂ ਕੀਤਾ ਜਾਵੇ। ਸੂਬੇ ਵਿਚ ਬੇਰੁਜ਼ਗਾਰੀ ਦੂਰ ਕਰਨ ਲਈ ਖੇਤੀ ਆਧਾਰਤ ਸਨਅਤਾਂ ਲਾਈਆਂ ਜਾਣ। ਅਮਨ-ਕਾਨੂੰਨ, ਸ਼ਾਂਤੀ ਅਤੇ ਫ਼ਿਰਕੂ ਇਕਮੁੱਠਤਾ ਕਾਇਮ ਰੱਖਣ ਲਈ ਠੋਸ ਕਦਮ ਚੁੱਕੇ ਜਾਣ। ਨਸ਼ਿਆਂ, ਗੈਂਗਸਟਰਾਂ ਅਤੇ ਅੱਤਵਾਦੀ ਤਾਕਤਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇ। ਨਸ਼ਿਆਂ ਸਮੇਤ ਮੈਡੀਕਲ ਨਸ਼ਿਆਂ ਨੂੰ ਸਖ਼ਤੀ ਨਾਲ ਕੰਟਰੋਲ ਕੀਤਾ ਜਾਵੇ। ਸੂਬੇ ਦੀ ਆਮ ਜਨਤਾ ਦੀ ਜਾਨ-ਮਾਲ ਦੀ ਰਾਖੀ ਦੇ ਪੁਖਤਾ ਪ੍ਰਬੰਧ ਕੀਤੇ ਜਾਣ। ਗ਼ਰੀਬ ਲੋਕਾਂ ਦੇ ਕੱਟੇ ਨੀਲੇ ਕਾਰਡ ਮੁੜ ਬਹਾਲ ਕੀਤੇ ਜਾਣ।

ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨਰਾਂ ਦੀ ਰਾਸ਼ੀ 5000 ਰੁਪਏ ਮਹੀਨਾ ਕੀਤੀ ਜਾਵੇ। ਸਿੱਖਿਆ ਨੀਤੀ ਅਤੇ ਬਿਜਲੀ ਸੁਧਾਰ ਬਿੱਲ 2020 ਰੱਦ ਕੀਤੇ ਜਾਣ ਅਤੇ ਬਿਜਲੀ ਦੇ ਸਮਾਰਟ ਮੀਟਰ ਨਾ ਲਾਏ ਜਾਣ। ਸਰਕਾਰੀ ਸਕੂਲਾਂ ’ਚ ਸੁਧਾਰ ਕੀਤੇ ਜਾਣ। ਟੀਚਰਾਂ ਦੀਆਂ ਖ਼ਾਲੀ ਅਸਾਮੀਆਂ ਨੂੰ ਨਵੀਂ ਭਰਤੀ ਰਾਹੀਂ ਭਰਿਆ ਜਾਵੇ। ਪ੍ਰਾਈਵੇਟ ਸਕੂਲਾਂ ਅਤੇ ਨਿੱਜੀ ਹਸਪਤਾਲਾਂ ਦੀਆਂ ਫੀਸਾਂ ਆਦਿ ਨੂੰ ਨਿਯਮਬੱਧ ਕਰਨ ਲਈ ਕਾਨੂੰਨ ਬਣਾਇਆ ਜਾਵੇ ਤਾਂ ਜੋ ਲੋਕਾਂ ਦੀ ਲੁੱਟ-ਖਸੁੱਟ ਨੂੰ ਠੱਲ੍ਹ ਪਵੇ। ਪੰਜਾਬ ਸਰਕਾਰ ਦੀਆਂ ਨੀਤੀਆਂ ਪੰਜਾਬ ਨੂੰ ਆਰਥਿਕ ਪੱਖੋਂ ਦੀਵਾਲੀਆਪਣ ਵੱਲ ਧੱਕ ਰਹੀਆਂ ਹਨ।

ਸੂਬੇ ਨੂੰ ਆਰਥਿਕ ਸੰਕਟ ’ਚੋਂ ਕੱਢਣ ਲਈ ਬੇਲੋੜੇ ਖ਼ਰਚਿਆਂ ’ਚ ਕਟੌਤੀ ਕੀਤੀ ਜਾਵੇ। ਪੰਜਾਬ ਸਿਰ ਅੱਤਵਾਦ ਦੇ ਕਾਲੇ ਦੌਰ ਸਮੇਂ ਚੜ੍ਹਿਆ ਕਰਜ਼ਾ ਕੇਂਦਰ ਸਰਕਾਰ ਮਾਫ਼ ਕਰੇ।

ਹਰ ਪ੍ਰਕਾਰ ਦੇ ਵਰਕਰ ਦੀ ਤਨਖ਼ਾਹ ਘੱਟੋ-ਘੱਟ 26,000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ। ਠੇਕੇ ’ਤੇ ਰੱਖੇ ਵਰਕਰ ਪੱਕੇ ਕੀਤੇ ਜਾਣ। ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਪੰਜਾਬ ਸਰਕਾਰ ਵੱਲੋਂ ਚੋਣਾਂ ਸਮੇਂ ਕੀਤੇ ਵਾਅਦਿਆਂ ਦੀ ਪੂਰਤੀ ਕੀਤੀ ਜਾਵੇ। ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ ਅਤੇ ਬੇਰੁਜ਼ਗਾਰੀ ਭੱਤਾ ਪ੍ਰਤੀ ਮਹੀਨਾ 5000 ਰੁਪਏ ਦਿੱਤਾ ਜਾਵੇ। ਮਹਿੰਗਾਈ ਨੂੰ ਨੱਥ ਪਾਉਣ ਵਾਸਤੇ ਪ੍ਰਭਾਵੀ ਕਦਮ ਚੁੱਕੇ ਜਾਣ। ਐਸਵਾਈਐਲ ਦੇ ਮੁੱਦੇ ’ਤੇ ਪੰਜਾਬ ਸਰਕਾਰ ਨੂੰ ਤੁਰੰਤ ਰਵੀਜ਼ਨ ਪਟੀਸ਼ਨ ਦਾਇਰ ਕਰਨੀ ਚਾਹੀਦੀ ਹੈ। ਸੁਪਰੀਮ ਕੋਰਟ ਦਾ ਇਹ ਕਹਿਣਾ ਕਿ ਪਹਿਲਾਂ ਐਸਵਾਈਐਲ ਨਹਿਰ ਬਣਾਓ, ਇਹ ਠੀਕ ਨਹੀਂ ਹੈ। ਨਹਿਰ ਅਤੇ ਪਾਣੀਆਂ ਦਾ ਸਵਾਲ ਇਕ-ਦੂਸਰੇ ਨਾਲ ਜੁੜੇ ਹੋਏ ਹਨ। ਜੇ ਫਾਲਤੂ ਪਾਣੀ ਹੀ ਨਹੀਂ ਹੈ ਤਾਂ ਨਹਿਰ ਬਣਾਉਣ ਦੀ ਜ਼ਰੂਰਤ ਕਿਉਂ ਹੈ।

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ‘ਤੇ ਵਿਸ਼ੇਸ਼

# ਧੰਨ ਨਾਨਕ ਤੇਰੀ ਵੱਡੀ ਕਮਾਈ

ਜੱਗ ਤੋ ਦੂਰ ਹਨੇਰਾ ਹੋਇਆ,
ਹਰ ਪਾਸੇ ਸਵੇਰਾ ਹੋਇਆ
ਪਹਿਰ ਬਰਫ ਦੇ ਵਾਂਗੂ ਠਰਿਆ
ਤਾਰੇ ਛੁਪੇ ਤੇ ਸੂਰਜ ਚੜਿਆ
ਵਿੱਚ ਤਲਵੰਡੀ ਜਨਮ ਲਿਆ,
ਤੇ ਹੋ ਗਈ ਸੀ ਰੁਸ਼ਨਾਈ
ਧੰਨ ਨਾਨਕ ਤੇਰੀ ਵੱਡੀ ਕਮਾਈ
ਧੰਨ ਨਾਨਕ ਤੇਰੀ ਵੱਡੀ ਕਮਾਈ

ਮਾਂ ਤ੍ਰਿਪਤਾ ਦੀਆਂ ਅੱਖਾਂ ਦਾ ਤਾਰਾ,
ਨਾਨਕੀ ਭੈਣ ਦਾ ਵੀਰ ਪਿਆਰਾ
ਰੁਸ਼ਨਾਈਆਂ ਦੇ ਸਾਜ ਵੱਜ ਗਏ
ਧਰਤੀ ਨੂੰ ਸੀ ਭਾਗ ਲੱਗ ਗਏ
ਪਿਤਾ ਕਾਲੂ ਦੀ ਜੱਗ ਤੇ ਆ ਕੇ
ਤੁਸਾਂ ਨੇ ਕੁਲ ਵਧਾਈ
ਧੰਨ ਨਾਨਕ ਤੇਰੀ ਵੱਡੀ ਕਮਾਈ
ਧੰਨ ਨਾਨਕ ਤੇਰੀ ਵੱਡੀ ਕਮਾਈ

ਨਾ ਹੀ ਗਲ ਜਨੇਊ ਪਾਇਆ
ਪਾਡਿਆਂ ਨੂੰ ਤੁਸੀਂ ਆਪ ਪੜਾਇਆ
ਵੱਖਰਾ ਸੀ ਇਕ ਰਾਹ ਅਪਣਾਇਆ
ਹੋਕਾ ਇੱਕ ਓਂਕਾਰ ਦਾ ਲਾਇਆ
ਭਗਤੀ ਦੇ ਵਿੱਚ ਲੀਨ ਸੀ ਹੋਕੇ,
ਕੀਤੀ ਬੜੀ ਪੜਾਈ
ਧੰਨ ਨਾਨਕ ਤੇਰੀ ਵੱਡੀ ਕਮਾਈ
ਧੰਨ ਨਾਨਕ ਤੇਰੀ ਵੱਡੀ ਕਮਾਈ

ਵੀਹ ਰੁਪਏ ਦਾ ਲੰਗਰ ਲਾਇਆ,
ਸਾਧੂਆਂ ਤਾਂਈ ਆਣ ਛਕਾਇਆ
ਬੜੀਆ ਸੀ ਅਸੀਸਾਂ ਲਈਆਂ
ਬਾਪੂ ਕੋਲੋ ਝਿੜਕਾਂ ਪਈਆਂ
ਸੱਚਾ ਸੋਦਾ ਕਰਕੇ ਬਾਬੇ,
ਕੀਤੀ ਸਫਲ ਕਮਾਈ
ਧੰਨ ਨਾਨਕ ਤੇਰੀ ਵੱਡੀ ਕਮਾਈ
ਧੰਨ ਨਾਨਕ ਤੇਰੀ ਵੱਡੀ ਕਮਾਈ

ਮਲਕ ਭਾਗੋ ਨੂੰ ਬਹਿ ਸਮਝਾਇਆ
ਭਾਈ ਲਾਲੋ ਨੂੰ ਗਲ ਨਾਲ ਲਾਇਆ
ਵੰਡ ਛੱਕੋ ਤੇ ਕਿਰਤ ਕਰਨ ਦੀ
ਗਰੀਬਾਂ ਦਾ ਪੇਟ ਭਰਨ ਦੀ
ਮਿਹਨਤ ਹੱਥੀ ਆਪ ਕਰਨ ਦੀ
ਅਵਾਜ ਵੀ ਖੁਦ ਲਗਾਈ
ਧੰਨ ਨਾਨਕ ਤੇਰੀ ਵੱਡੀ ਕਮਾਈ
ਧੰਨ ਨਾਨਕ ਤੇਰੀ ਵੱਡੀ ਕਮਾਈ

ਕੌਤਕ ਸੀ ਇਕ ਆਪ ਰਚਾਇਆ
ਮਰਦਾਨੇ ਨੂੰ ਜਦੋ ਬਚਾਇਆ
ਆਪੇ ਜੰਗਲਾਂ ਵੱਲ ਤੋਰਿਆ
ਕੌਡੇ ਦਾ ਹੰਕਾਰ ਤੋੜਿਆ
ਭੁੱਲੇ ਭਟਕੇ ਲੋਕਾਂ ਤਾਈ,
ਬਹਿ ਕੇ ਗੱਲ ਸਮਝਾਈ
ਧੰਨ ਨਾਨਕ ਤੇਰੀ ਵੱਡੀ ਕਮਾਈ
ਧੰਨ ਨਾਨਕ ਤੇਰੀ ਵੱਡੀ ਕਮਾਈ

ਉਦਾਸੀ ਦੀ ਵੀ ਰੀਤ ਚਲਾਈ
ਧੁਰ ਦਰਗਾਹ ਤੋ ਬਾਣੀ ਆਈ
ਪੜ ਗੁਰਬਾਣੀ ਤਰਦੇ ਸਾਰੇ
ਹੁੰਦੇ ਸਭ ਦੇ ਪਾਰ ਉਤਾਰੇ
ਕੀਰਤਨ ਕਰ ਗੁਰਬਾਣੀ ਦਾ,
ਤੁਸਾਂ ਸੁੱਤੀ ਕੌਮ ਜਗਾਈ
ਧੰਨ ਨਾਨਕ ਤੇਰੀ ਵੱਡੀ ਕਮਾਈ
ਧੰਨ ਨਾਨਕ ਤੇਰੀ ਵੱਡੀ ਕਮਾਈ

ਹੱਕ ਸੱਚ ਦਾ ਹੋਕਾ ਲਾਇਆ
ਕਿਰਤ ਕਰਨ ਦਾ ਰਾਹ ਵਿਖਾਇਆ
ਅੰਧ ਵਿਸ਼ਵਾਸ ਦੇ ਵਿੱਚੋਂ ਕੱਢਿਆ
ਪਖੰਡਾਂ ਦਾ ਜੂੜ ਹੀ ਵੱਢਿਆ
ਸੱਜਣ ਜਿਹੇ ਠੱਗ ਵਰਗੇ ਜਿਹੜੇ
ਕਰਦੇ ਸੀ ਲੁੱਟ ਲੁਟਾਈ
ਧੰਨ ਨਾਨਕ ਤੇਰੀ ਵੱਡੀ ਕਮਾਈ
ਧੰਨ ਨਾਨਕ ਤੇਰੀ ਵੱਡੀ ਕਮਾਈ

ਹੱਥ ਜੋੜ ਅਰਦਾਸ ਕਰਾਂ ਮੈ
ਬਹਿ ਚਰਨਾ ਦੇ ਪਾਸ ਕਰਾਂ ਮੈ
ਭੁੱਲ ਗਏ ਆ ਗਲ ਨਾਲ ਲਾਉ
ਖੁਸ਼ੀਆਂ ਸਭ ਦੀ ਝੋਲੀ ਪਾਉ
ਮੇਰੇ ਵੱਲੋ ਸਾਢੇ ਪੰਜ ਸੋ ਸਾਲ ਦੀ
ਸਭ ਸੰਗਤਾ ਨੂੰ ਵਧਾਈ
ਧੰਨ ਨਾਨਕ ਤੇਰੀ ਵੱਡੀ ਕਮਾਈ
ਧੰਨ ਨਾਨਕ ਤੇਰੀ ਵੱਡੀ ਕਮਾਈ

**-ਬੂਟਾ ਸਿੰਘ ਗੁਲਾਮੀ ਵਾਲਾ**
91-94171-97395




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਬੰਦੀ ਛੋੜ ਦਿਵਸ ਮੌਕੇ ਦੀਵਾਨ ਸਜਾਏ

**ਪਿਟਸਬਰਗ (ਕੈਲੇਫੋਰਨੀਆ)** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਮਿਤੀ 12 ਨਵੰਬਰ ਦਿਨ ਐਤਵਾਰ ਨੂੰ ਬੰਦੀ ਛੋੜ ਦਿਵਸ ਦੇ ਸਬੰਧ ਵਿਚ ਗੁਰੂ ਘਰ ਵਿਖੇ ਗੁਰੂ ਸਾਹਿਬ ਦੀ ਆਪਾਰ ਕਿਰਪਾ ਸਦਕਾ ਸੰਧਿਆ ਵੇਲੇ ਦੀਵਾਨ ਸਜਾਏ, ਜਿਸ ਵਿਚ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਉਪਰੰਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਏ। ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਨੇ ਬੰਦੀ ਛੋੜ ਦਿਵਸ ਦਾ ਇਤਿਹਾਸ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਦਿਨ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਅਨਿਨ ਸੇਵਕ ਚੇਅਰਮੈਨ ਰਮੇਸ਼ ਸੁਮਨ ਅਤੇ ਗਿਆਨ ਸੁਮਨ ਪਰਿਵਾਰ ਵੱਲੋਂ ਕੀਤੀ ਗਈ। ਪਰਿਵਾਰ ਵੱਲੋਂ ਅਤੇ ਸੰਗਤਾਂ ਵੱਲੋਂ ਗੁਰੂ ਘਰ ਵਿਖੇ ਦੀਪਮਾਲਾ ਵੀ ਕੀਤੀ ਗਈ। ਦੂਰੋਂ ਆਈਆਂ ਸੰਗਤਾਂ ਨੇ ਗੁਰੂ ਘਰ ਵਿਖੇ ਹਾਜ਼ਰੀ ਭਰ ਕੇ ਲਾਹਾ ਪ੍ਰਾਪਤ ਕੀਤਾ।

ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਨਰੇਸ਼ ਕੁਮਾਰ ਅਤੇ ਸਮੂਹ ਪ੍ਰਬੰਧਕ ਕਮੇਟੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

























# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 19 ਨਵੰਬਰ ਨੂੰ ਵਲੇਹੋ, ਅਮੈਰੀਕਨ ਕੈਨੀਅਨ ਵਿਖੇ ਮਨਾਇਆ ਜਾਵੇਗਾ







ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਮਹਾਨ ਕਥਾਵਾਚਕ ਅਤੇ ਸ਼ਬਦ ਗੁਰਬਾਣੀ ਦੇ ਗਿਆਤਾ ਇਤਿਹਾਸਕ ਤੱਥਾਂ ਦੀ ਸਾਂਝ ਸੰਗਤਾਂ ਨਾਲ ਸਾਂਝੀ ਕਰਨਗੇ। ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਬਹੁਤ ਸਾਰੇ ਬੁਲਾਰੇ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## November 19, 2023 (SUNDAY)

## Time: 9:00AM to 4:00PM

## 300 Napa Junction Road, American Canyon CA 94503

**ਇਸ ਮੌਕੇ ਭਗਵਾਨ ਵਾਲਮੀਕ ਜੀ ਦੀਆਂ ਸਿਖਿਆਵਾਂ ਬਾਰੇ ਬਹੁਪੱਖੀ ਸ਼ਖਸੀਅਤਾਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੀਆਂ।**

### ਹੋਰ ਜਾਣਕਾਰੀ ਲਈ ਸੰਪਰਕ ਕਰੋ

Kewal Sidhu 707-704-3869
Sodhi Nahar 707-704-5216
Bhinda Singh 916-613-3311
Baljiwan Dass 408-394-6729
Rajinder Hans 925-214-6454
Dr. Gurjit Singh 925-321-0117
Avtar Uppal 408-613-4790
Gurpal Singh 916-873-0311

**ਜਾਰੀ ਕਰਤਾ: ਭਗਵਾਨ ਵਾਲਮੀਕ ਜੀ ਦੇ ਸਮੂਹ ਸ਼ਰਧਾਲੂ (ਕੈਲੇਫੋਰਨੀਆ)**

# "ਵੈਟਰਨ ਡੇ" ਪਰੇਡ ਫਰਿਜ਼ਨੋ ਵਿੱਚ ਸਿੱਖ ਕੌਂਸਲ ਨੇ ਲਿਆ ਹਿੱਸਾ ਅਤੇ ਸਜਾਇਆ ਫਲੋਟ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੇਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਦਾ ਸਿੱਖ ਭਾਈਚਾਰਾ ਆਪਣੀ ਪਹਿਚਾਣ ਬਣਾਉਣ ਲਈ ਹਮੇਸ਼ਾ ਸਰਗਰਮ ਰਿਹਾ ਹੈ। ਜਿਸ ਵਿੱਚ "ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇ-ਫੋਰਨੀਆਂ" ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਸਫਲ ਹੰਭਲੇ ਮਾਰ ਰਹੀ ਹੈ। ਅਮਰੀਕਾ ਦੇ ਸਮੂੰਹ ਸੈਨਿਕਾਂ ਨੂੰ ਮਾਣ ਦਿੰਦੇ ਹੋਏ ਫਰਿਜ਼ਨੋ ਦੇ ਡਾਊਨ ਟਾਊਨ ਵਿੱਚ ਹਰ ਸਾਲ ਇੱਕ ਪਰੇਡ ਕੀਤੀ ਜਾਂਦੀ ਹੈ।




ਇਹ ਗੱਲ ਬੜੇ ਮਾਣ ਵਾਲੀ ਹੈ ਕਿ ਅਮਰੀਕਾ ਦੀ ਸੈਨਾ ਅਤੇ ਪੁਲੀਸ ਵਿੱਚ ਹੁਣ ਬਹੁਤ ਸਾਰੇ ਸਿੱਖ ਮਾਣ ਨਾਲ ਆਪਣੀ ਦਸਤਾਰ ਸਮੇਤ ਸੇਵਾਵਾਂ ਨਿਭਾ ਰਹੇ ਹਨ। ਇਸੇ ਮਾਣ ਅਤੇ ਪਹਿਚਾਣ ਨੂੰ ਵਧਾਉਂਦੇ ਹੋਏ ਸਿੱਖ ਕੌਂਸ਼ਲ ਦੇ ਜਨਰਲ ਸਕੱਤਰ ਸ। ਸੁਖਦੇਵ ਸਿੰਘ ਚੀਮਾਂ ਅਤੇ ਸਮੁੱਚੀ ਟੀਮ ਦੇ ਯਤਨਾਂ ਸਦਕਾ ਪਹਿਲੀ ਵਾਰ ਸਿੱਖ ਭਾਈਚਾਰੇ ਵੱਲੋਂ ਆਪਣਾ ਸਿੱਖੀ ਦੀ ਪਹਿਚਾਣ ਬਣਾਉਂਦਾ ਫਲੋਟ ਸਜਾਇਆ ਗਿਆ। ਜਿਸ ਵਿੱਚ ਖਾਸ ਤੌਰ 'ਤੇ ਸਥਾਨਿਕ ਮੋਟਰਸਾਈਕਲ ਕਲੱਬ ਦੇ ਸਿੱਖ ਸਰਦਾਰਾ ਨੇ ਵੀ ਖਾਸ ਤੌਰ 'ਤੇ ਹਿੱਸਾ ਲਿਆ।




ਇਸ ਪਰੇਡ ਦੌਰਾਨ ਫਰਿਜ਼ਨੋ ਦੇ ਮੇਅਰ ਜੈਰੀ ਡਾਇਰ ਅਤੇ ਹੋਰ ਅਧਿਕਾਰੀਆਂ ਵੱਲੋਂ ਪ੍ਰਸੰਸਾ ਕੀਤੀ ਗਈ। ਅਜਿਹੇ ਕਾਰਜ ਜਿੱਥੇ ਸਿੱਖ ਭਾਈਚਾਰੇ ਦਾ ਮਾਣ ਵਧਾਉਂਦੇ ਹਨ, ਉੱਥੇ ਸਿੱਖਾਂ ਦੀ ਪਹਿਚਾਣ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।

# ਫਰਿਜ਼ਨੋ ਵਿੱਚ "ਮਹਿਫਲ-ਏ-ਦਿਵਾਲੀ" ਦੌਰਾਨ ਲੱਗੀਆਂ ਰੌਣਕਾਂ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਭਾਰਤੀ ਸੱਭਿਆਚਾਰ ਵੱਖ-ਵੱਖ ਰਸਮਾਂ ਅਤੇ ਤਿਉਹਾਰਾਂ ਨਾਲ ਭਰਿਆ ਪਿਆ ਹੈ ਅਤੇ ਇੱਥੋਂ ਦੇ ਜਨਮੇਂ ਲੋਕਾਂ ਨੂੰ ਬਹਾਨਾ ਚਾਹੀਦਾ ਹੁੰਦਾ ਕਿ ਇੰਨਾਂ ਨੂੰ ਕਿਵੇ ਰਲ ਮਨਾਇਆ ਜਾਵੇ। ਦੀਵਾਲੀ ਦਾ ਤਿਉਹਾਰ ਵੀ ਅਜਿਹਾ ਹੀ ਇੱਕ ਖਾਸ ਤਿਉਹਾਰ ਹੈ ਜਿਸ ਨੂੰ ਹਰ ਕੋਈ ਆਪਣੇ-ਆਪਣੇ ਤਰੀਕੇ ਅਤੇ ਵਿਸ਼ਵਾਸ ਅਨੁਸਾਰ ਮਨਾਉਂਦਾ ਹੈ। ਕੁਝ ਲੋਕ ਆਪਣੇ ਧਰਮ ਅਸਥਾਨਾਂ 'ਤੇ ਜਾ ਕੇ ਮਨਾਉਂਦੇ ਹਨ ਅਤੇ ਕੁਝ ਇੰਨ੍ਹਾਂ ਹੀ ਤਿਉਹਾਰਾਂ ਨੂੰ ਆਪਣੇ ਮੰਨੋਰੰਜ਼ਨ ਵਜੋਂ ਮਨਾਉਂਦੇ ਹਨ।



ਬੀਤੇ ਦਿਨੀ ਕੁਝ ਖਾਸ ਸਾਹਿੱਤਕ ਅਤੇ ਸੰਗੀਤਕ ਹਸਤੀਆਂ ਨੇ ਰਲ ਗਾਇਕ ਗੋਗੀ ਸੰਧੂ ਦੇ ਉੱਦਮ ਸਦਕਾ "ਮਹਿਫਲ-ਏ-ਦਿਵਾਲੀ" ਦਾ ਆਗਾਜ਼ ਕੀਤਾ। ਇਸ ਪ੍ਰੋਗਰਾਮ ਦੀ ਖ਼ਾਸੀਅਤ ਇਹ ਸੀ ਕਿ ਇਹ ਪ੍ਰੋਗਰਾਮ ਪਹਿਲੀ ਵਾਰ ਗਾਇਕਾਂ ਦੁਆਰਾ, ਗਾਇਕਾਂ ਦੇ ਸਨਮਾਨ ਹਿੱਤ ਰੱਖਿਆ ਗਿਆ ਸੀ। ਇਸ ਵਿੱਚ ਸ਼ਾਮਲ ਛੋਟੀ ਉਮਰ ਤੋਂ ਲੈ ਕੇ ਵੱਡੀ ਉਮਰ ਤੱਕ ਸਭ ਕਲਾਕਾਰ ਸ਼ਾਮਲ ਸਨ। ਜਿੰਨ੍ਹਾਂ ਨੇ ਆਪਣੇ-ਆਪਣੇ ਅੰਦਾਜ਼ ਵਿੱਚ ਬਾ-ਕਮਾਲ ਗਾਇਆ। ਇਸ ਤੋਂ ਇਲਾਵਾ ਦੋਗਾਣਾ ਜੋੜੀਆਂ ਨੇ ਵੀ ਗਾ ਮਹੌਲ ਨੂੰ ਰੰਗੀਨ ਬਣਾਇਆ। ਇਸ ਮਹਿਫਲ ਵਿੱਚ ਹਾਜ਼ਰੀਨ ਕਲਾਕਾਰਾ ਨੇ ਆਪਣੀ ਗਾਇਕੀ ਦੇ ਨਾਲ-ਨਾਲ ਪੰਜਾਬੀ ਅਤੇ ਹਿੰਦੀ ਕਰਿਊਕੀ ਸਟਾਈਲ ਵਿੱਚ ਗਾਉਂਦੇ ਹੋਏ ਸਭ ਨੂੰ ਨੱਚਣ ਲਾਈ ਰੱਖਿਆ।

ਇਸ ਸਮੇਂ ਕਲਾਕਾਰਾਂ ਦੀ ਮਹਿਫਲ ਵਿੱਚ ਪੂਨਮ ਮਲਹੋਤਰਾ, ਜੂਨੀਆਰ ਕਿਸ਼ੋਰ, ਮੀਮੀ ਗਰਿਨ, ਜੋਤੀ ਸਿੰਘ, ਜਸਵੰਤ ਜੱਸੀ, ਮਲਿਕ ਅਵਾਨ, ਮਨਪ੍ਰੀਤ ਕੋਰ, ਅਰਸ ਖ਼ਾਨ, ਅਮਰ ਸੱਬਰਵਾਲ, ਕਮਲ ਸੰਬਰਵਾਈ, ਟਰੀਸ਼ਾ, ਸੁੱਖ, ਦਿਲਜੀਤ ਅਤੇ ਮਾਸਟਰ ਲੈਡਿਨ ਆਦਿਕ ਨੇ ਰੌਣਕਾਂ ਲਾਈਆ।

ਮਹਿਫਲ ਦੀ ਸਮਾਪਤੀ 'ਤੇ ਮੁੱਖ ਪ੍ਰਬੰਧਕ ਗੋਗੀ ਸੰਧੂ ਅਤੇ ਰਾਣੀ ਸੰਧੂ ਵੱਲੋਂ ਰਾਤਰੀਂ ਦੇ ਸੁਆਦਿਸ਼ਟ ਖਾਣੇ ਦੇ ਨਾਲ-ਨਾਲ ਸਭ ਨੂੰ ਦਿਵਾਲੀ ਦੀਆਂ ਮਿਠਿਆਈਆਂ ਦੇ ਡੱਬੇ ਦੇ ਕੇ ਨਿਵਾਜ਼ਿਆ ਗਿਆ। ਅੰਤ ਗਾਉਂਦੇ, ਹੱਸਦੇ ਖੇਡਦੇ ਅਤੇ ਨੱਚਦੇ ਮਹਿਫਲ ਯਾਦਗਾਰੀ ਹੋ ਨਿਬੜੀ।

# ਪ੍ਰਗਤੀਸ਼ੀਲ ਲੇਖਕ ਸੰਘ ਮਾਹਿਲਪੁਰ ਇਕਾਈ ਦੇ ਪ੍ਰਧਾਨ ਬਲਜਿੰਦਰ ਮਾਨ ਚੁਣੇ ਗਏ



**ਮਾਹਿਲਪੁਰ-** ਰਚਨਾਤਮਕ ਸੋਚ ਦੇ ਮਾਲਕ ਲੇਖਕਾਂ ਦੀ ਕੌਮੀ ਪੱਧਰ ਦੀ ਸੰਸਥਾ ਪ੍ਰਗਤੀਸ਼ੀਲ ਲੇਖਕ ਸੰਘ ਦੀ ਮਹਿਲਪੁਰ ਇਕਾਈ ਦੇ ਪ੍ਰਧਾਨ ਇਥੋਂ ਦੇ ਉੱਘੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਚੁਣੇ ਗਏ । ਉਹਨਾਂ ਨਾਲ ਨੌਜਵਾਨ ਸ਼ਾਇਰ ਜੀਵਨ ਚੰਦੇਲੀ ਜਨਰਲ ਸਕੱਤਰ ਬਣੇ ਹਨ।

ਅੱਜ ਇਥੇ ਇਹ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਪ੍ਰਗਤੀਸ਼ੀਲ ਲੇਖ ਸੰਘ ਦੇ ਪ੍ਰਧਾਨ ਪ੍ਰੋਫੈਸਰ ਸੁਰਜੀਤ ਜੱਜ ਨੇ ਕਿਹਾ ਕਿ ਮਾਹਿਲਪੁਰ ਇਕਾਈ ਦੇ ਸਾਰੇ ਅਹੁਦੇਦਾਰ ਜ਼ਿਲਾ ਇਕਾਈ ਦੇ ਅਹੁਦੇਦਾਰਾਂ ਦੀ ਹਾਜ਼ਰੀ ਵਿੱਚ ਸਰਬ ਸੰਮਤੀ ਨਾਲ ਚੁਣੇ ਗਏ ਹਨ ਲ ਹੋਰ ਚੁਣੇ ਗਏ ਅਹੁਦੇਦਾਰਾਂ ਵਿੱਚ ਪ੍ਰੀਤ ਨੀਤਪੁਰੀ ਸੀਨੀਅਰ ਮੀਤ ਪ੍ਰਧਾਨ, ਪ੍ਰਿੰ. ਸਰਬਜੀਤ ਸਿੰਘ ਮੀਤ ਪ੍ਰਧਾਨ, ਸਕੱਤਰ ਲਖਵਿੰਦਰ ਬ੍ਰਹਮਪੁਰੀ, ਵਿਤ ਸਕੱਤਰ ਪਰਮਜੀਤ ਕਾਤਬ ਅਤੇ ਸਲਾਹਕਾਰ ਬੱਬੂ ਮਾਹਲਪੁਰੀ ਚੁਣਿਆ ਗਿਆ ।




# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਬੰਦੀ ਛੋੜ ਦਿਵਸ ਅਤੇ ਦੀਵਾਲੀ 'ਤੇ ਹੋਏ ਵਿਸ਼ੇਸ਼ ਸਮਾਗਮ





**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਦਮਦਮੀ ਟਕਸਾਲ ਜੱਥਾ ਭਿੰਡਰਾ ਦੀ ਰਹਿਨੁਮਾਈ ਅਧੀਨ ਚਲਾਏ ਜਾ ਰਹੇ "ਗੁਰਦੁਆਰਾ ਗੁਰ ਨਾਨਕ ਪ੍ਰਕਾਸ਼" ਫਰਿਜ਼ਨੋ, ਕੈਲੇਫੋਰਨੀਆਂ ਵਿਖੇ ਬੰਦੀ ਛੋੜ ਦਿਵਸ ਅਤੇ ਦੀ-ਵਾਲੀ ਨੂੰ ਮਨਾਉਂਦੇ ਹੋਏ ਵੱਡੇ ਪੱਧਰ 'ਤੇ ਵਿਸ਼ੇਸ਼ ਸਮਾਗਮ ਕਰਵਾਏ ਗਏ।

ਗੁਰੂ ਘਰ ਵਿੱਚ ਅਖੰਡ ਪਾਠਾ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ। ਜਿੰਨਾਂ ਵਿੱਚ ਗੁਰੂਘਰ ਦੇ ਕੀਰਤਨੀਏ ਜੱਥੇ ਤੋਂ ਇਲਾਵਾ ਹੋਰ ਜੱਥਿਆ ਨੇ ਵੀ ਹਾਜ਼ਰੀ ਭਰੀ।

ਇਸ ਸਮੇਂ ਕਥਾ ਕਰਦੇ ਹੋਏ ਭਾਈ ਸਾਹਿਬ੍ਰ ਨੇ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੇ ਇਤਿਹਾਸ ਬਾਰੇ ਕਥਾ-ਵਿਚਾਰਾ ਰਾਹੀ ਜਾਣਕਾਰੀ ਸਾਂਝੀ ਕੀਤੀ। ਇਸੇ ਤਰ੍ਹਾਂ ਹੋਰ ਗੁਰਸਿੱਖ ਬੁਲਾਰਿਆਂ ਅਤੇ ਸੰਗਤਾਂ ਨੇ ਧਾਰਮਿਕ ਵਿਚਾਰਾ ਦੀ ਸਾਂਝ ਪਾਈ।

ਗੁਰੂਘਰ ਵਿੱਚ ਇਸ ਦਿਨ ਦੀ ਵਿਸ਼ੇਸ਼ਤਾ ਨੂੰ ਮਨਾਉਂਦੇ ਹੋਏ ਲਾਈਟਾਂ ਅਤੇ ਦੀਵਿਆਂ ਨਾਲ ਦੀਪਮਾਲਾ ਕਰ ਸਜਾਇਆ ਗਿਆ ਸੀ। ਸੰਗਤਾਂ ਦੂਰ-ਦੁਰਾਡੇ ਤੋਂ ਪਹੁੰਚ ਇੱਥੇ ਮਿਠਾਈਆਂ ਦੇ ਪ੍ਰਸਾਦ ਲਿਆ, ਅਰਦਾਸਾ ਕਰ ਰਹੀਆਂ ਸਨ ਅਤੇ ਦੀਵੇ, ਮੋਮਬੱਤੀਆਂ ਆਦਿਕ ਜਗਾ ਰੋਸ਼ਨੀਆਂ ਦੇ ਤਿਓਹਾਰ ਨੂੰ ਹੋਰ ਰੋਸ਼ਨ ਕਰ ਰਹੀਆਂ ਸਨ। ਇਸੇ ਤਰਾਂ ਸੰਗਤਾਂ ਨੇ ਰਲ ਕੇ ਆਤਿਸ਼ਬਾਜੀ ਵੀ ਕੀਤੀ। ਜਿਸ ਦੌਰਾਨ ਵੱਡੇ ਪੱਧਰ 'ਤੇ ਪਟਾਕੇ, ਫੁਲਝੜੀਆਂ ਆਦਿਕ ਵੀ ਚਲਾਏ ਗਏ। ਇਸ ਸਮੇਂ ਪਟਾਕਿਆਂ ਦੀ ਗੂੰਜ ਅਤੇ ਆਤਿਸਬਾਜ਼ੀ ਦੇ ਰੰਗਾਂ ਨਾਲ ਟਿਮਟਮਾਉਦੇ ਅਸਮਾਨ ਦਾ ਸੰਗਤਾਂ ਨੇ ਰੱਜ ਕੇ ਅਨੰਦ ਮਾਣਿਆ। ਗੁਰੂਘਰ ਅੰਦਰ ਲੱਗੇ ਬਹੁ-ਭਾਂਤੀ ਖਾਣਿਆਂ ਦੇ ਸਟਾਲ ਵੀ ਸਭ ਲਈ ਖਿੱਚ ਦਾ ਕੇਂਦਰ ਰਹੇ। ਗੁਰੂਘਰ ਵਿੱਚ ਹਜ਼ਾਰਾਂ ਸੰਗਤਾਂ ਦਾ ਇਕੱਠ ਪੰਜਾਬੀ ਭਾਈਚਾਰੇ ਅਤੇ ਗੁਰਸਿੱਖਾਂ ਦੀ ਚੜਦੀਕਲਾ ਦਾ ਸੁਨੇਹਾ ਦੇ ਰਿਹਾ ਸੀ।

ਇਸ ਸੰਗਤਾਂ ਦਾ ਭਾਰੀ ਇਕੱਠ ਸੀ। ਜਿੱਥੇ ਵੱਖ-ਵੱਖ ਤਰਾਂ ਦੇ ਸੁਆਦਿਸ਼ਟ ਲੰਗਰ ਲੱਗੇ ਹੋਏ ਸਨ। ਚੱਲ ਰਹੇ ਇਹ ਸਮਾਗਮ ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜੇ।

# ਪਠਾਨਕੋਟ ਪੁਲਿਸ ਦੇ ਸਾਈਬਰ ਸੈੱਲ ਨੇ ਹਵਾਈ ਸੈਨਾ ਸਟੇਸ਼ਨ ਦੇ ਕਰਮਚਾਰੀਆਂ ਲਈ ਮਹੱਤਵਪੂਰਨ ਸਾਈਬਰ ਸੁਰੱਖਿਆ ਸੈਮੀਨਾਰ ਆਯੋਜਿਤ ਕੀਤਾ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)-** ਸਾਈਬਰ ਸੁਰੱਖਿਆ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਇੱਕ ਸਰਗਰਮ ਪਹਿਲਕਦਮੀ ਵਿੱਚ, ਪਠਾਨਕੋਟ ਪੁਲਿਸ ਦੇ ਸਾਈਬਰ ਸੈੱਲ, ਸਮਰਪਿਤ ਐਸਆਈ ਦਿਲਪ੍ਰੀਤ ਕੌਰ ਦੀ ਅਗਵਾਈ ਵਿੱਚ ਅਤੇ ਡੀਐਸਪੀ ਹੈੱਡਕੁਆਰਟਰ ਨਛੱਤਰ ਸਿੰਘ ਦੀ ਨਿਗਰਾਨੀ ਹੇਠ, ਹਾਲ ਹੀ ਵਿੱਚ ਸਾਈਬਰ ਕ੍ਰਾਈਮ ਅਤੇ ਵਿੱਤੀ ਧੋਖਾਧੜੀ ਦੇ ਨਵੀਨਤਮ ਰੁਝਾਨਾਂ ਬਾਰੇ ਇੱਕ ਗਿਆਨ ਭਰਪੂਰ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਹ ਵਿਦਿਅਕ ਸੈਮੀਨਾਰ ਪਠਾਨਕੋਟ ਦੇ ਮਾਣਯੋਗ ਏਅਰ ਫੋਰਸ ਸਟੇਸ਼ਨ ਵਿਖੇ ਹੋਇਆ।

ਸੈਮੀਨਾਰ ਦੇ ਦੌਰਾਨ, ਹਾਜ਼ਰੀਨ ਨੇ ਸਾਈਬਰ ਧੋਖਾਧੜੀ ਦੇ ਵੱਖ-ਵੱਖ ਰੂਪਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਇਹਨਾਂ ਵਿਕਸਤ ਖ਼ਤਰਿਆਂ ਤੋਂ ਆਪਣੇ ਆਪ ਨੂੰ ਬਚ-ਾਉਣ ਲਈ ਜ਼ਰੂਰੀ ਰਣਨੀਤੀਆਂ ਸਿੱਖੀਆਂ। ਇਵੈਂਟ ਨੇ ਅੱਜ



ਦੇ ਡਿਜੀਟਲ ਯੁੱਗ ਵਿੱਚ ਸੰਵੇਦਨਸ਼ੀਲ ਜਾਣਕਾਰੀ ਅਤੇ ਨਿੱਜੀ ਡੇਟਾ ਦੀ ਸੁਰੱਖਿਆ ਦੇ ਮਹੱਤਵ ਨੂੰ ਰੇਖਾਂਕਿਤ ਕੀਤਾ। ਇਸ ਤੋਂ ਇਲਾਵਾ, ਹਾਜ਼ਰ ਲੋਕਾਂ ਨੂੰ ਸਾਈਬਰ ਕ੍ਰਾਈਮ ਦਾ ਮੁਕਾਬਲਾ ਕਰਨ ਲਈ ਤੁਰੰਤ ਸਰੋਤਾਂ ਨਾਲ ਲੈਸ ਕੀਤਾ ਗਿਆ ਸੀ, ਜਿਸ ਵਿੱਚ ਹੈਲਪਲਾਈਨ ਨੰਬਰ 1930 ਅਤੇ ਵੈੱਬਸਾਈਟ cybercirme.govi.n ਸ਼ਾਮਲ ਹੈ, ਇਹ ਯਕੀਨੀ ਬਣਾਉਣ ਲਈ ਕਿ ਲੋੜ ਪੈਣ ਤੇ ਉਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ।

ਸੀਨੀਅਰ ਪੁਲਿਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਇਸ ਸੈਮੀਨਾਰ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਅਤੇ ਵੱਧ ਰਹੇ ਸਾਈਬਰ ਖਤਰਿਆਂ ਦੇ ਮੱਦੇਨਜ਼ਰ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪਠਾਨਕੋਟ ਪੁਲਿਸ ਦੀ ਵਚਨਬੱਧਤਾ ਤੇ ਜ਼ੋਰ ਦਿੱਤਾ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਮੁਲਾਜਮਾਂ ਤੇ ਪੈਨਸ਼ਨਰਾਂ ਨੇ ਮੰਗਾ ਪੂਰੀਆਂ ਨਾ ਕਰਨ ਤੇ ਸਰਕਾਰ ਦਾ ਗੜ੍ਹਸ਼ੰਕਰ ਵਿਖੇ ਪੁਤਲਾ ਸਾੜਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵਲੋਂ ਮੁਲਾਜਮਾਂ ਤੇ ਪੈਨਸ਼ਨਰਾਂ ਦੀਆਂ ਮੰਗਾ ਪ੍ਰਤੀ ਅਪਣਾਏ ਗੈਰ ਜ਼ਿੰਮੇਵਾਰ ਰਵੱਈਏ ਦੇ ਵਿਰੁੱਧ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ਤੇ ਅੱਜ ਗੜ੍ਹਸ਼ੰਕਰ ਦੇ ਮੁਲਾਜ਼ਮ ਤੇ ਪੈਨਸ਼ਨਰਾਂ ਵਲੋਂ ਵਰਦੇ ਮੀਂਹ ਵਿੱਚ ਗਾਂਧੀ ਪਾਰਕ ਵਿਖੇ ਸੂਬਾਈ ਤੇ ਕੁਝ ਰਾਹਤ ਦੇਵੇਗੀ ਪਰ ਸਰਕਾਰ ਨੇ ਸਾਫ ਇਨਕਾਰ ਕਰ ਦਿੱਤਾ ਹੈ। ਸਰਕਾਰ ਦੀ ਮੁਲਾਜਮਾਂ ਤੇ ਪੈਨਸ਼ਨਰਾਂ ਪ੍ਰਤੀ ਧਾਰਨ ਕੀਤੀ ਨੀਤੀ ਕਾਰਨ ਬੇਚੈਨੀ ਲਗਾਤਾਰ ਵੱਧ ਰਹੀ ਹੈ। ਜਿਸ ਦਾ ਖਮਿਆਜ਼ਾ ਸਰਕਾਰ ਨੂੰ ਲੋਕ ਸਭਾ ਚੋਣਾਂ ਮੌਕੇ ਭਰਨਾ ਪਵੇਗਾ। ਇਸ ਸਮੇਂ ਮੰਗ ਕੀਤੀ ਕਿ ਸਰਕਾਰੀ ਵਿਭਾਗਾਂ ਵਿੱਚ ਕੱਚੇ



ਆਗੂ ਮੱਖਣ ਸਿੰਘ ਵਾਹਿਦਪੁਰੀ ਦੀ ਅਗਵਾਈ ਵਿੱਚ ਰੋਸ ਰੈਲੀ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਸਾੜਿਆ। ਇਸ ਸਮੇਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁਲਾਜਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਗਏ ਚੋਣ ਵਾਅਦਿਆਂ ਵਿੱਚੋਂ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ।ਆਮ ਆਦਮੀ ਪਾਰਟੀ ਨੇ ਚੋਣਾਂ ਸਮੇਂ ਪੈਨਸ਼ਨਰਾਂ ਤੇ ਮੁਲਾਜ਼ਮਾ ਨਾਲ ਸਾਰੀਆਂ ਮੰਗਾ ਮੰਨਣ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਨੇ ਸੱਤਾ ਵਿੱਚ ਆਉਂਦੇ ਸਾਰ ਹੀ ਮੁਲਾਜਮਾਂ ਤੇ ਪੈਨਸ਼ਨਰਾਂ ਪ੍ਰਤੀ ਆਪਣਾ ਰਵੱਈਆ ਬਦਲ ਲਿਆ। ਸਾਡੀਆਂ ਜਾਇਜ ਮੰਗਾ ਮੰਨਣ ਦੀ ਥਾਂ ਸੰਘਰਸ਼ ਕਰ ਰਹੇ ਮੁਲਾਜਮਾਂ ਤੇ ਪੈਨਸ਼ਨਰਾਂ ਤੇ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ। ਅੱਜ ਰੁਜਗਾਰ ਦਾ ਹੱਕ ਮੰਗਦੇ ਨੋਜਵਾਨਾਂ ਨੂੰ ਖੁਦਕੁਸ਼ੀਆਂ ਕਰਨ ਵਾਸਤੇ ਮਜਬੂਰ ਕੀਤਾ ਜਾ ਰਿਹਾ ਹੈ। ਮੁਲਾਜਮਾਂ ਤੇ ਪੈਨਸ਼ਨਰਾਂ ਨੂੰ ਸਰਕਾਰ ਤੋਂ ਆਸ ਸੀ ਕਿ ਦਿਵਾਲੀ ਮੁਲਾਜਮਾਂ ਨੂੰ ਪੱਕੇ ਕੀਤਾ ਜਾਵੇ, ਖਾਲੀ ਪਈਆਂ ਅਸਾਮੀਆਂ ਤੁਰੰਤ ਭਰੀਆਂ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਸੈਕਟਰ ਹੋਏ ਉਮੀਦਵਾਰਾਂ ਨੂੰ ਛੇਤੀ ਨਿਯੁਕਤੀ ਪੱਤਰ ਦਿੱਤੇ ਜਾਣ, ਆਂਗਣਵਾੜੀ, ਆਸ਼ਾ ਵਰਕਰ ਤੇ ਮਿੱਡ ਡੇ ਮੀਲ ਵਰਕਰਾਂ ਨੂੰ ਘੱਟੋ ਘੱਟ ਉਜਰਤ ਦੇ ਦਾਇਰੇ ਵਿੱਚ ਲਿਆਂਦਾ ਜਾਵੇ, ਡਿਵੈਲਪਮੈਂਟ ਟੈਕਸ ਦੀ ਕਟੌਤੀ ਬੰਦ ਕੀਤੀ ਜਾਵੇ, ਡੀ ਏ ਦੀ ਬਕਾਇਆ ਕਿਸ਼ਤ ਜਾਰੀ ਕੀਤੀ ਜਾਵੇ ਤੇ ਪੇਅ ਕਮਿਸ਼ਨ ਦੀ ਰਿਪੋਰਟ ਸੋਧ ਕੇ ਲਾਗੂ ਕੀਤੀ ਜਾਵੇ। ਇਸ ਮੌਕੇ ਬਲਵੰਤ ਰਾਮ, ਸ਼ਾਮ ਸੁੰਦਰ ਕਪੂਰ, ਹੰਸ ਰਾਜ, ਗੋਪਾਲ ਦਾਸ, ਪਰਮਾ ਨੰਦ, ਜੀਤ ਸਿੰਘ, ਸੱਤਪਾਲ ਕਲੇਰ, ਜੋਗਿੰਦਰ ਸਿੰਘ, ਗੁਰਨਾਮ ਹਾਜੀਪੁਰ, ਕਿਹਰ ਸਿੰਘ, ਗਿਆਨੀ ਅਵਤਾਰ ਸਿੰਘ, ਗੁਰਮੇਲ ਸਿੰਘ, ਸ਼ਰਮੀਲਾ ਰਾਣੀ, ਜਸਵਿੰਦਰ ਕੌਰ, ਨਿਰਮਲਾ ਦੇਵੀ, ਜੋਗਾ ਰਾਮ ਤੇ ਬਲਭੱਦਰ ਸਿੰਘ ਹਾਜਰ ਸਨ।

# ਸਕੂਲ ਮੁਖੀ ਨੇ ਬੱਚਿਆਂ ਨੂੰ ਗਰੀਨ ਦਿਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਵਾਤਾਵਰਣ ਸੰਭਾਲ ਸੁਸਾਇਟੀ ਨਵਾਂਸ਼ਹਿਰ ਵਲੋਂ ਸਰਕਾਰੀ ਸਮਾਰਟ ਸਕੂਲ ਕਰਦਾ ਸੈ। ਇਸ ਲਈ ਸਾਨੂੰ ਪਸ਼ੂ ਪੰਛੀਆਂ ਤੋਂ ਸਿੱਖਿਆ ਲੈਣੀ ਚਾਹੀਦੀ ਸੈ। ਇਸ ਕਰਕੇ ਵਾਤਾਵਰਣ ਦੀ ਸ਼ੁੱਧਤਾ ਲਈ ਇਸ



ਭੰਗਲ ਖੁਰਦ ਵਿਖੇ ਗਰੀਨ ਦਿਵਾਲੀ ਮਨਾਉਣ ਲਈ ਜਾਗਰੂਕ ਕੈਂਪ ਦਾ ਆਯੋਜਨ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਭੱਟੀ ਨੇ ਵਿਦਿਆਰਥੀਆਂ ਨੂੰ ਦਿਵਾਲੀ ਦੇ ਇਤਿਹਾਸ ਵਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪਟਾਕੇ ਚਲਾਉਣ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ। ਪਟਾਖਿਆਂ ਦੇ ਧੂੰਏ ਨਾਲ ਮਨੁੱਖ, ਪਸ਼ੂ, ਪੰਛੀਆਂ ਨੂੰ ਵੀ ਬਹੁਤ ਮਾਨਸਿਕ ਪੀੜਾ ਚੋਂ ਗੁਜਰਨਾ ਪੈਂਦਾ ਹੈ।ਬੈਂਕ ਮੈਨੇਜਰ ਤਰਸੇਮ ਲਾਲ ਨੇ ਬੱਚਿਆਂ ਨੂੰ ਦੱਸਿਆ ਕਿ ਮਨੁੱਖ ਹੀ ਇਸ ਧਰਤੀ ਤੇ ਅਜਿਹਾ ਜੀਵ ਹੈ ਜੋ ਆਪਣੀ ਕਰਮਭੂਮੀ ਨੂੰ ਵੀ ਰੱਜ ਔੜ ਪ੍ਰਦੂਸ਼ਿਤ ਕਰਦਾ ਹੈ, ਜਦੋਂ ਕਿ ਬੇਜ਼ੁਬਾਨ ਪਸ਼ੂ ਬੈਠਣ ਤੋਂ ਪਹਿਲਾਂ ਜਮੀਨ ਨੂੰ ਸਾਫ ਵਾਰੀ ਸਾਨੂੰ ਗਰੀਨ ਦਿਵਾਲੀ ਮਨਾਉਣੀ ਚਾਹੀਦੀ ਹੈ। ਉਹਨਾਂ ਆਖਿਆ ਕਿ ਲੋਕਾਂ ਨੂੰ ਦਿਵਾਲੀ ਮੌਕੇ ਬੂਟੇ ਵੰਡ ਕੇ ਖੁਸ਼ੀ ਸਾਂਝੀ ਕਰਨੀ ਚਾਹੀਦੀ ਹੈ।

ਇਸ ਮੌਕੇ ਸਕੂਲ ਮੁਖੀ ਪਰਵਿੰਦਰ ਸਿੰਘ ਭੰਗਲ ਸਟੇਟ ਐਵਾਰਡੀ ਵਲੋਂ ਵਿਦਿਆਰਥੀਆਂ ਨੂੰ ਦਿਵਾਲੀ ਮੌਕੇ ਰੁੱਖ ਲਗਾਉਣ ਅਤੇ ਪਟਾਖੇ ਰਹਿਤ ਗ੍ਰੀਨ ਦਿਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਭਾਗ ਸਿੰਘ, ਕੁਲਦੀਪ ਕੁਮਾਰ, ਨੀਰਜ ਕੁਮਾਰੀ ਸਟੇਟ ਐਵਾਰਡੀ, ਹਰਜੀਤ ਕੌਰ, ਮਨਜਿੰਦਰ ਕੌਰ, ਜੋਤੀ, ਜਸਵਿੰਦਰ ਕੌਰ, ਸੁਪਿੰਦਰ ਕੌਰ ਤੇ ਕਮਲਾ ਰਾਣੀ ਆਦਿ ਹਾਜ਼ਰ ਸਨ।

# ਐਨਆਰਆਈ ਨੇ 'ਨੋਬਲ ਫਾਊਂਡੇਸ਼ਨ ਸਕੂਲ' ਵਿੱਚ ਵੰਡੀਆਂ ਕਿਤਾਬਾਂ

**ਜਲੰਧਰ–** ਅੰਬੇਡਕਰਵਾਦ ਅਤੇ ਬੁੱਧ ਧਰਮ ਨੂੰ ਸਮਰਪਿਤ ਨੌਜਵਾਨ ਅਤੇ ਊਰਜਾਵਾਨ ਔਰਤ ਮੀਨੂੰ ਧੀਰ ਨੇ ਸਿਰਫ ਬੁੱਧੀਸਟ ਆਰਗੇਨਾਈਜੇਸ਼ਨ (ਇਓਂ) ਦੇ ਅੰਤਰਰਾਸ਼ਟਰੀ ਕੋਆਰਡੀਨੇਟਰ ਨੇ ਸਕੂਲ ਦਾ ਦੌਰਾ ਕੀਤਾ ਅਤੇ ਉਨ੍ਹਾਂ



ਪੰਜ ਬੱਚਿਆਂ ਨਾਲ 2021 ਵਿੱਚ ਲੁਧਿਆਣਾ ਦੀ ਲੇਬਰ ਕਲੋਨੀ, ਚਿਠੀ ਕਲੋਨੀ ਭੱਟੀਆਂ ਵਿੱਚ 'ਡਾ. ਬੀ.ਆਰ. 'ਅੰਬੇਡਕਰ ਕੰਪਿਊਟਰ ਸੈਂਟਰ ਐਂਡ ਸਕੂਲ ਆਫ ਨੋਬਲ ਫਾਊਂਡੇਸ਼ਨ' ਦੇ ਨਾਂ 'ਤੇ ਸਕੂਲ ਖੋਲ੍ਹਿਆ ਸੀ । ਹੁਣ 2023 ਵਿੱਚ ਉਨ੍ਹਾਂ ਦੀ ਆਪਣੇ ਕੰਮ ਪ੍ਰਤੀ ਲਗਨ ਸਦਕਾ ਸਕੂਲ ਵਿੱਚ 107 ਦੇ ਕਰੀਬ ਬੱਚੇ ਪੜ੍ਹ ਰਹੇ ਹਨ ਅਤੇ ਕੰਪਿਊਟਰ ਦੀ ਸਿੱਖਿਆ ਵੀ ਹਾਸਲ ਕਰ ਰਹੇ ਹਨ। ਮੀਨੂੰ ਧੀਰ ਦੀ ਯੋਗਤਾ MCA, MSc (IT) ਹੈ ਅਤੇ ਉਹ ਗਰੀਬ ਅਤੇ ਮਜ਼ਦੂਰ ਪਰਿਵਾਰਾਂ ਦੇ ਬੱਚਿਆਂ ਨੂੰ ਪੜ੍ਹਾਉਂਦੀ ਹੈ। ਸ਼੍ਰੀ ਹਰਬੰਸ ਲਾਲ ਵਿਰਦੀ (ਲੰਡਨ), ਫੈਡਰੇਸ਼ਨ ਆਫ ਅੰਬੇਡਕ੍ਰਾਈਟ ਐਂਡ ਦੁਆਰਾ ਲਿਖੀ ਕਿਤਾਬ 'ਸੰਖੇਪ ਜੀਵਨ ਅਤੇ ਸੰਘਰਸ਼ – ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਡਕਰ' ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੰਡੀ ਗਈ । ਵਿਰਦੀ ਜੀ ਨੇ ਬੱਚਿਆਂ ਨੂੰ ਬਾਬਾ ਸਾਹਿਬ ਬਾਰੇ ਵੀ ਦੱਸਿਆ। ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਬੈਂਜਾਮਿਨ (ਕੈਨੇਡਾ), ਨੈਨਦੀਪ, ਜਗਦੀਸ਼ ਧੀਰ, ਅਮਰ ਦਾਸ, ਮਨਦੀਪ ਕੌਰ ਅਤੇ ਗਿਆਨ ਕੌਰ ਹਾਜ਼ਰ ਸਨ। ਮੀਨੂੰ ਧੀਰ ਨੇ ਸ਼੍ਰੀ ਹਰਬੰਸ ਲਾਲ ਵਿਰਦੀ ਦਾ ਧੰਨਵਾਦ ਕੀਤਾ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਰਾਹੀਂ ਦਿੱਤੀ।

# ਮੁਲਾਜ਼ਮਾਂ ਨੇ ਕਾਲੇ ਝੰਡੇ/ਕਾਲੀ ਪੱਗੜ੍ਹੀ/ਕਾਲੀ ਚੂਨੀ/ਕਾਲੀ ਪੱਟੀ ਬੰਨਕੇ ਮੁੱਖ ਮੰਤਰੀ ਦੀ ਅਰਥੀ ਫੂਕੀ

**ਅੰਮ੍ਰਿਤਸਰ, (ਦਲਜੀਤ ਕੌਰ)** ਪੰਜਾਬ ਸਰਕਾਰ ਵਲੋਂ ਪੰਜਾਬ ਦੇ ਮੁਲਾਜ਼ਮਾ ਅਤੇ ਪੈਨਸ਼ਨਰਾ ਦੀਆਂ ਮੰਗਾ ਪ੍ਰਤੀ ਧਾਰੀ ਸ਼ਾਜਸ਼ੀ ਚੁਪ ਦੇ ਖਿਲਾਫ ਪੰਜਾਬ ਮੁਲਾਜਮ ਪੈਂਨਸ਼ਨਰ ਸਾਂਝਾ ਫਰੰਟ ਵੱਲੋਂ ਕੈਬਨਿਟ ਮੰਤਰੀਆਂ ਅਤੇ ਆਪ ਵਿਧਾਇਕਾ ਦੇ ਘਰਾਂ ਅੱਗੇ ਕਾਲੇ ਝੰਡੇ/ਕਾਲੀ ਪੱਗੜ੍ਹੀ/ਕਾਲੀ ਚੂਨੀ/ਕਾਲੀ ਪੱਟੀ ਬੰਨਕੇ ਮੁੱਖ ਮੰਤਰੀ ਪੰਜਾਬ ਦੀਆਂ ਅਰਥੀਆਂ ਫੂਕੇ ਜਾਣ ਦੀ ਕੜ੍ਹੀ ਵਜੋਂ ਅੱਜ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਅਤੇ ਤੀਰਥ ਯਾਤਰਾਵਾਂ ਦੇ ਹੀ ਸੁਪਨੇ ਦਿਖਾਏ ਹਨ। ਸੁੱਚਾ ਸਿੰਘ ਟਰਪਈ, ਅਮਨ ਸ਼ਰਮਾਂ, ਰਣਬੀਰ ਉੱਪਲ, ਮਦਨ ਲਾਲ ਮੰਨਣ, ਹਰਭਜਨ ਸਿੰਘ ਝੰਜੋਟੀ, ਰਾਜੇਸ਼ ਪ੍ਰਾਸ਼ਰ, ਮੁਖਤਾਰ ਸਿੰਘ ਮੁਹਾਵਾ, ਸੰਦੀਪ ਸਿੰਘ ਵੇਰਕਾ, ਹਰਪ੍ਰੀਤ ਸੋਹੀਆਂ, ਸੁਖਰਾਜ ਸਰਕਾਰੀਆ, ਬਲਜਿੰਦਰ ਸਿੰਘ ਵਡਾਲੀ, ਚਰਨ ਸਿੰਘ, ਗੁਰਬਿੰਦਰ ਖੈਹਰਾ, ਮੰਗਲ ਟਾਂਡਾ , ਸੁਖਜਿੰਦਰ ਰਿਆੜ ਆਗੂਆਂ ਨੇ ਆਖਿਆ ਕਿ ਮੁਲਾਜ਼ਮਾਂ/ਪੈਨਸ਼ਨਰਾਂ ਨੂੰ ਮਹਿਗਾਈ



ਘਰ ਸਾਹਮਣੇ ਮੁੱਖ ਮੰਤਰੀ ਪੰਜਾਬ ਦੀ ਅਰਥੀ ਫੂਕੀ ਗਈ।

ਇਸ ਮੌਕੇ ਸਾਂਝੇ ਫਰੰਟ ਦੇ ਸੂਬਾ ਕਨਵੀਨਰ ਸਵਿੰਦਰ ਸਿੰਘ ਮੋਲੋਵਾਲੀ, ਜਿਲ੍ਹਾ ਕਨਵੀਨਰ ਗੁਰਦੀਪ ਸਿੰਘ ਬਾਜਵਾ, ਅਸ਼ਵਨੀ ਅਵਸਥੀ, ਮਦਨ ਗੁਪਾਲ, ਸੁਖਦੇਵ ਸਿੰਘ ਪੰਨੂ, ਜੋਗਿੰਦਰ ਸਿੰਘ, ਅਜੈ ਸਨੋਤਰਾ, ਕੰਵਲਜੀਤ ਸਿੰਘ ਨੇ ਆਖਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਬਿਲਕੁਲ ਵੀ ਗਭੀਰ ਨਹੀਂ ਹੈ ਉਲਟਾ ਸਰਕਾਰ ਵਲੋਂ ਸਾਜਿਸ਼ੀ ਚੁਪ ਧਾਰੀ ਹੋਈ ਹੈ। ਪੰਜਾਬ ਕੈਬਨਿਟ ਦੀ 06 ਨਵੰਬਰ ਦੀ ਮੀਟਿੰਗ ਵਿੱਚ ਇਸ ਵਰਗ ਨੂੰ ਕਾਫੀ ਆਸ ਸੀ ਕਿ ਸਰਕਾਰ ਕੁੱਝ ਮੁਲਾਜ਼ਮ/ਪੈਨਸ਼ਨਰ ਪੱਖੀ ਫੈਸਲੇ ਲਵੇਗੀ, ਪ੍ਰੰਤੂ ਇਸ ਮੀਟਿੰਗ ਵਿੱਚ ਸਰਕਾਰ ਨੇ ਵਪਾਰੀ ਵਰਗ ਨੂੰ ਹੀ ਯਕ-ਮੁਸ਼ਤ ਨਿਪਟਾਰਾ ਸਕੀਮ ਤਹਿਤ ਟੈਕਸਾ ਵਿੱਚ ਛੋਟ ਦਿੱਤੀ ਹੈ ਭੱਤਾ ਨਾ ਦੇ ਕੇ ਤਨਖਾਹ ਅਤੇ ਪੈਨਸ਼ਨ ਨੂੰ 12 ਪ੍ਰਤੀਸ਼ਤ ਖੋਰਾ ਲਗਾਇਆ ਜਾ ਰਿਹਾ ਹੈ ਅਤੇ ਇਹ ਅਸਮਾਨਤਾ ਲੰਬੇ ਸਮੇਂ ਤੋਂ ਚੱਲ ਰਹੀ ਹੈ।

ਸੁਖਦੇਵ ਰਾਜ ਕਾਲੀਆ, ਕੁਲਦੀਪ ਸ਼ਰਮਾ, ਜਤਿੰਦਰ ਸਿੰਘ, ਇੰਦਰਜੀਤ ਰਿਸ਼ੀ, ਬਲਦੇਵ ਸਿੰਘ ਲੁਹਾਰਕਾ, ਗੁਰਜੰਟ ਸਿੰਘ, ਸਰਬਜੀਤ ਸਿੰਘ, ਗੁਰਦੀਪ ਉੱਪਲ ਨੇ ਕਿਹਾ ਕਿ ਇਹ ਵੀ ਪਹਿਲੀ ਵਾਰ ਹੈ ਕਿ ਦਿਵਾਲੀ ਤੇ ਮਹਿਗਾਈ ਭੱਤਾ ਨਾ ਮਿਲੇ ਜਦੋਂਕਿ ਗੁਆਂਢੀ ਸੂਬੇ ਅਤੇ ਚੰਡੀਗੜ ਦੇ ਮੁਲਾਜ਼ਮ ਲੈ ਰਹੇ ਹਨ। ਇਸ ਵਰਗ ਨੂੰ ਤਨਖਾਹ ਕਮਿਸ਼ਨ ਦਾ ਕੋਈ ਬਕਾਇਆ ਨਹੀਂ, ਪੈਨਸ਼ਨਰਾਂ' ਨੂੰ 2.59 ਗੁਣਾਂਕ ਨਹੀਂ, ਤਨਖਾਹ ਕਮਿਸ਼ਨ ਦੀ ਰਹਿੰਦੀ ਰਿਪੋਰਟ ਠੰਡੇ ਬਸਤੇ ਵਿੱਚ, ਕੱਚੇ ਮੁਲਾਜ਼ਮ ਕੱਚੇ ਦੇ ਕੱਚੇ, ਮਾਣ ਭੱਤਾ/ਇਨਸੈਂਟਿਵ ਮੁਲਾਜ਼ਮਾਂ ਤੇ ਘੱਟੋ ਘੱਟ ਉਜਰਤਾਂ ਦਾ ਕਾਨੂੰਨ ਲਾਗੂ ਨਹੀਂ, ਪੁਰਾਣੀ ਪੈਨਸ਼ਨ ਦਾ ਸਿਰਫ ਕਾਗਜ਼ੀ ਐਲਾਨ ਹੀ ਰਹਿ ਗਿਆ, ਸੋਧਣ ਦੇ ਨਾਂ ਤੇ ਬੰਦ ਕੀਤੇ ਭੱਤੇ ਹੁਣ ਫਰੀਜ ਹੀ ਕਰ ਦਿੱਤੇ ਹਨ, ਪ੍ਰੋਵੇਸ਼ਨ ਪੀਰੀਅਡ ਤੇ ਮੁਲਾਜ਼ਮਾਂ ਦਾ ਸ਼ੋਸ਼ਣ ਜਾਰੀ, ਕੇਂਦਰੀ ਸਕੇਲ ਵਾਪਸ ਨਹੀਂ ਲਏ ਜਾ ਰਹੇ ਅਤੇ ਵਿਕਾਸ ਦੇ ਨਾਂ ਤੇ 200 ਰੁਪਏ ਜ਼ਜ਼ੀਆ ਟੈਕਸ ਦੀ ਕਟੌਤੀ ਜਾਰੀ ਹੈ। ਦਵਿੰਦਰ ਸਿੰਘ, ਅਮਰਜੀਤ ਭੱਲਾ, ਬਲਬੀਰ ਸਿੰਘ, ਕਰਮਜੀਤ ਕੇ ਪੀ, ਇਕਬਾਲ ਸਿੰਘ, ਬ੍ਰਹਮ ਦੇਵ ਆਦਿ ਆਗੂਆਂ ਨੇ ਕਿਹਾ ਕਿ ਅਗਲੇ ਤਿੱਖੇ ਐਕਸ਼ਨ ਉਲੀਕਣ ਲਈ ਮਿਤੀ 14 ਨਵੰਬਰ ਨੂੰ 11.00 ਵਜੇ ਪੈਨਸ਼ਨਰਜ਼ ਭਵਨ ਲੁਧਿਆਣਾ ਵਿੱਖੇ ਮੀਟਿੰਗ ਸੱਦ ਲਈ ਗਈ ਹੈ। ਇੱਸ ਮੌਕੇ ਹੋਰਨਾਂ ਤੋਂ ਇਲਾਵਾ ਜੋਗਿੰਦਰ ਸਿੰਘ, ਨੱਥਾ ਸਿੰਘ, ਬਲਬੀਰ ਸਿੰਘ, ਅਮਰਜੀਤ ਵੇਰਕਾ ਨਿਰਮਲ ਸਿੰਘ, ਬਲਜੀਤ ਸਿੰਘ, ਰਜਿੰਦਰ ਸਿੰਘ, ਗੁਰਇਕਬਾਲ ਸਿੰਘ, ਨਵਜੋਤ ਰਤਨ, ਗੁਰਦੇਵ ਸਿੰਘ, ਹਰਵਿੰਦਰ ਸਿੰਘ ਸੁਲਤਾਨ ਵਿੰਡ, ਬਲਦੇਵ ਮੰਨਣ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਟੈਕਸਾਸ ਵਿਚ ਹੋਈ ਗੋਲੀਬਾਰੀ ਵਿੱਚ ਇਕ 10 ਸਾਲ ਦੇ ਬੱਚੇ ਦੀ ਮੌਤ ਤੇ 4 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਦੱਖਣੀ ਟੈਕਸਾਸ ਵਿਚ ਹੋਸਟਨ ਨੇੜੇ ਇਕ ਮਾਰਕਿਟ ਵਿਚ ਹੋਈ ਗੋਲੀਬਾਰੀ ਵਿਚ ਇਕ 10 ਸਾਲਾਂ ਦੇ ਲੜਕੇ ਦੀ ਮੌਤ ਹੋਣ ਤੇ 4 ਹੋਰ ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਪੁਲਿਸ ਨੂੰ ਇਸ ਮਾਮਲੇ ਵਿਚ ਇਕ 19 ਸਾਲਾ ਸ਼ੱਕੀ ਵਿਅਕਤੀ ਦੀ ਤਲਾਸ਼ ਹੈ। ਪੀਅਰਲੈਂਡ ਪੁਲਿਸ ਵਿਭਾਗ ਅਨੁਸਾਰ ਸ਼ਾਮ 5।30 ਵਜੇ ਕੋਲ ਦੀ ਫਲੀ ਮਾਰਕਿਟ ਵਿਚ ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਜਿਨਾਂ ਨੂੰ 5 ਲੋਕ ਜ਼ਖਮੀ ਹਾਲਤ ਵਿਚ ਮਿਲੇ। ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਜਿਨਾਂ ਵਿਚੋਂ ਇਕ 10 ਸਾਲ ਦਾ ਲੜਕਾ ਦਮ ਤੋੜ ਗਿਆ। ਬਾਕੀ ਜ਼ਖਮੀਆਂ ਵਿਚ ਇਕ 14 ਸਾਲ ਦੀ ਲੜਕੀ, 16 ਸਾਲ ਦਾ ਲੜਕਾ, 18 ਸਾਲ ਦਾ ਇਕ ਬਾਲਗ ਤੇ ਇਕ 37 ਸਾਲ ਦਾ ਵਿਅਕਤੀ ਸ਼ਾਮਿਲ ਹੈ। ਪੁਲਿਸ ਅਨੁਸਾਰ ਇਸ ਮਾਮਲੇ ਵਿਚ ਇਕ 19 ਸਾਲਾ ਡੇਵਿਡ



ਨੇਗਰੇਟ ਨਾਮੀ ਵਿਅਕਤੀ ਦੇ ਸ਼ੱਕੀ ਦੋਸ਼ੀ ਵਜੋਂ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਪੁਲਿਸ ਦਾ ਕਹਿਣਾ ਹੈ ਕਿ ਸ਼ੱਕੀ ਦੋਸ਼ੀ ਹਥਿਆਰਬੰਦ ਹੈ ਤੇ ਉਹ ਖਤਰਨਾਕ ਹੋ ਸਕਦਾ ਹੈ ਇਸ ਲਈ ਲੋਕਾਂ ਨੂੰ ਚੌਕਸ ਰਹਿਣ ਦੀ ਲੋੜ ਹੈ। ਸ਼ੱਕੀ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲੇ ਨੂੰ 15000 ਡਾਲਰ ਇਨਾਮ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀ ਚੱਲਣ ਤੋਂ ਪਹਿਲਾਂ ਦੋ ਵਿਅਕਤੀਆਂ ਵਿਚਾਲੇ ਬੋਲ ਕਬੋਲ ਹੋਇਆ ਸੀ। ਪੁਲਿਸ ਵਿਭਾਗ ਅਨੁਸਾਰ ਗੋਲੀਬਾਰੀ ਵਿਚ ਦੋ ਹੈਂਡਗੰਨਾਂ ਦੀ ਵਰਤੋਂ ਕੀਤੀ ਗਈ ਹੈ। ਪੁਲਿਸ ਅਨੁਸਾਰ ਮਾਰਿਆ ਗਿਆ ਲੜਕਾ, ਜ਼ਖਮੀ 14 ਸਾਲ ਦੀ ਲੜਕੀ ਤੇ ਜ਼ਖਮੀ 37 ਸਾਲ ਦਾ ਵਿਅਕਤੀ ਨਿਰਦੋਸ਼ ਰਾਹਗੀਰ ਹਨ ਜਦ ਕਿ 18 ਸਾਲ ਦੇ ਜ਼ਖਮੀ ਬਾਲਗ ਨੂੰ ਸਬੂਤਾਂ ਨਾਲ ਛੇੜਛਾੜ ਕਰਨ ਤੇ ਪੁਲਿਸ ਨੂੰ ਝੂਠਾ ਬਿਆਨ ਦੇਣ ਦੇ ਦੋਸ਼ਾਂ ਤਹਿਤ ਹਿਰਾਸਤ ਵਿਚ ਲੈ ਲਿਆ ਗਿਆ ਹੈ।

# ਬਾਬਾ ਵਿਸ਼ਵਕਰਮਾ ਜੀ ਸ੍ਰਿਸ਼ਟੀ ਦੇ ਸ੍ਰੇਸ਼ਟ ਨਿਰਮਾਤਾ, ਸਮਾਜ ਦੇ ਹਰੇਕ ਵਰਗ ਨੂੰ ਬਾਬਾ ਵਿਸ਼ਵਕਰਮਾ ਦੀ ਸੋਚ ਤੇ ਚੱਲਣ ਦਾ ਸੱਦਾ

## ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਨੰਗਲ ਵਿਖੇ ਵੱਖ ਵੱਖ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕੀਤੀ

ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਕਿਹਾ ਕਿ ਕਿਰਤ ਦੇ ਦੇਵਤਾ ਵਜੋਂ ਜਾਣੇ ਜਾਂਦੇ ਬਾਬਾ ਵਿਸ਼ਵਕਰਮਾ ਜੀ ਪੂਰੇ ਦੇ ਸ੍ਰੇਸ਼ਟ ਨਿਰਮਾਤਾ ਹਨ, ਜਿਨ੍ਹਾਂ ਨੂੰ ਸਨਅਤਾਂ ਵਿੱਚ ਕਿਰਤੀਆਂ ਵੱਲੋਂ ਵਰਤੀ ਜਾਂਦੀ ਮਸ਼ੀਨਰੀ ਅਤੇ ਸੰਦਾਂ ਦਾ ਮਾਲਿਕ ਮੰਨਿਆ ਜਾਂਦਾ ਹੈ। ਉਨ੍ਹਾਂ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਵਿਸ਼ਵਕਰਮਾ ਪੂਜਾ ਦਿਵਸ ਮੌਕੇ ਕੀਤਾ। ਉਹਨਾਂ ਕਿਹਾ ਕਿ ਵਿਸ਼ਵਕਰਮਾ ਪੂਜਾ ਦਿਵਸ ਨੂੰ ਸਮੁੱਚੇ ਜਗਤ ਵਿੱਚ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਦਾ ਹੈ।

ਉਨ੍ਹਾਂ ਨੇ ਰੇਲਵੇ ਰੋਡ ਮੰਦਿਰ ਤੇ ਨੰਗਲ ਸ਼ਹਿਰ ਦੇ ਵੱਖ ਵੱਖ ਧਾਰਮਿਕ ਸਥਾਨਾ ਵਿੱਚ ਆਯੋਜਿਤ ਧਾਰਮਿਕ ਸਮ-ਾਗਮਾਂ ਵਿੱਚ ਹਾਜ਼ਰੀ ਲਗਵਾਈ ਅਤੇ ਸਮੁੱਚੀ ਲੋਕਾਈ ਨੂੰ ਸੁੱਭ ਕਾਮਨਾਵਾ ਦਿੱਤੀਆ। ਉਨ੍ਹਾਂ ਕਿਹਾ ਕਿ ਕਿਸੇ ਵੀ ਸੂਬੇ ਜਾਂ ਖਿੱਤੇ ਦਾ ਸਨਅਤੀ ਵਿਕਾਸ ਤਾਂ ਹੀ ਸੰਭਵ ਹੈ ਜੇਕਰ ਉਥੇ ਸਨਅਤਾਂ ਨੂੰ ਵਿਕਸਤ ਕਰਨ ਲਈ ਬਾਬਾ ਵਿਸ਼ਵਕਰਮਾ ਜੀ ਦੀ ਸੋਚ ਨੂੰ ਲਾਗੂ ਕੀਤਾ ਜਾਵੇ ਅਤੇ ਸਨਅਤਾਂ ਵਿੱਚ ਕੰਮ ਕਰਦੇ ਕਾਮਿਆਂ ਨੂੰ ਬਣਦਾ ਸਤਿਕਾਰ ਅਤੇ ਮਿਹਨਤ ਦਾ ਮੁੱਲ ਮਿਲੇ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ



ਵਾਲੀ ਸਰਕਾਰ ਜਿੱਥੇ ਸਨਅਤਾਂ ਦੇ ਵਿਕਾਸ ਲਈ ਉਪਰਾਲੇ ਕਰ ਰਹੀ ਹੈ, ਉਥੇ ਹੀ ਮਜਦੂਰ ਅਤੇ ਹਰੇਕ ਵਰਗ ਦੇ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਇਸ ਮੌਕੇ ਬਾਬਾ ਵਿਸ਼ਵਕਰਮਾ ਮੰਦਿਰ ਕਮੇਟੀ ਦੂਬੇਟਾ ਦੇ ਪ੍ਰਧਾਨ ਯੋਗਰਾਜ ਅਤੇ ਨੰਗਲ ਮੰਦਿਰ ਕਮੇਟੀ ਵੱਲੋਂ ਪ੍ਰਧਾਨ ਸੁਭਾਸ ਚੰਦਰ ਵੱਲੋਂ ਕੈਬਨਿਟ ਮੰਤਰੀ ਹਰਜੋਤ ਬੈਂਸ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਅੱਜ ਦੂਬੇਟਾ ਕਲੋਨੀ ਵਿਖੇ ਵਿਸ਼ਵਕਰਮਾ ਮੰਦਿਰ ਦੇ ਹਾਲ ਦੇ ਨਿਰਮਾਣ ਲਈ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਇਸ ਮੌਕੇ ਆਪ ਆਗੂ ਡਾਕਟਰ ਸੰਜੀਵ ਗੌਤਮ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਕੇਹਰ ਸਿੰਘ ਬਲਾਕ ਪ੍ਰਧਾਨ, ਓਕਾਰ ਸਿੰਘ ਬਲਾਕ ਪ੍ਰਧਾਨ, ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ, ਪ੍ਰਿੰਸ ਉੱਪਲ ਸੂਬਾ ਸਕੱਤਰ ਸਪੋਰਟਸ ਵਿੰਗ, ਦਲਜੀਤ ਸਿੰਘ ਕਾਕਾ ਨਾਨਗਰਾ, ਹਰਪ੍ਰੀਤ ਸਿੰਘ ਰੰਧਾਵਾ, ਸੁਮਿਤ ਦੂਬੇਟਾ, ਮਨੂੰ ਪੁਰੀ, ਰਾਕੇਸ ਕੁਮਾਰ ਜੱਸੀ, ਵਪਾਰ ਮੰਡਲ ਪ੍ਰਧਾਨ ਸੰਦੀਪ ਕੁਮਾਰ ਮਿੱਤਲ, ਜਸਵਿੰਦਰ ਸਿੰਘ, ਨਰਿੰਦਰ ਸਿੰਘ, ਕੁਲਵਿੰਦਰ ਸਿੰਘ, ਅਸ਼ਵਨੀ ਕੁਮਾਰ, ਦੀਪਕ ਕੁਮਾਰ, ਲਾਡੀ, ਅਜੀਤ, ਪਰਮਜੀਤ ਸਿੰਘ, ਜਸਵਿੰਦਰ ਸਿੰਘ ਹਾਜ਼ਰ ਸਨ।

# ਪਰਕਸ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੀ ਆਨ ਤੇ ਸ਼ਾਨ ਮੁੜ ਬਹਾਲ ਕਰਨ ਦੀ ਮੰਗ

**ਅੰਮ੍ਰਿਤਸਰ–** ਭਾਸ਼ਾ ਵਿਭਾਗ ਪੰਜਾਬ ਦੀ ਵੈਬਸਾਈਟ ਤੋਂ ਪਤਾ ਲੱਗਦਾ ਹੈ ਕਿ ਵਿਭਾਗ ਵੱਲੋਂ ਹੁਣ ਤੀਕ ਪੰਜਾਬੀ, ਹਿੰਦੀ ਅੰਗਰੇਜ਼ੀ ਤੇ ਉਰਦੂ ਵਿੱਚ 1262 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਹਨ। ਪਰ ਇਸ ਸਮੇਂ ਪਟਿਆਲੇ ਦੇ ਸਟੋਰ ਵਿੱਚ ਕੇਵਲ 232 ਕਿਤਾਬਾਂ ਹਨ। ਪਿਛਲੇ ਲੰਮੇ ਸਮੇਂ ਕਿਸੇ ਵੀ ਮੁੱਖ ਮੰਤਰੀ ਨੇ ਇਸ ਵਿਭਾਗ ਦੀ ਸਾਰ ਨਹੀਂ ਲਈ। ਪ੍ਰਕਾਸ਼ਿਤ ਪੁਸਤਕਾਂ ਨਾ ਕੇਵਲ ਆਮ ਪਾਠਕ ਸਗੋਂ ਖੋਜਾਰਥੀਆਂ ਲਈ ਵੀ ਲਾਹੇਵੰਦ ਹਨ। ਪੰਜਾਬੀ ਸੂਬਾ ਤਾਂ ਸ਼੍ਰੋਮਣੀ ਅਕਾਲੀ ਦਲ ਦੇ



ਮੋਰਚਿਆਂ ਦੇ ਨਾਲ ਬਣ ਗਿਆ ਪਰ ਕਿਸੇ ਵੀ ਮੁੱਖ ਮੰਤਰੀ ਨੇ ਪੰਜਾਬੀ ਨੂੰ ਪ੍ਰਫੁਲਿਤ ਕਰਨ ਲਈ ਜਿਵੇਂ ਬੰਗਾਲ ਤੇ ਹੋਰਨਾਂ ਸੂਬਿਆਂ ਨੇ ਜਤਨ ਕੀਤੇ, ਉਹ ਕਿਸੇ ਵੀ ਮੁੱਖ ਮੰਤਰੀ ਨੇ ਨਹੀਂ ਕੀਤੇ। ਪੰਜਾਬੀ ਨੂੰ ਸਰਕਾਰੀ ਭਾਸ਼ਾ ਬਣਾਉਣ ਦਾ ਸਿਹਰਾ ਮੁੱਖ ਮੰਤਰੀ ਸ। ਲਛਮਣ ਸਿੰਘ ਗਿੱਲ ਨੂੰ ਜਾਂਦਾ ਹੈ ਜਦ ਕਿ ਇਹ ਕੰਮ ਨਵਾਂ ਸੂਬਾ ਬਣਨ ਪਿੱਛੋਂ ਜਸਟਿਸ ਗੁਰਨਾਮ ਸਿੰਘ ਸਰਕਾਰ ਨੂੰ ਕਰਨਾ ਚਾਹੀਦਾ ਸੀ। ਗਿੱਲ ਸਾਹਿਬ ਨੇ 1967 ਵਿੱਚ ਰਾਜ ਭਾਸ਼ਾ ਐਕਟ (ਦਾ ਪੰਜਾਬ ਔਫ਼ਿਸ਼ਲ ਲੈਂਗੂਏਜ਼ਜ ਐਕਟ 1967) ਬਣਾਇਆ ਸੀ। ਉਹ ਜੇ ਕੋਈ ਨੋਟਿੰਗ ਅੰਗ਼ਰੇਜ਼ੀ ਵਿਚ ਲਿਆਉਂਦਾ ਸੀ ਤਾਂ ਫਾਇਲ ਪਰੇ ਮਾਰਦੇ ਸਨ ਤੇ ਕਹਿੰਦੇ ਸਨ ਕਿ ਪੰਜਾਬੀ ਵਿਚ ਲਿਖ ਕੇ ਲਿਆਉ। ਇਸ ਲਈ ਜਿਨ੍ਹਾਂ ਕਰਮਚਾਰੀਆਂ ਨੂੰ ਪੰਜਾਬੀ ਪੜ੍ਹਨੀ ਲਿਖਣੀ ਨਹੀਂ ਸੀ ਆਉਂਦੀ ਉਨ੍ਹਾਂ ਨੂੰ ਪੰਜਾਬੀ ਪੜ੍ਹਨੀ ਲਿਖਣੀ ਪਈ।

ਉਨ੍ਹਾਂ ਤੋਂ ਪਿੱਛੋਂ ਕਿਸੇ ਵੀ ਸਰਕਾਰ ਨੇ ਪੰਜਾਬੀ ਦੀ ਸਾਰ ਨਹੀਂ ਲਈ।ਇਸ ਕਾਨੂੰਨ ਬਣੇ ਨੂੰ 56 ਸਾਲ ਹੋ ਗਏ ਹਨ ਪਰ ਅਦਾਲਤੀ ਕੰਮ ਕਾਜ ਸਾਰਾ ਅਜੇ ਵੀ ਅੰਗਰੇਜ਼ੀ ਵਿੱਚ ਹੋ ਰਿਹਾ ਹੈ। ਅਦਾਲਤ ਵਿੱਚ ਵਕੀਲ ਅੰਗਰੇਜ਼ੀ ਬੋਲਦੇ ਹਨ ਜਿਸ ਨੂੰ ਆਮ ਆਦਮੀ ਸਮਝ ਨਹੀਂ ਸਕਦਾ। ਫ਼ੈਸਲੇ ਵੀ ਅੰਗਰੇਜ਼ੀ ਵਿੱਚ ਦਿੱਤੇ ਜਾਂਦੇ ਹਨ ਜਿਸ ਨੂੰ ਆਮ ਪੰਜਾਬੀ ਪੜ੍ਹ ਨਹੀਂ ਸਕਦਾ। ਇਸ ਕਾਨੂੰਨ ਦੀ ਉਲੰਘਣਾ ਕਰਕੇ ਸਰਕਾਰ ਵੱਲੋਂ ਅਜੇ ਵੀ ਬਹੁਤਾ ਚਿੱਠੀ ਪੱਤਰ ਅੰਗਰੇਜ਼ੀ ਵਿੱਚ ਕੀਤਾ ਜਾ ਰਿਹਾ ਹੈ।

ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਿਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਦੇ ਸਾਬਕਾ ਪ੍ਰਧਾਨ ਡਾ ਬਿਕਰਮ ਸਿੰਘ ਘੁੰਮਣ ਤੇ ਸਾਬਕਾ ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਇਸ ਸਬੰਧੀ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਨੂੰ ਇਕ ਪੱਤਰ ਲਿੱਖ ਕੇ ਮੰਗ ਕੀਤੀ ਹੈ ਕਿ ਪੰਜਾਬ ਦੀਆਂ ਅਦਾਲਤਾਂ ਦਾ ਕੰਮ ਮਾਂ ਬੋਲੀ ਪੰਜਾਬੀ ਵਿੱਚ ਕਰਵਾਇਆ ਜਾਵੇ ਜਿਵੇਂ ਬੰਗਾਲ, ਗੁਜਰਾਤ, ਤਾਮਿਲਨਾਡੂ ਆਦਿ ਸੂਬਿਆਂ ਵਿੱਚ ਹੋ ਰਿਹਾ ਹੈ। ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਸਾਰੀਆਂ ਭਾਸ਼ਾਵਾਂ ਦੀਆਂ ਪੁਸਤਕਾਂ ਜੋ ਵਿਕ ਚੁੱਕੀਆਂ ਹਨ, ਉਨ੍ਹਾਂ ਨੂੰ ਮੁੜ ਪ੍ਰਕਾਸ਼ਿਤ ਕੀਤਾ ਜਾਵੇ ਅਤੇ ਨਵੀਂਆਂ ਪੁਸਤਕਾਂ ਵੀ ਛਾਪੀਆਂ ਜਾਣ।

ਜੇ ਅਦਾਲਤਾਂ ਦਾ ਕੰਮ ਪੰਜਾਬੀ ਵਿੱਚ ਹੋ ਜਾਂਦਾ ਹੈ ਤਾਂ ਸਰਕਾਰ ਨੂੰ ਪੰਜਾਬੀ ਟਾਈਪਿਸਟਾਂ ਤੇ ਸ਼ਾਰਟਹੈਂਡ ਸਿੱਖਿਅਤ ਕਰਮਚਾਰੀਆਂ ਦੀ ਲੋੜ ਪਵੇਗੀ। ਪਹਿਲਾਂ ਜ਼ਿਲ੍ਹਾ ਭਾਸ਼ਾ ਦਫਤਰਾਂ ਵਿੱਚ ਪੰਜਾਬੀ ਟਾਈਪਿਸਟਾਂ ਤੇ ਸ਼ਾਰਟਹੈਂਡ ਅਧਿਆਪਕ ਹੁੰਦੇ



ਸਨ ਜੋ ਕਿ ਹੁਣ ਸੇਵਾ ਮੁਕਤ ਹੋ ਚੁੱਕੇ ਹਨ। ਇਸ ਲਈ ਨਵਾਂ ਸਟਾਫ ਜਲਦੀ ਤੋਂ ਜਲਦੀ ਭਰਤੀ ਕੀਤਾ ਜਾਵੇ। ਭਾਸ਼ਾ ਵਿਭਾਗ ਦੀਆਂ ਖਾਲੀ ਆਸਾਮੀਆਂ ਜਲਦੀ ਤੋਂ ਜਲਦੀ ਭਰੀਆਂ ਜਾਣ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੁਸਤਕਾਂ ਆਮ ਲੋਕਾਂ ਤੀਕ ਪਹੁੰਚਾਉਣ ਲਈ ਇੱਕ ਬੱਸ ਰੱਖੀ ਹੋਈ ਹੈ, ਜੋ ਸਮੇਂ ਸਮੇਂ 'ਤੇ ਵੱਖ ਵੱਖ ਥਾਵਾਂ 'ਤੇ ਜਾ ਕੇ ਪੁਸਤਕਾਂ ਵੇਚਦੀ ਹੈ। ਭਾਸ਼ਾ ਵਿਭਾਗ ਵੀ ਇਸੇ ਤਰ੍ਹਾਂ ਆਪਣੀ ਬੱਸ ਖਰੀਦੇ ਤੇ ਨਾ ਕੇਵਲ ਪੰਜਾਬ ਸਗੋਂ ਚੰਡੀਗੜ੍ਹ, ਹਰਿਆਣਾ, ਹਿਮਾਚਲ ,ਦਿੱਲੀ ਆਦਿ ਸੂਬਿਆਂ ਵਿਚ ਵੱਖ ਵੱਖ ਯੂਨੀਵਰਸਿਟੀਆਂ, ਕਾਲਜਾਂ ਤੇ ਹੋਰਨਾਂ ਥਾਵਾਂ 'ਤੇ ਜਾ ਕੇ ਪੁਸਤਕਾਂ ਵੇਚੇ।

ਭਾਸ਼ਾ ਵਿਭਾਗ ਦੀ ਹਵਾਲਾ ਲਾਇਬ੍ਰੇਰੀ ਵਿੱਚ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਨਾਲ ਸਬੰਧਤ ਦੁਰਲਭ ਪੁਸਤਕਾਂ ਮੌਜੂਦ ਹਨ। ਇਸ ਸਮੇਂ ਲਾਇਬ੍ਰੇਰੀ ਵਿੱਚ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ ਅਤੇ ਬਾਲ ਸਾਹਿਤ ਭਾਸ਼ਾਵਾਂ ਦੀਆਂ ਇਕ ਲੱਖ ਗਿਆਰਾਂ ਹਜ਼ਾਰ ਇਕ ਸੌ ਚਾਰ ਤੋਂ ਵੱਧ ਪੁਸਤਕਾਂ ਦਾ ਭੰਡਾਰ ਮੌਜੂਦ ਹੈ।ਇਨ੍ਹਾਂ ਦੀ ਸੂਚੀ ਵੈੱਬਸਾਇਟ 'ਤੇ ਪਾਈ ਜਾਵੇ ਤਾਂ ਜੁ ਦੁਨੀਆਂ ਭਰ ਦੇ ਲੇਖਕ ਤੇ ਪਾਠਕ ਇਨ੍ਹਾਂ ਦਾ ਲਾਭ ਉੱਠਾ ਸਕਣ।ਚੰਗਾ ਹੋਵੇ ਕਿ ਇਨ੍ਹਾਂ ਨੂੰ ਡਿਜ਼ੀਟਾਈਜ਼ ਜੇ ਨਹੀਂ ਹੋਈਆਂ ਤਾਂ ਕਰਵਾ ਕਿ ਵੈਬਸਾਈਟ ਉਪਰ ਪਾਉਣ ਦੀ ਖੇਚਲ ਕੀਤੀ ਜਾਵੇ ਜੀ। ਸ਼ਰਕਾਰ ਵੱਲੋਂ ਅਰਬਾਂ ਰੁਪਏ ਦੇ ਬੇਲੋੜੇ ਇਸ਼ਤਿਹਾਰ ਅਖ਼ਬਾਰਾਂ ਵਿੱਚ ਦਿੱਤੇ ਜਾ ਰਹੇ , ਜਿਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਕੋਲ ਵਾਧੂ ਪੈਸਾ ਹੈ। ਭਾਸ਼ਾ ਵਿਭਾਗ ਨੂੰ ਵੀ ਦਿੱਲ ਖੋਲਕੇ ਫੰਡ ਦਿੱਤਾ ਜਾਵੇ ਤਾਂ ਜੁ ਵੱਡੀ ਪੱਧਰ 'ਤੇ ਆਧੁਨਿਕ ਉਪਕਰਨਾਂ ਵਾਲੀਆਂ ਲਾਇਬਰੇਰੀਆਂ ਸਰਕਾਰੀ ਤੇ ਪ੍ਰਾਈਵੇਟ ਕਾਲਜਾਂ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਖੁੱਲ ਸਕਣ। ਅਮਰੀਕਾ ਕਨੇਡਾ ਤੇ ਹੋਰ ਅਗਾਂਹ ਵਧੂ ਦੇਸ਼ਾਂ ਵਿੱਚ ਪ੍ਰਾਇਮਰੀ ਸਕੂਲਾਂ ਵਿਚ ਵੀ ਵਧੀਆ ਲਾਇਬਰੇਰੀਆਂ ਹਨ। ਹਫ਼ਤੇ ਵਿੱਚ ਸਮਾਂ ਸਾਰਨੀ (ਟਾਇਮ ਟੇਬਲ) ਵਿੱਚ ਹਫ਼ਤੇ ਵਿੱਚ ਇਕ ਲਾਇਬਰੇਰੀ ਪੀਰਡ ਹੁੰਦਾ ਹੈ, ਜਿਸ ਵਿੱਚ ਵਿਦਿਆਰਥੀ ਨਵੀਂ ਕਿਤਾਬ ਲੈ ਆਉਂਦੇ ਹਨ ਤੇ ਪਹਿਲੀ ਵਾਪਸ ਕਰ ਆਉਂਦੇ ਹਨ। ਪੰਜਾਬ ਇਸ ਕੰਮ ਵਿੱਦ ਬਹੁਤ ਪਛੜਿਆ ਹੋਇਆ ਹੈ।ਬੰਗਾਲੀਆਂ ਨੂੰ ਜਦ ਤਨਖ਼ਾਹ ਮਿਲਦੀ ਹੈ ਤਾਂ ਉਹ ਉਸ ਵਿੱਚੋਂ ਆਪਣੀ ਘਰ ਦੀ ਲਾਇਬਰੇਰੀ ਲਈ ਪੁਸਤਕਾਂ ਖਰੀਦਣ ਲਈ ਪਹਿਲਾਂ ਹੀ ਰਖ ਲੈਂਦੇ ਹਨ।

ਇਹੋ ਕਾਰਨ ਹੈ ਕਿ ਉਹ ਦੇਸ਼ ਵਿੱਚ ਸਭ ਤੋਂ ਪੜ੍ਹ ਲਿਖਿਆਂ ਵਿੱਚੋਂ ਹਨ। ਅਮਰੀਕਾ, ਕਨੇਡਾ ਵਰਗੇ ਮੁਲਕਾਂ ਵਿੱਚ ਵਿਦਿਆਰਥੀਆਂ ਨੇ ਆਪਣੇ ਘਰਾਂ ਵਿੱਚ ਨਿੱਜੀ ਲਾਇਬਰੇਰੀਆਂ ਬਣਾਈਆਂ ਹੋਈਆਂ ਹਨ।

ਡਾ. ਰਤਨ ਸਿੰਘ ਜੱਗੀ, ਡਾ. ਸਰਦਾਰਾ ਸਿੰਘ ਜੌਹਲ, ਡਾ. ਬਲਕਾਰ ਸਿੰਘ, ਡਾ. ਐਸ ਪੀ ਸਿੰਘ, ਡਾ. ਸੁਖਦਿਆਲ ਸਿੰਘ ਵਰਗੇ ਚੋਟੀ ਦੇ ਵਿਦਵਾਨਾਂ ਦੀ ਇੱਕ ਸਲਾਹਕਾਰ ਕਮੇਟੀ ਭਾਸ਼ਾ ਮੰਤਰੀ ਦੀ ਅਗਵਾਈ ਵਿੱਚ ਬਣਾਈ ਜਾਵੇ ਜੋ ਭਾਸ਼ਾ ਵਿਭਾਗ ਦੀ ਕਾਰਗੁਜ਼ਾਰੀ ਉਪਰ ਨਜ਼ਰਸਾਨੀ ਰੱਖਣ ਤੋਂ ਇਲਾਵਾ ਪੰਜਾਬੀ ਭਾਸ਼ਾ ਨੀਤੀ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਵਾਏ।

ਸ਼ਬਦ ਪ੍ਰਕਾਸ਼ ਪੰਜਾਬੀ ਲਾਈਬ੍ਰੇਰੀ ਐਂਡ ਇਨਫਰਮੇਸ਼ਨ ਸਰਵਿਸ ਬਿਲ 2011 ਦੇ ਬਿੱਲ ਦਾ ਖਰੜਾ 2011 ਵਿੱਚ ਅਕਾਲੀ ਸਰਕਾਰ ਸਮੇਂ ਉਸ ਸਮੇਂ ਦੇ ਸਿੱਖਿਆ ਮੰਤਰੀ ਸ. ਸੇਵਾ ਸਿੰਘ ਸੇਖਵਾਂ ਵੱਲੋਂ ਤਿਆਰ ਕਰਕੇ ਪੰਜਾਬ ਵਿਧਾਨ ਸਭਾ ਨੂੰ ਪਾਸ ਕਰਨ ਲਈ ਭੇਜਿਆ ਗਿਆ ਸੀ, ਜੋ ਅਜੇ ਤੀਕ ਪਾਸ ਨਹੀਂ ਕੀਤਾ ਗਿਆ, ਇਸ ਨੂੰ ਆਉਂਦੇ ਪੰਜਾਬ ਵਿਧਾਨ ਸਭਾ ਅਜਲਾਸ ਵਿੱਚ ਪਾਸ ਕਰਨ ਦੀ ਖੇਚਲ ਕੀਤੀ ਜਾਵੇ ਤਾਂ ਜੋ ਪਿੰਡ ਪੱਧਰ ਤੀਕ ਲਾਇਬ੍ਰੇਰੀਆਂ ਖੋਲਣ ਲਈ ਰਾਹ ਪੱਧਰਾ ਹੋ ਸਕੇ। ਸਾਰੇ ਸੂਬਿਆਂ ਵਿੱਚ ਅਜਿਹੇ ਕਾਨੂੰਨ ਬਣਾਕੇ ਪਿੰਡ ਪੱਧਰ 'ਤੇ ਲਾਇਬਰੇਰੀਆਂ ਬਣ ਗਈਆਂ। ਪੰਜਾਬ ਇਸ ਕੰਮ ਵਿੱਚ ਫਾਡੀ ਹੈ।




# ਚਰੰਜੀ ਲਾਲ ਕੰਗਣੀਵਾਲ ਦੇ ਬੇਟੇ ਨਵਦੀਪ ਦੀ ਯਾਦ 'ਚ ਸ਼ੋਕ ਸਮਾਗਮ







**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਦੇ ਬੇਟੇ ਨਵਦੀਪ ਕੁਮਾਰ ਦੇ ਜ਼ੋਬਨ ਰੁੱਤੇ ਦਰਦ ਵਿਛੋੜੇ 'ਤੇ ਅੱਜ ਕੰਗਣੀਵਾਲ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਕੰਗਣੀਵਾਲ ਵਿਖੇ ਹੋਏ ਸ਼ੋਕ ਸਮਾਗਮ 'ਚ ਦਰਜਣ ਤੋਂ ਵੱਧ ਜੱਥੇਬੰਦੀਆਂ ਦੇ ਨੁੰਮਾਇੰਦਿਆਂ ਨੇ ਭਾਵ-ਭਿੰਨੀ ਸ਼ਰਧਾਂਜ਼ਲੀ ਭੇਂਟ ਕੀਤੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਕਮੇਟੀ ਮੈਂਬਰ ਕੁਲਬੀਰ ਸਿੰਘ ਸੰਘੇੜਾ, ਆਰ.ਐੱਮ.ਪੀ.ਆਈ. ਦੇ ਕੌਮੀ ਆਗੂ ਮੰਗਤ ਰਾਮ ਪਾਸਲਾ, ਜਮਹੂਰੀ ਅਧਿਕਾਰ ਸਭਾ ਦੇ ਬੂਟਾ ਸਿੰਘ, ਡਾ. ਅੰਬੇਡਕਰ ਭਵਨ ਟ੍ਰਸਟ ਦੇ ਪ੍ਰੋ. ਜੀ।ਸੀ।ਕੌਲ, ਗਿਆਨ ਚੰਦ ਖਲਵਾੜਾ, ਰੂਪ ਲਾਲ ਰੂਪ, ਨਿਰਮਲ ਸਿੰਘ ਕੰਗਣੀਵਾਲ ਨੇ ਆਪਣੇ ਸੰਬੋਧਨ 'ਚ ਪਰਿਵਾਰ, ਸਾਕ-ਸਬੰਧੀਆਂ ਅਤੇ ਚਰੰਜੀ ਲਾਲ ਕੰਗਣੀਵਾਲ ਦੇ ਸੰਗੀ-ਸਾਥੀਆਂ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਅਜੇਹੀਆਂ ਹਿਰਦੇਵੇਦਕ ਮੌਤਾਂ ਸਾਨੂੰ ਸੋਚਣ 'ਤੇ ਮਜ਼ਬੂਰ ਕਰਦੀਆਂ ਹਨ ਕਿ ਬਿਮਾਰੀਆਂ, ਹਾਰਟ ਅਟੈਕ, ਦੁਰਘਟਨਾਵਾਂ ਅਤੇ ਮੰਦਭਾਗੀਆਂ ਘਟਨਾਵਾਂ ਦੇ ਕਾਰਨਾਂ ਦੀ ਵਿਗਿਆਨਕ ਘੋਖ-ਪੜਤਾਲ ਕਰਦਿਆਂ ਸਾਨੂੰ ਦਿਨ-ਬ-ਦਿਨ ਵਿਆਪਕ ਰੂਪ ਧਾਰਨ ਕਰ ਰਹੀ ਸੋਗ ਲੱਦੀ ਰੁੱਤ ਠੱਲ੍ਹਣ ਲਈ ਸਿਹਤਮੰਦ ਸਮਾਜ ਸਿਰਜਣ ਲਈ ਸਾਂਝੇ ਉੱਦਮ ਜੁਟਾਉਣ ਦੀ ਲੋੜ ਹੈ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ। ਪਰਮਿੰਦਰ, ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਡਾ. ਸੈਲੇਸ਼, ਵਿਜੈ ਬੰਬੇਲੀ, ਪ੍ਰਗਟ ਸਿੰਘ ਜਾਮਾਰਾਏ, ਸੀਤਲ ਸਿੰਘ ਸੰਘਾ ਨੇ ਦੁੱਖ ਸਾਂਝਾ ਕੀਤਾ। ਇਸ ਸਮਾਗਮ 'ਚ ਜਮਹੂਰੀ ਕਿਸਾਨ ਸਭਾ ਦੇ ਆਗੂ ਕੁਲਵੰਤ ਸੰਧੂ, ਡਾ। ਜੋਗਿੰਦਰ ਸਿੰਘ, ਡਾ। ਇਕਬਾਲ ਕੌਰ ਸੌਂਦ (ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ 'ਅੰਬੇਡਕਰ ਟਾਈਮਜ਼' ਅਤੇ ਦੇਸ਼ ਦੁਆਬਾ ਕੇਵਲ ਬੋਲੀਨਾ, ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸੈਕਰਾਮੈਂਟੋ (ਕੈਲੇਫੋਰਨੀਆ), ਅਮਰੀਕਨ ਸੀਨੀਅਰ ਸਿਟੀਜ਼ਨ ਗਰੁੱਪ ਸੈਕਰਾਮੈਂਟੋ, ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਸਾਨਫਰਾਂਸਿਸਕੋ, ਇੰਡੋ ਅਮੈਰੀਕਨ ਕਲਚਰਲ ਐਸੋਸੀਏਸ਼ਨ (ਯੂ.ਐਸ.ਏ.), ਈਸਟ ਇੰਡੀਅਨ ਡੀਫੈਂਸ ਕਮੇਟੀ ਬ੍ਰਿਟਿਸ਼ ਕੋਲੰਬੀਆ (ਕਨੇਡਾ), ਗ਼ਦਰ ਹੈਰੀਟੇਜ਼ ਫਾਊਂਡੇਸ਼ਨ ਐਂਡ ਕਲਚਰਲ ਆਰਗਨਾਈਜੇਸ਼ਨ (ਯੂ.ਐਸ.ਏ.), ਮਾਸਟਰ ਭਜਨ ਗਿੱਲ ਕੈਲਗਰੀ, ਹਰਬੰਸ ਸਿੰਘ ਟੋਰੰਟੋ, ਬਲਦੇਵ ਰਹਿਪਾ ਟੋਰੰਟੋ, ਅਵਤਾਰ ਬਾਈ ਕਨੇਡਾ, ਡਾ. ਸੁਰਿੰਦਰ ਧੰਜਲ, ਭਗਵੰਤ, ਭੂਸ਼ਨ, ਸ਼ੀਰਾ ਜੌਹਲ, ਸੁਰਿੰਦਰ ਕੌਰ (ਬਰਮਿੰਘਮ) ਵੱਲੋਂ ਭੇਜੇ ਸ਼ੋਕ ਸੁਨੇਹੇ ਸਾਂਝੇ ਕੀਤੇ ਗਏ।

ਇਸ ਸਮਾਗਮ 'ਚ ਸੋਹਣ ਲਾਲ, ਚਰਨ ਦਾਸ ਸੰਧੂ, ਚਰਨਜੀਤ, ਗੁਰਦੇਵ ਚੰਦ, ਸਵਾਮੀ ਸਵਰਨ ਦਾਸ, ਡਾ. ਸੈਲੇਸ਼, ਡਾ. ਮੰਗਤ ਰਾਏ, ਤਲਵਿੰਦਰ ਹੀਰ, ਸਰਬਜੀਤ ਕੰਗਣੀਵਾਲ, ਵਰੁਣ ਟੰਡਨ, ਸੁਖਵਿੰਦਰ ਬਾਗਪੁਰ, ਗੁਰਦੀਪ ਸਿੰਘ, ਰਾਮਜੀ, ਰਤਨ ਆਦਿ ਵੀ ਸ਼ਾਮਲ ਸਨ।

ਸਾਬਕਾ ਚੀਫ਼ ਕਮਿਸ਼ਨਰ ਇਨਕਮ ਟੈਕਸ ਲੇਖ ਰਾਜ ਨਯੀਅਰ ਨੇ ਪਰਿਵਾਰ ਦੀ ਤਰਫ਼ੋਂ ਸਭਨਾਂ ਦਾ ਧੰਨਵਾਦ ਕੀਤਾ ਅਤੇ ਪਰਿਵਾਰ ਨੂੰ ਹਰ ਸਹਿਯੋਗ ਦਾ ਭਰੋਸਾ ਦਿੱਤਾ।

ਸ਼ੋਕ ਸਮਾਗਮ ਦਾ ਮੰਚ ਸੰਚਾਲਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

*****

## ਫਲੋਰਿਡਾ ਦੇ ਪਾਣੀਆਂ ਵਿਚ ਡੁੱਬ ਰਹੀ ਕਿਸ਼ਤੀ ਵਿਚੋਂ 34 ਪ੍ਰਵਾਸੀਆਂ ਨੂੰ ਅਮਰੀਕੀ ਤੱਟੀ ਜਵਾਨਾਂ ਨੇ ਬਚਾਇਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਅਮਰੀਕਾ ਵਿਚ ਸਮੁੰਦਰੀ ਰਸਤੇ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ 34 ਪ੍ਰਵਾਸੀਆਂ ਨੂੰ ਯੂ ਐਸ ਕੋਸਟ ਗਾਰਡ ਵੱਲੋਂ ਉਸ ਵੇਲੇ ਤੁਰੰਤ ਕਾਰਵਾਈ ਕਰਕੇ ਬਚਾ ਲਏ ਜਾਣ ਦੀ ਖਬਰ ਹੈ ਜਦੋਂ ਉਨਾਂ ਦੀ ਕਿਸ਼ਤੀ ਫਲੋਰਿਡਾ ਦੇ ਪਾਣੀਆਂ ਵਿਚ ਡੁੱਬਣ ਵਾਲੀ ਸੀ। ਯੂ ਐਸ ਕੋਸਟ ਗਾਰਡ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਘਟਨਾ ਪ੍ਰਮੁੱਖ ਕੋਲੋਨੀ ਬੀਚ ਦੇ ਦੱਖਣ ਵਿਚ ਤਕਰੀਬਨ 8 ਮੀਲ ਦੂਰ ਵਾਪਰੀ। ਮੇਨ ਅਟਰੈਕਸ਼ਨ ਸਪੋਰਟਫਿਸ਼ਿੰਗ ਚਾਰਟਰਜ ਦੇ ਸਹਿ ਮਾਲਕ ਕੇਟੀ ਲੇਵਿਸ ਅਨੁਸਾਰ ਕੈਪਟਨ ਮਾਰਟੀ ਲੈਵਿਸ ਨੇ ਤੁਰੰਤ ਇਸ ਦੀ ਸੂਚਨਾ



ਅਧਿਕਾਰੀਆਂ ਨੂੰ ਦਿੱਤੀ। ਜਿਸ ਉਪਰੰਤ ਅਮਰੀਕੀ ਤੱਟੀ ਜਵਾਨਾਂ ਨੇ ਸਾਰੇ 34 ਪ੍ਰਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਉਪਰੰਤ ਉਨਾਂ ਨੂੰ ਭੋਜਨ, ਪਾਣੀ ਤੇ ਮੁੱਢਲੀ ਡਾਕਟਰੀ ਸਹਾਇਤਾ ਦਿੱਤੀ ਗਈ। ਕੋਸਟ ਗਾਰਡ ਅਨੁਸਾਰ ਸਾਰੇ ਪ੍ਰਵਾਸੀ ਠੀਕ ਠਾਕ ਹਨ ਤੇ ਕਿਸੇ ਦੇ ਵੀ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਕੋਸਟ ਗਾਰਡ ਅਧਿਕਾਰੀਆਂ ਨੇ ਕਿਹਾ ਹੈ ਕਿ ਪ੍ਰਵਾਸੀਆਂ ਦੀ ਪਛਾਣ ਕੀਤੀ ਜਾ ਰਹੀ ਹੈ ਜਿਸ ਉਪਰੰਤ ਉਨਾਂ ਨੂੰ ਉਨਾਂ ਦੇ ਮੂਲ ਦੇਸ਼ ਵਾਪਿਸ ਭੇਜ ਦਿੱਤਾ ਜਾਵੇਗਾ। ਇਨਾਂ ਪ੍ਰਵਾਸੀਆਂ ਵਿਚ ਕਿਸੇ ਭਾਰਤੀ ਦੇ ਸ਼ਾਮਿਲ ਹੋਣ ਦੀ ਪੁਸ਼ਟੀ ਨਹੀਂ ਹੋ ਸਕੀ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com








# ਸ਼੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਿਰ ਵਿਖੇ 113ਵਾਂ ਸ਼੍ਰੀ ਵਿਸ਼ਵਕਰਮਾ ਪੂਜਾ ਮਹਾਂਉਤਸਵ ਧੂਮਧਾਮ ਨਾਲ ਮਨਾਇਆ

**ਫਗਵਾੜਾ (ਬੀ.ਕੇ. ਰੱਤੂ)** 113ਵਾਂ ਸ਼੍ਰੀ ਵਿਸ਼ਵਕਰਮਾ ਪੂਜਾ ਮਹਾਂਉਤਸਵ ਸ਼੍ਰੋਮਣੀ ਸ਼੍ਰੀ ਵਿਸ਼ਵਕਰਮਾ ਮੰਦਰ ਬੰਗਾ ਰੋਡ ਫਗਵਾੜਾ ਵਿਖੇ ਸ਼੍ਰੀ ਵਿਸ਼ਵਕਰਮਾ ਧੀਮਾਨ ਸਭਾ ਦੇ ਪ੍ਰਧਾਨ ਬਲਵੰਤ ਰਾਏ ਧੀਮਾਨ ਦੀ ਦੇਖ-ਰੇਖ ਹੇਠ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਮੁੱਖ ਮਹਿਮਾਨ ਇੰਜੀਨੀਅਰ ਗੁਰਸਿਮਰਤ ਸਿੰਘ ਸੌਂਦ ਜਲੰਧਰ ਨੇ ਕੀਤੀ। ਜਦਕਿ ਝੰਡਾ ਲਹਿਰਾਉਣ ਦੀ ਰਸਮ ਡਾ: ਅਰਵਿੰਦਰ ਸਿੰਘ ਰੂਪਰਾਏ ਸ਼ਾਹਕੋਟ ਵੱਲੋਂ ਨਿਭਾਈ ਗਈ। ਪ੍ਰਸ਼ਾਂਤ ਧੀਮਾਨ ਸਵਾਗਤੀ ਕਮੇਟੀ ਦੇ ਚੇਅਰਮੈਨ ਸਨ। ਇਸ ਦੋ ਰੋਜ਼ਾ ਪ੍ਰੋਗਰਾਮ ਦੌਰਾਨ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਬਲਕਾਰ ਸਿੰਘ, ਸੁਸ਼ੀਲ ਕੁਮਾਰ ਰਿੰਕੂ ਸੰਸਦ ਮੈਂਬਰ ਜਲੰਧਰ, ਅਸ਼ੋਕ ਮਿੱਤਲ ਸੰਸਦ ਮੈਂਬਰ ਰਾਜ ਸਭਾ ਤੋਂ ਇਲਾਵਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਕਾਂਗਰਸੀ ਵਿਧਾਇਕ ਰਾਜ ਕੁਮਾਰ ਚੱਬੇਵਾਲ, ਰਾਸ਼ਟਰੀ ਅਨੁਸੂਚਿਤ ਕਮਿਸ਼ਨ ਦੇ ਸਾਬਕਾ ਚੇਅਰਮੈਨ ਵਿਜੇ ਸਾਂਪਲਾ, ਬੀ.ਐੱਸ.ਪੀ. ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ, ਸਾਬਕਾ ਕੇਂਦਰੀ ਮੰਤਰੀ ਜੋਗਿੰਦਰ ਸਿੰਘ ਮਾਨ, ਸਾਬਕਾ ਮੰਤਰੀ ਗੁਰਕੀਰਤ ਕੋਟਲੀ, ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਸਥਾਨਕ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਸ।ਇਸ ਮੌਕੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਆਦਿ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ 'ਚ ਸੰਗਤਾਂ ਨੇ ਮੱਥਾ ਟੇਕਿਆ ਅਤੇ ਭਗਵਾਨ ਸ਼੍ਰੀ ਵਿਸ਼ਵਕਰਮਾ ਦਾ ਆਸ਼ੀਰਵਾਦ ਪ੍ਰਾਪਤ ਕੀਤਾ । ਸਭਾ ਦੇ ਪ੍ਰਧਾਨ ਬਲਵੰਤ ਰਾਏ ਧੀਮਾਨ ਅਤੇ ਮੀਤ ਪ੍ਰਧਾਨ ਗੁਰਮੁਖ ਸਿੰਘ ਨਾਮਧਾਰੀ ਵੱਲੋਂ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਨੇ ਮੰਦਰ ਕਮੇਟੀ ਨੂੰ 20 ਲੱਖ ਰੁਪਏ ਦੇਣ ਦਾ ਐਲਾਨ ਕੀਤਾ, ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਆਪਣੇ ਸੰਸਦ ਮੈਂਬਰ ਫੰਡ ਵਿੱਚੋਂ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਵੀ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਕਰਵਾਏ ਗਏ ਮੇਲੇ ਵਿੱਚ ਵੱਖ-ਵੱਖ ਤਰ੍ਹਾਂ ਦੇ ਝੂਲਿਆਂ ਅਤੇ ਵਿਕਰੀ ਦੇ ਸਟਾਲ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਕਮੇਟੀ ਦੇ ਪ੍ਰਧਾਨ ਬਲਵੰਤ ਰਾਏ ਧੀਮਾਨ ਨੇ ਦੱਸਿਆ ਕਿ ਭਗਵਾਨ ਸ਼੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਮੰਦਿਰ ਕਮੇਟੀ ਮਨੁੱਖਤਾ ਦੀ ਸੇਵਾ ਲਈ 50 ਬਿਸਤਰਿਆਂ ਵਾਲਾ 24 ਘੰਟੇ ਚੱਲਣ ਵਾਲਾ ਐਮਰਜੈਂਸੀ ਵਾਰਡ ਵੀ ਬਣਾ ਰਹੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਤਕਨੀਕੀ ਸਿੱਖਿਆ ਦੇਣ ਲਈ ਆਈ.ਐਸ.ਓ। ਰਜਿਸਟਰਡ ਚੈਰੀਟੇਬਲ ਕੰਪਿਊਟਰ ਇੰਸਟੀਚਿਊਟ ਵੀ ਚੱਲ ਰਿਹਾ ਹੈ। ਇਸ ਮੌਕੇ ਸਭਾ ਦੇ ਮੀਤ ਪ੍ਰਧਾਨ ਸੁਰਿੰਦਰ ਪਾਲ ਧੀਮਾਨ, ਮੀਤ ਪ੍ਰਧਾਨ ਪ੍ਰਦੀਪ ਧੀਮਾਨ, ਜਨਰਲ ਸਕੱਤਰ ਗੁਰਨਾਮ ਸਿੰਘ ਜੁਤਲਾ, ਸੂਰਜ ਧੀਮਾਨ, ਕੈਸ਼ੀਅਰ ਸੁਭਾਸ਼ ਧੀਮਾਨ, ਬਖਸ਼ੀਸ਼ ਰਾਮ ਧੀਮਾਨ, ਰਮੇਸ਼ ਧੀਮਾਨ, ਜਸਪਾਲ ਸਿੰਘ ਲਾਲ, ਵਿਕਰਮਜੀਤ ਚੱਗਰ, ਅਰੁਣ ਰੂਪਰਾਏ, ਭੁਪਿੰਦਰ ਸਿੰਘ ਜੰਡੂ, ਡਾ. ਅਮੋਲਕ ਸਿੰਘ ਝੀਤਾ।, ਸੁਖਵੰਤ ਸਿੰਘ ਘਟੋਡਾ, ਸੁਰਜੀਤ ਸਿੰਘ ਵਿਰਦੀ, ਅਸ਼ੋਕ ਧੀਮਾਨ, ਜਗਦੇਵ ਸਿੰਘ ਕੁੰਦੀ, ਨਰਿੰਦਰ ਸਿੰਘ ਭੱਚੂ, ਨਰਿੰਦਰ ਸਿੰਘ ਤੱਤੜ, ਸੁਰਿੰਦਰ ਸਿੰਘ ਕਲਸੀ, ਧੀਰਜ ਧੀਮਾਨ, ਰਵਿੰਦਰ ਸਿੰਘ ਪਨੇਸਰ, ਪਲਵਿੰਦਰ ਵਿਰਦੀ, ਰੀਤ ਪ੍ਰੀਤ ਪਾਲ ਸਿੰਘ ਭਮਰਾ, ਹਰਜੀਤ ਸਿੰਘ ਭਮਰਾ, ਜਗਜੀਤ ਸਿੰਘ ਲੱਲ, ਅੰਕੁਸ਼ ਧੀਮਾਨ, ਅਸ਼ਵਨੀ ਧੀਮਾਨ, ਮਨਜਿੰਦਰ ਸਿੰਘ ਸੀਹਰਾ, ਵਿਸ਼ਾਲ ਭੋਗਲ, ਬਲਵਿੰਦਰ ਸਿੰਘ ਰਤਨ ਆਦਿ ਹਾਜ਼ਰ ਸਨ।





# ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਸਰਕਾਰੀ ਕੰਨਿਆ ਸੀਨੀਅਰ ਸੰਕੈਡਰੀ ਸਕੂਲ ਚੱਕ ਬਿਲਗਾਂ 'ਚ ਮਨਾਇਆ ਬਾਲ ਦਿਵਸ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕੰਵਲਜੀਤ ਸਿੰਘ ਬਾਜਵਾ ਦੀਆਂ ਹਦਾਇਤਾਂ 'ਤੇ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਸਰਕਾਰੀ ਕੰਨਿਆ ਸੀਨੀਅਰ ਸੰਕੈਡਰੀ ਸਕੂਲ ਚੱਕ ਬਿਲਗਾਂ ਵਿਖੇ ਬਾਲ ਦਿਵਸ ਤੇ ਸੈਮੀਨਾਰ ਕਰਵਾਇਆ ਗਿਆਂ। ਇਸ ਸਮਾਗਮ ਵਿੱਚ ਸੀ.ਜੇ.ਐਮ-ਕਮ-ਸਕੱਤਰ ਸ।ਕਮਲਦੀਪ ਸਿੰਘ ਧਾਲੀਵਾਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਸੀ।ਜੇ।ਐਮ-ਕਮ-ਸਕੱਤਰ ਕਮਲਦੀਪ ਸਿੰਘ ਧਾਲੀਵਾਲ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਬਾਲ ਦਿਵਸ ਬੱਚਿਆਂ ਦੇ ਅਧਿਕਾਰਾਂ, ਸਿੱਖਿਆ ਅਤੇ ਭਲਾਈ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਪੂਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬਾਲ ਦਿਵਸ ਮਨਾਉਣ ਦਾ ਮੁੱਖ ਮੰਤਵ ਦੁਨੀਆਂ ਭਰ ਵਿੱਚ ਬੱਚਿਆਂ ਦੀ ਚੰਗੀ ਪਰਵਰਿਸ਼ ਨੂੰ ਉਤਸ਼ਾਹਿਤ ਕਰਨਾ ਹੈ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਲੀਗਲ ਸਰਵਿਸਜ਼ ਐਕਟ ਅਤੇ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਬਾਰੇ ਜਾਗਰੂਕਤ ਕੀਤਾ ਅਤੇ ਉਨ੍ਹਾਂ ਨੇ ਦੱਸਿਆ ਕਿ ਜੇਕਰ ਕਿਸੇ ਵੀ ਵਿਦਿਆਰਥੀ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਨੂੰ ਮੁਫਤ ਕਾਨੂੰਨੀ ਸਹਾਇਤਾ ਦੀ ਜ਼ਰੂਰਤ ਪੈਦੀ ਹੈ, ਤਾਂ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫਤਰ ਟੈਲੀਫੋਨ ਨੰਬਰ 01823-223511 ਅਤੇ ਪੰਜਾਬ ਸਟੇਟ ਲੀਗਲ ਸਰਵਿਸਜ ਦੇ ਟੋਲ ਫ੍ਰੀ ਨੰਬਰ 1968 'ਤੇ ਸੰਪਰਕ ਕਰਕੇ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ 'ਤੇ ਸਮੂਹ ਸਕੂਲ ਸਟਾਫ ਮੈਂਬਰ, ਪੈਰਾ ਲੀਗਲ ਵਲੰਟੀਅਰਜ਼ ਤੋਂ ਇਲਾਵਾ ਵਿਦਿਆਰਥੀ ਮੌਜੂਦ ਸਨ।



****







# ਪ੍ਰੀ ਪ੍ਰਾਇਮਰੀ ਜਮਾਤਾਂ ਦੇ ਛੇ ਸਾਲ ਪੂਰੇ ਹੋਣ ਤੇ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਬਾਲ ਮੇਲਿਆਂ ਦਾ ਹੋਇਆ ਸਫਲ ਆਯੋਜਨ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਸ ਦੀ ਰਹਿਨੁਮਾਈ ਅਤੇ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਅਗਵਾਈ ਵਿੱਚ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪਠਾਨਕੋਟ ਦੇ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਬਾਲ ਦਿਵਸ ਮਨਾ ਕੇ ਨਵੇਂ ਸ਼ੈਸ਼ਨ 2024-25 ਦੇ ਲਈ ਦਾਖ਼ਲਿਆਂ ਦਾ ਸ਼ੁੱਭ ਆਰੰਭ ਕੀਤਾ ਗਿਆ।



ਇਸ ਸਬੰਧੀ ਜਾਣਕਾਰੀ ਦਿੰਦਿਆ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀ ਜੀ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਦਾ ਜਨਮ ਦਿਨ ਬਾਲ ਦਿਵਸ ਤੇ ਬਾਲ ਮੇਲਿਆਂ ਦੇ ਰੂਪ ਵਿੱਚ ਮਨਾਇਆ ਗਿਆ।

ਇਸ ਦਿਨ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਨਿੱਕੇ ਵਿਦਿਆਰਥੀਆਂ ਨੇ ਸਰੀਰਕ, ਬੌਧਿਕ, ਰਚਨਾਤਮਕ ਗਤੀਵਿਧੀਆਂ ਕਰਕੇ ਸਭ ਦਾ ਧਿਆਨ ਖਿੱਚਿਆ। ਇਹਨਾਂ ਨੰਨ੍ਹੇ ਕਲਾਕਾਰਾਂ ਦੁਆਰਾ ਤਿਆਰ ਕੀਤੀ ਵੱਖ ਵੱਖ ਤਰ੍ਹਾਂ ਦੀਆਂ ਕਲਾ ਕਿਰਤਾਂ ਦੇ ਸਟਾਲ ਲਗਾਏ ਗਏ। ਇਸ ਮੌਕੇ ਤੇ ਸਾਲ 2024-25 ਲਈ ਦਾਖਲਿਆਂ ਦੀ ਸ਼ੁਰੂਆਤ ਵੀ ਕੀਤੀ ਗਈ।

ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀ ਜੀ ਸਿੰਘ ਅਤੇ ਬੀਪੀਈਓ ਨਰੇਸ਼ ਪਨਿਆੜ ਦੁਆਰਾ ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ ਸਮੇਤ ਵੱਖ ਸਕੂਲਾਂ ਦਾ ਦੌਰਾ ਕਰਕੇ ਬਾਲ ਮੇਲਿਆਂ ਵਿੱਚ ਸ਼ਮੂਲੀਅਤ ਕੀਤੀ ਗਈ ਅਤੇ ਨਿੱਕੇ ਨਿੱਕੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ। ਇਹਨਾਂ ਬਾਲ ਮੇਲਿਆਂ ਵਿੱਚ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ, ਸਕੂਲ ਪ੍ਰਬੰਧਕ ਕਮੇਟੀ ਮੈਂਬਰਾਂ, ਪਿੰਡਾ ਦੇ ਪੰਚਾ, ਸਰਪੰਚਾ,ਯੂਥ ਕਲੱਬਾਂ ਦੇ ਮੈਂਬਰਾਂ, ਪਤਵੰਤਿਆਂ ਅਤੇ ਆਂਗਣਵਾੜੀ ਸਟਾਫ਼ ਨੇ ਸ਼ਮੂਲੀਅਤ ਕਰਕੇ ਬਾਲ ਮੇਲਿਆਂ ਦੀ ਸ਼ੋਭਾ ਨੂੰ ਵਧਾਇਆਂ । ਬਾਲ ਮੇਲਿਆਂ ਦੀ ਸਫਲਤਾ ਲਈ ਸਮੂਹ ਬੀਪੀਈਓਜ, ਸੀਐਚਟੀ, ਸਕੂਲ ਮੁੱਖੀਆ ਅਤੇ ਅਧਿਆਪਕਾਂ ਵੱਲੋਂ ਸ਼ਲਾਘਾਯੋਗ ਸੇਵਾਵਾਂ ਨਿਭਾਈਆਂ ਗਈਆਂ। ਇਸ ਤਰ੍ਹਾਂ ਇਹ ਬਾਲ ਮੇਲੇ ਆਪਣੇ ਮੰਤਵ ਦੀ ਪੂਰਤੀ ਕਰਦਿਆਂ ਸਫਲਤਾ ਪੂਰਵਕ ਸੰਪਨ ਹੋਏ। ਇਸ ਮੌਕੇ ਤੇ ਮੁੱਖ ਅਧਿਆਪਕ ਕੁਸੁਮ ਸ਼ਰਮਾਂ, ਪਰਮਬੀਰ ਕੌਰ, ਸੁਸ਼ਮਾ ਸ਼ਰਮਾਂ, ਰੇਵਾ, ਰਮਾ ਕੁਮਾਰੀ, ਜੋਤੀ ਬਾਲਾ, ਪ੍ਰਵੀਨ ਕੁਮਾਰੀ, ਬਲਕਾਰ ਅੱਤਰੀ ਆਦਿ ਹਾਜ਼ਰ ਸਨ।

# ਪਰਾਲੀ ਨਾ ਸਾੜਨ ਵਾਲੇ ਪਿੰਡ ਅਤੇ ਕਿਸਾਨ ਬਾਕੀਆਂ ਲਈ ਰਾਹ ਦਸੇਰੇ- ਡਿਪਟੀ ਕਮਿਸ਼ਨਰ

**ਫਗਵਾੜਾ (ਬੀ. ਕੇ. ਰੱਤੂ)–** ਜ਼ਿਲ੍ਹੇ ਦੇ ਕਈ ਪਿੰਡਾਂ ਦੇ ਖੇਤਾਂ ਵਿਚ ਪਰਾਲੀ ਨੂੰ ਅੱਗ ਨਾ ਲਾ ਕੇ ਵਾਤਾਵਰਨ ਅਤੇ ਮਨੁੱਖੀ ਸਿਹਤ ਪੱਖੀ ਸੁਨੇਹਾ ਦੇਣ ਵਾਲੇ ਕਿਸਾਨਾਂ ਨੂੰ ਰਾਹ ਦਸੇਰੇ ਦੱਸਦਿਆਂ ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ ਕਿਹਾ ਕਿ ਅਜਿਹੇ ਪਿੰਡ ਬਾਕੀਆਂ ਲਈ ਚਾਨਣ ਮੁਨਾਰੇ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਇਨ੍ਹਾਂ ਪਿੰਡਾਂ ਅਤੇ ਇੱਥੋਂ ਦੇ ਕਿਸਾਨਾਂ ਦੀ ਸ਼ਲਾਘਾ ਕਰਦਾ ਹੈ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਤੀਬਾੜੀ ਵਿਭਾਗ, ਜ਼ਿਲ੍ਹਾ ਪ੍ਰਸ਼ਾਸਨ ਅਤੇ ਸਬੰਧਿਤ ਵਿਭਾਗਾਂ ਦੀਆਂ ਟੀਮਾਂ ਨੇ ਪਿੰਡਾਂ ਵਿਚ ਜਾਗਰੂਕਤਾ ਮੁਹਿੰਮ ਰਾਹੀਂ ਜ਼ਿਲ੍ਹੇ ਅੰਦਰ ਵੱਡੇ ਪੱਧਰ 'ਤੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਪ੍ਰਤੀ ਜਾਗਰੂਕ ਕੀਤਾ ਹੈ ਜਿਸਦੇ ਸਿੱਟੇ ਵਜੋਂ ਮਸ਼ੀਨਾਂ ਰਾਹੀਂ ਪਰਾਲੀ ਅਤੇ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਦਾ ਰੁਝਾਨ ਵਧਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਕਈ ਪਿੰਡਾਂ ਵਿਚ ਕਿਸਾਨਾਂ ਨੇ ਪਰਾਲੀ ਨੂੰ ਅੱਗ ਨਾ ਲਾਉਣ ਦਾ ਫੈਸਲਾ ਲੈਂਦਿਆਂ ਬਾਕੀ ਕਿਸਾਨਾਂ ਨੂੰ ਵੀ ਹਵਾ ਪ੍ਰਦੂਸ਼ਣ ਦੇ ਮੱਦੇਨਜ਼ਰ ਅਜਿਹਾ ਨਾ ਕਰਨ ਦੀ ਤਾਕੀਦ ਕੀਤੀ ਜਿਸਦਾ ਚੰਗਾ ਅਸਰ ਦੇਖਣ ਨੂੰ ਮਿਲਿਆ ਹੈ।

ਫਗਵਾੜਾ ਬਲਾਕ ਦੇ ਪਿੰਡ ਭੁੱਲਾ ਰਾਈ ਅਤੇ ਢੱਡੇ ਦਾ ਹਵਾਲਾ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਜਿਹੇ ਕਈ ਪਿੰਡਾਂ ਨੇ ਖੇਤੀਬਾੜੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕੰਮ ਕਰਦਿਆਂ ਮਸ਼ੀਨਾਂ ਦੀ ਵਰਤੋਂ ਰਾਹੀਂ ਖੇਤਾਂ ਵਿਚ ਹੀ ਪਰਾਲੀ ਅਤੇ ਫਸਲੀ ਰਹਿੰਦ-ਖੂੰਹਦ ਦਾ ਸੁਚੱਜਾ ਪ੍ਰਬੰਧਨ ਅਮਲ ਵਿਚ ਲਿਆਂਦਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਬਸਿਡੀ 'ਤੇ ਦਿੱਤੀਆਂ ਜਾ ਰਹੀਆਂ ਮਸ਼ੀਨਾਂ ਦੀ ਵਰਤੋਂ ਨਾਲ ਪਰਾਲੀ ਨੂੰ ਵਧੀਆਂ ਢੰਗ ਨਾਲ ਸੰਭਾਲਿਆ ਜਾ ਸਕਦਾ ਹੈ।

ਪਿੰਡ ਭੁੱਲਾ ਰਾਈ ਦੇ ਸਰਪੰਚ ਹਰਭਜਨ ਸਿੰਘ ਨੇ ਕਿਹਾ ਕਿ ਪਿੰਡ ਵਿਚ 40 ਦੇ ਕਰੀਬ ਕਿਸਾਨਾਂ ਨੇ ਪਰਾਲੀ ਨੂੰ ਵਧੀਆਂ ਢੰਗ ਨਾਲ ਸੰਭਾਲਦੇ ਹੋਏ ਸਮੁੱਚੇ ਪਿੰਡ ਦੇ ਵਾਤਾਵਰਨ ਨੂੰ ਸਾਫ ਰੱਖਣ ਵਿਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਪਰਾਲੀ ਦੀ ਸੰਭਾਲ ਬਾਰੇ ਉਹ ਲਾਗਲੇ ਪਿੰਡਾਂ ਵਿਚ ਵੀ ਪ੍ਰਚਾਰ ਕਰਨਗੇ ਅਤੇ ਲੋੜੀਂਦੀ ਮਸ਼ੀਨਰੀ ਮੁਹੱਈਆ ਕਰਵਾਉਣਗੇ। ਉਨ੍ਹਾਂ ਦੱਸਿਆ ਕਿ ਬੇਲਰ ਮਸ਼ੀਨਾਂ ਰਾਹੀਂ ਪਰਾਲੀ ਦੀ ਸੰਭਾਲ ਦਾ ਰੁਝਾਨ ਵਧਣ ਨਾਲ ਇਲਾਕੇ ਵਿਚ ਪ੍ਰਦੂਸ਼ਣ ਰਹਿਤ ਵਾਤਾਵਰਨ ਨੂੰ ਬਰਕਰਾਰ ਰੱਖਣ ਦੇ ਉਪਰਾਲੇ ਜਾਰੀ ਹਨ। ਉਨ੍ਹਾਂ ਦੱਸਿਆ ਕਿ ਨੇੜਲੇ ਪਿੰਡ ਖਾਟੀ ਵਿਖੇ ਕਿਸਾਨਾਂ ਦੀ ਸਹੂਲਤ ਲਈ ਡੰਪ ਵਿਚ ਬਣਾਇਆ ਗਿਆ ਹੈ।

ਮੁੱਖ ਖੇਤੀਬਾੜੀ ਅਫਸਰ ਡਾ। ਨਰੇਸ਼ ਕੁਮਾਰ ਗੁਲਾਟੀ ਨੇ ਪਰਾਲੀ ਨੂੰ ਅੱਗ ਨਾ ਲਾਉਣ ਵਾਲੇ ਜ਼ਿਲ੍ਹੇ ਦੇ ਕਿਸਾਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਸੀਜ਼ਨ ਦੌਰਾਨ ਕਿਸਾਨਾਂ ਵਲੋਂ 537 ਮਸ਼ੀਨਾਂ ਦੀ ਖਰੀਦ ਕੀਤੀ ਜਾਚੁੱਕੀ ਹੈ ਜਿਨ੍ਹਾਂ ਰਾਹੀਂ ਬਹੁਤੇ ਕਿਸਾਨ ਪਰਾਲੀ ਦੀ ਸੰਭਾਲ ਕਰ ਰਹੇ ਹਨ ।

ਫਗਵਾੜਾ ਦੇ ਬਲਾਕ ਖੇਤੀਬਾੜੀ ਅਫਸਰ ਡਾ।ਪਰਮਜੀਤ ਸਿੰਘ ਨੇ ਕਿਹਾ ਕਿ ਪਿੰਡ ਭੁੱਲਾ ਰਾਈ ਵਿਖੇ 10 ਸੂਪਰਸੀਡਰ ਮਸ਼ੀਨਾਂ ਰਾਹੀਂ ਤਕਰੀਬਨ 600 ਹੈਕਟੇਅਰ 'ਤੇ ਕਣਕ ਬੀਜੀ ਗਈ ਹੈ ਅਤੇ ਬਾਕੀ ਰਕਬੇ ਵਿਚ ਪਿੰਡ ਦੇ ਕਿਸਾਨਾਂ ਵਲੋਂ ਐਕਸ ਸੀਟੂ ਯਾਨੀ ਬੇਲਰ ਦੀ ਵਰਤੋਂ ਨਾਲ ਪਰਾਲੀ ਸਾਂਭੀ ਗਈ ਹੈ। ਇਸੇ ਤਰ੍ਹਾਂ ਪਿੰਡ ਢੱਡੇ ਵਿਚ ਵੀ 600 ਹੈਕਟੇਅਰ ਰਕਬੇ ਵਿਚ ਪਰਾਲੀ ਨੂੰ ਸੁਚੱਜੇ ਢੰਗ ਨਾਲ ਸੰਭਾਲਿਆ ਗਿਆ ਹੈ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


# ਐਸ ਐਸ ਪੀ ਪਠਾਨਕੋਟ ਨੇ ਬਾਲ ਦਿਵਸ ਤੇ ਨੌਜਵਾਨਾਂ ਨੂੰ ਕੀਤਾ ਪ੍ਰੇਰਿਤ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਬਾਲ ਦਿਵਸ ਦੇ ਸ਼ੁਭ ਮੌਕੇ ਤੇ ਐਸ.ਐਸ.ਪੀ ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ ਨੇ ਨੌਜਵਾਨ ਪੀੜ੍ਹੀ ਦੀ ਸਮਰੱਥਾ ਨੂੰ ਨਿਖਾਰਨ ਦੇ ਉਦੇਸ਼ ਨਾਲ ਇੱਕ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਅੱਜ ਆਯੋਜਿਤ ਇਸ ਸਮਾਗਮ ਨੇ ਨੌਜਵਾਨਾਂ ਵਿੱਚ ਸਫਲਤਾ, ਲਚਕੀਲੇਪਣ ਅਤੇ ਅਕਾਦਮਿਕ ਉੱਤਮਤਾ ਦੇ ਮੁੱਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਆਪਣੇ ਪ੍ਰੇਰਕ ਭਾਸ਼ਣ ਵਿੱਚ, ਐਸ ਐਸ ਪੀ ਖੱਖ ਨੇ ਹਾਨੀਕਾਰਕ ਪ੍ਰਭਾਵਾਂ ਖਾਸ ਕਰਕੇ ਨਸ਼ਿਆਂ ਤੋਂ ਦੂਰ ਰਹਿਣ ਦੀ ਮਹੱਤਤਾ ਤੇ ਜ਼ੋਰ ਦਿੱਤਾ ਅਤੇ ਨੌਜਵਾਨਾਂ ਨੂੰ ਜੀਵਨ ਦੇ ਹਰ ਪਹਿਲੂ ਵਿੱਚ ਮਹਾਨਤਾ ਦੀ ਇੱਛਾ ਰੱਖਣ ਲਈ ਪ੍ਰੇਰਿਤ ਕੀਤਾ। ਉਹਨਾ ਨੇ ਅਧਿਐਨ ਵਿੱਚ ਉੱਤਮ ਹੋਣ ਦੀ ਮਹੱਤਤਾ ਤੇ ਜ਼ੋਰ ਦਿੱਤਾ, ਇਸ ਨੂੰ ਨਿੱਜੀ ਅਤੇ ਸਮਾਜਿਕ ਉੱਨਤੀ ਦੇ ਮਾਰਗ ਵਜੋਂ ਰੇਖਾਂਕਿਤ ਕੀਤਾ।




ਐਸ ਐਸ ਪੀ ਖੱਖ ਨੇ ਕਿਹਾ, "ਬੱਚੇ ਸਾਡੇ ਸਮਾਜ ਦੇ ਭਵਿੱਖ ਦੇ ਆਰਕੀਟੈਕਟ ਹਨ, ਅਤੇ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਨੂੰ ਸੂਚਿਤ ਚੋਣਾਂ ਕਰਨ ਲਈ ਮਾਰਗਦਰਸ਼ਨ ਅਤੇ ਸ਼ਕਤੀ ਪ੍ਰਦਾਨ ਕਰੀਏ।" "ਪੜ੍ਹਾਈ ਵਿੱਚ ਉੱਤਮਤਾ ਹਾਸਲ ਕਰਕੇ ਅਤੇ ਆਪਣੇ ਟੀਚਿਆਂ 'ਤੇ ਕੇਂਦਰਿਤ ਰਹਿ ਕੇ, ਸਾਡੇ ਨੌਜਵਾਨ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ।" ਇਸ ਤੋਂ ਇਲਾਵਾ, ਐਸਐਸਪੀ ਖੱਖ ਨੇ ਨੌਜਵਾਨ ਦਿਮਾਗਾਂ ਨੂੰ ਪੜ੍ਹਾਈ ਪ੍ਰਤੀ ਨਿਰੰਤਰ ਵਚਨਬੱਧਤਾ 'ਤੇ ਵਿਚਾਰ ਕਰਨ ਦੀ ਅਪੀਲ ਕੀਤੀ, ਇਸ ਨੂੰ ਵਿਸ਼ਾਲ ਮੌਕਿਆਂ ਨੂੰ ਖੋਲ੍ਹਣ ਅਤੇ ਜਨਤਕ ਸੇਵਾ ਵਿੱਚ ਸਫਲਤਾ ਪ੍ਰਾਪਤ ਕਰਨ ਦੀ ਕੁੰਜੀ ਵਜੋਂ ਉਜਾਗਰ ਕੀਤਾ। ਉਸ ਦੀ ਸੂਝਵਾਨ ਅਗਵਾਈ ਦਾ ਉਦੇਸ਼ ਨੌਜਵਾਨਾਂ ਨੂੰ ਵੱਡੇ ਸੁਪਨੇ ਦੇਖਣ, ਸਖ਼ਤ ਮਿਹਨਤ ਕਰਨ ਅਤੇ ਸਮਾਜ ਦੀ ਬਿਹਤਰੀ ਲਈ ਸਾਰਥਕ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਾ ਹੈ। ਜਿਵੇਂ ਕਿ ਅਸੀਂ ਬਾਲ ਦਿਵਸ ਮਨਾਉਂਦੇ ਹਾਂ, ਪਠਾਨਕੋਟ ਪੁਲਿਸ ਨੌਜਵਾਨਾਂ ਲਈ ਇੱਕ ਸਕਾਰਾਤਮਕ ਅਤੇ ਉਤਸ਼ਾਹਜਨਕ ਮਾਹੌਲ ਪੈਦਾ ਕਰਨ, ਉਹਨਾਂ ਨੂੰ ਉਹਨਾਂ ਸਾਧਨਾਂ ਨਾਲ ਲੈਸ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ ਜਿਹਨਾਂ ਦੀ ਉਹਨਾਂ ਨੂੰ ਜ਼ਿੰਮੇਵਾਰ, ਸਫਲ ਅਤੇ ਹਮਦਰਦ ਵਿਅਕਤੀ ਬਣਨ ਦੀ ਲੋੜ ਹੁੰਦੀ ਹੈ।

# ਚੱਕ ਗੁਰੂ ਵਿਖੇ ਆਪਣਾ ਪੰਜਾਬ ਐੱਨ.ਆਰ.ਆਈ ਫੁੱਟਬਾਲ ਕਲੱਬ ਵੱਲੋਂ ਕਰਵਾਇਆ ਫੁੱਟਬਾਲ ਟੂਰਨਾਮੈਂਟ ਸੰਪੰਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਨੇੜਲੇ ਪਿੰਡ ਚੱਕ ਗੁਰੂ ਵਿਖੇ ਆਪਣਾ ਪੰਜਾਬ ਐੱਨ.ਆਰ.ਆਈ. ਫੁੱਟਬਾਲ ਕਲੱਬ ਵੱਲੋਂ ਕਰਵਾਇਆ ਗਿਆ ਛੇ ਰੋਜ਼ਾ ਫੁੱਟਬਾਲ ਟੂਰਨਾਮੈਂਟ ਸਫਲਤਾਪੂਰਵਕ ਸੰਪੰਨ ਹੋਇਆ। ਆਲ ਓਪਨ ਵਰਗ ਦੇ ਫਾਈਨਲ ਮੈਚ ਵਿਚ ਮਹਿਲਪੁਰ ਕਾਲਜ ਦੀ ਟੀਮ ਨੇ ਬੰਗਾ ਕਾਲਜ ਦੀ ਟੀਮ ਨੂੰ 2-1 ਦੇ ਅੰਤਰ ਨਾਲ ਹਰਾਇਆ। ਜੇਤੂ ਮਹਿਲਪੁਰ ਦੀ ਟੀਮ ਨੂੰ ਡੇਢ ਲੱਖ ਰੁਪਏ ਦੇ ਨਕਦ ਇਨਾਮ ਅਤੇ ਤੇ ਟਰਾਫ਼ੀ ਨਾਲ ਸਨਮਾਨਿਤ ਕੀਤਾ ਗਿਆ



ਜਦਕਿ ਉੱਪ ਜੇਤੂ ਬੰਗਾ ਕਾਲਜ ਦੀ ਟੀਮ ਨੂੰ ਇਕ ਲੱਖ ਰੁਪਏ ਦਾ ਇਨਾਮ ਤੇ ਟਰਾਫ਼ੀ ਦਿੱਤੀ ਗਈ। ਇਨਾਮ ਵੰਡ ਸਮਾਗਮ ਵਿਚ ਐੱਨ.ਆਰ.ਆਈ. ਅਵਤਾਰ ਸਿੰਘ ਤਾਰੀ ਯੂ।ਐੱਸ।ਏ ਨੇ ਜੇਤੂ ਟੀਮਾਂ ਅਤੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕੀਤੀ। ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੌੜੀ, ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਹਰੀ ਰਾਮ ਗੰਗੜ, ਬਲਵੀਰ ਸਿੰਘ ਤੂੜ ਅਤੇ ਇਕਬਾਲ ਸਿੰਘ ਸੰਧੂ ਆਈ.ਏ.ਐੱਸ. ਨੇ ਸਾਂਝੇ ਤੌਰ 'ਤੇ ਕੀਤਾ। ਉਦਘਾਟਨ ਤੋਂ ਬਾਅਦ ਲੜਕੀਆਂ ਦਾ ਸ਼ੋਅ ਮੈਚ ਐੱਚ.ਐੱਮ.ਵੀ. ਕਾਲਜ ਜਲੰਧਰ ਅਤੇ ਦੁਆਬਾ ਕਾਲਜ ਜਲੰਧਰ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿਚ ਐੱਚ.ਐੱਮ.ਵੀ ਕਾਲਜ ਜਲੰਧਰ ਦੀ ਟੀਮ ਜੇਤੂ ਰਹੀ। ਇਸੇ ਤਰ੍ਹਾਂ ਗੜ੍ਹਸ਼ੰਕਰ ਕਲੱਬ ਅਤੇ ਬਲਾਚੌਰ ਕਲੱਬ ਦੀਆਂ ਟੀਮਾਂ ਵਿਚਕਾਰ ਖੇਡੇ ਗਏ ਸ਼ੋਅ ਮੈਚ ਵਿਚ ਦੋਵੇਂ ਟੀਮਾਂ 1-1 ਗੋਲ ਨਾਲ ਬਰਾਬਰੀ 'ਤੇ ਰਹੀਆਂ। ਅਕੈਡਮੀਆਂ ਦਾ ਫਾਈਨਲ ਮੈਚ ਮੰਗੂਵਾਲ ਫ਼ੁੱਟਬਾਲ ਅਕੈਡਮੀ ਅਤੇ ਸਮੁੰਦੜਾ ਫੁੱਟਬਾਲ ਅਕੈਡਮੀ ਵਿਚਕਾਰ ਖੇਡਿਆ ਗਿਆ, ਜਿਸ ਵਿਚ ਸਮੁੰਦੜਾ ਫੁੱਟਬਾਲ ਅਕੈਡਮੀ ਦੀ ਟੀਮ ਜੇਤੂ ਰਹੀ। ਪਿੰਡ ਓਪਨ ਵਰਗ ਦਾ ਫਾਈਨਲ ਫਿਰਨੀ ਮਜ਼ਾਰਾ ਤੇ ਸਮੁੰਦੜਾ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿਚ ਫਿਰਨੀ ਮਜ਼ਾਰਾ ਦੀ ਟੀਮ ਜੇਤੂ ਰਹੀ। ਇਸ ਮੌਕੇ ਸੁੱਚਾ ਸਿੰਘ ਭਗਤ, ਕਰਨੈਲ ਸਿੰਘ, ਭਜਨ ਸਿੰਘ ਗਿੱਲ, ਗੁਰਦੇਵ ਸਿੰਘ ਰੱਕੜ, ਕੁਲਵਿੰਦਰ ਸਿੰਘ,ਮੋਹਨ ਸਿੰਘ,ਅਧਿਆਤਮ ਪ੍ਰਕਾਸ਼, ਧਰਮਪਾਲ, ਸੋਮ ਨਾਥ, ਬਹਾਦਰ ਸਿੰਘ, ਗੁਰਦੇਵ ਸਿੰਘ, ਕਮਲਜੀਤ ਸਿੰਘ, ਬਿੱਲਾ ਰੱਕੜ, ਹਰਸ਼ ਅਸਟਰੇਲੀਆ, ਅਸ਼ੋਕ ਕੁਮਾਰ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਤੀਜੇ ਦਿਨ ਰਿਹਾ ਸ਼ਾਨਦਾਰ ਪ੍ਰਦਰਸ਼ਨ

**ਪਟਿਆਲਾ–** ਸ੍ਰੀਮਤੀ ਸਾਕਸ਼ੀ ਸਾਹਨੀ ਜੀ ਮਾਨਯੋਗ ਡਿਪਟੀ ਕਮਿਸ਼ਨਰ ਪਟਿਆਲਾ ਜੀ ਦੀ ਰਹਿਨੁਮਾਈ ਅਤੇ ਯੋਗ ਮਾਰਗ ਦਰਸ਼ਨ ਹੇਠ, ਏ।ਡੀ।ਸੀ ਮੈਡਮ ਅਨੁਪ੍ਰੀਤਾ ਜੌਹਲ, ਸ੍ਰੀ ਹਰਪਿੰਦਰ ਸਿੰਘ ਜੀ ਜ਼ਿਲ੍ਹਾ ਸਪੋਰਟਸ ਅਫਸਰ ਪਟਿਆਲਾ ਜੀ ਦੇ ਸਹਿਯੋਗ ਸਦਕਾ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਸ਼ਾਨੋ ਸ਼ੋਕਤ ਨਾਲ ਸੰਪਨ ਹੋਈਆਂ, ਖੇਡਾਂ ਦੇ ਤੀਜੇ ਦਿਨ ਮਹਾਰਾਜਾ ਭਲਿੰਦਰ ਸਿੰਘ ਖੇਡ ਸਟੇਡੀਅਮ ਪੋਲੋ ਗਰਾਉਂਡ ਪਟਿਆਲਾ ਵਿਖੇ 16 ਬਲਾਕਾਂ ਦੇ ਲੱਗਭੱਗ 1500 ਬੱਚਿਆਂ ਵਲੋਂ ਭਾਗ ਲਿਆ ਗਿਆ। ਇਨ੍ਹਾਂ ਖੇਡਾਂ ਵਿੱਚ ਵੱਖ-ਵੱਖ ਈਵੈਂਟਸ ਵਿੱਚ ਪ੍ਰਾਇਮਰੀ ਸਕੂਲਾਂ ਦੇ ਖਿਡਾਰੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਸ੍ਰੀਮਤੀ ਕਰਮਜੀਤ ਕੌਰ ਇੰਸਪੈਕਟਰ ਪੰਜਾਬ ਪੁਲਿਸ ਅੰਤਰਰਾਸ਼ਟਰੀ ਐਥਲੀਟ, ਨੈਸ਼ਨਲ ਰਿਕਾਰਡ ਹੋਲਡਰ (ਪੋਲ ਵਲਟ) ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਖੋ-ਖੋ ਮੁੰਡੇ, ਰੱਸਾ-ਕੱਸੀ, ਅਤੇ ਮਿੰਨੀ ਹੈਂਡ ਬਾਲ, ਜਿਮਨਾਸਟਿਕ ਵਾਲੇ ਬੱਚਿਆਂ ਨਾਲ ਜਾਣ-ਪਛਾਣ ਕੀਤੀ ਅਤੇ ਮਨੁੱਖੀ ਜੀਵਨ ਵਿੱਚ ਖੇਡਾਂ ਦੀ ਅਹਮੀਅਤ ਬਾਰੇ ਦੱਸ ਕੇ ਪ੍ਰੇਰਿਤ ਕੀਤਾ। ਡਾ. ਅਰਚਨਾ ਮਹਾਜਨ ਜ਼ਿਲ੍ਹਾ ਸਿਖਿਆ ਅਫ਼ਸਰ (ਐ।ਸਿੱ) ਅਤੇ ਸ੍ਰੀਮਤੀ ਮਨਵਿੰਦਰ ਕੌਰ ਭੁੱਲਰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ।ਸਿੱ) ਪਟਿਆਲਾ ਵੱਲੋਂ ਵੱਖ-ਵੱਖ ਈਵੈਂਟਸ ਵਿਚ ਵਿਜ਼ਿਟ ਕਰਕੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਸ੍ਰੀ ਜਸਵਿੰਦਰ ਸਿੰਘ ਬੀ.ਪੀ.ਈ.ਓ ਪਟਿਆਲਾ-3 ਅਤੇ ਖੇਡ ਕਮੇਟੀ ਨੇ ਬਹੁਤ ਵਧੀਆ ਭੂਮਿਕਾ ਨਿਭਾਈ ਗਈ। ਸਟੇਜ ਸਕੱਤਰ ਦੀ ਭੂਮਿਕਾ ਡਾ। ਨਰਿੰਦਰ ਸਿੰਘ, ਮਿਲਨ ਚੌਹਾਨ, ਸੁਰਜੀਤ ਸਿੰਘ, ਬਿਕਰਮਜੀਤ ਸਿੰਘ ਵੱਲੋਂ ਨਿਭਾਈ ਗਈ। ਸ੍ਰੀ ਜਗਜੀਤ ਸਿੰਘ ਬੀ ਪੀ ਈ ਓ ਭਾਦਸੋਂ-2 ਅਤੇ ਸ੍ਰੀ ਪ੍ਰਿਥੀ ਸਿੰਘ ਬੀ ਪੀ ਈ ਓ ਪਟਿਆਲਾ-2, ਹਰਵਿੰਦਰ ਸਿੰਘ ਮਲਟੀਪਰਪਜ਼ ਵੱਲੋਂ ਲੰਗਰ ਕਮੇਟੀ ਦੇ ਵਿਚ ਸ਼ਲਾਘਾਯੋਗ ਕੰਮ ਕੀਤਾ ਗਿਆ। ਬਾਬਾ ਹਰਨੇਕ ਸਿੰਘ ਜੀ ਫਤਿਹਗੜ੍ਹ ਸਾਹਿਬ ਅਤੇ ਸੰਤ ਆਸ਼ਰਮ ਧਬਲਾਣ ਵੱਲੋਂ ਵੀ ਲੰਗਰ ਵਿੱਚ ਬਹੁਮੁੱਲਾ ਯੋਗਦਾਨ ਪਾਇਆ ਗਿਆ। ਲੱਗਭੱਗ 8000 ਲੱਸੀ ਦੇ ਪੈਕਟਾਂ ਦੀ ਸੇਵਾ ਡੀ।ਸੀ ਦਫਤਰ ਵੱਲੋਂ ਹੋਈ। ਖੇਡ ਮੇਲੇ ਦੇ ਤਿੰਨੋ ਦਿਨ ਲੰਗਰ ਕਮੇਟੀ ਵੱਲੋਂ ਖਿਡਾਰੀਆਂ, ਅਧਿਆਪਕਾਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਬਹੁਤ ਹੀ ਸਵਾਦਿਸ਼ਟ ਲੰਗਰ ਛਕਾਇਆ ਗਿਆ। ਇਸ ਮੌਕੇ ਸ੍ਰੀ ਜਗਜੀਤ ਸਿੰਘ ਵਾਲੀਆ, ਸੰਦੀਪ ਸਿੰਘ, ਅਵਤਾਰ ਸਿੰਘ , ਬੀ-ਪੀ.ਈ.ਓਜ਼ ਹੰਸ ਰਾਜ, ਧਰਮਿੰਦਰ ਸਿੰਘ, ਮਨੋਜ ਕੁਮਾਰ ਜੋਈਆ, ਬਲਵਿੰਦਰ ਕੁਮਾਰ, ਬਲਜੀਤ ਕੌਰ, ਮਨਜੀਤ ਕੌਰ, ਪ੍ਰੇਮ ਕੁਮਾਰ, ਭਾਰਤ ਭੂਸ਼ਣ, ਗੁਰਪ੍ਰੀਤ ਸਿੰਘ ਗੋਲਡੀ ਵਰਮਾ, ਸੁਰਜੀਤ ਸਿੰਘ, ਨੀਰੂ ਬਾਲਾ, ਰਾਜੇਸ਼ ਕੁਮਾਰ, ਕੁਲਦੀਪ ਸਿੰਘ, ਪ੍ਰੋ ਅੰਮ੍ਰਿਤਪਾਲ ਸਿੰਘ, ਆਦਿ ਹਾਜ਼ਰ ਸਨ। ਸੁਖਜੀਵਨ ਸਿੰਘ, ਪਰਵਿੰਦਰ ਸਿੰਘ, ਬਲਵਿੰਦਰ ਕੌਰ ਰਾਜਪੁਰਾ ਵੱਲੋਂ ਵੱਖ-ਵੱਖ ਖੇਡ ਈਵੈਂਟਸ ਦੀ ਫੋਟੋਗ੍ਰਾਫੀ ਕੀਤੀ ਗਈ। ਜੇਤੂ ਖਿਡਾਰੀਆਂ ਨੂੰ ਸ੍ਰੀ ਕਰਨੈਲ ਸਿੰਘ ਡੀ.ਐਸ.ਪੀ ਪੰਜਾਬ ਪੁਲਿਸ, ਏ.ਐਸ.ਆਈ ਹਰਜਿੰਦਰ ਸਿੰਘ, ਡਾ. ਅਰਚਨਾ ਮਹਾਜਨ ਜ਼ਿਲ੍ਹਾ ਸਿਖਿਆ ਅਫ਼ਸਰ (ਐ।ਸਿੱ) ਪਟਿਆਲਾ, ਸ੍ਰੀਮਤੀ ਮਨਵਿੰਦਰ ਕੌਰ ਭੁੱਲਰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ।ਸਿੱ) ਪਟਿਆਲਾ, ਖੇਡ ਕਮੇਟੀ ਪਟਿਆਲਾ, ਸਮੂਹ ਬੀ।ਪੀ।ਈ।ਓਜ਼ ਵੱਲੋਂ ਮੈਡਲਾਂ ਅਤੇ ਸਰਟੀਫਿਕੇਟ ਨਾ਼ਲ ਸਨਮਾਨਿਤ ਕੀਤਾ ਗਿਆ।



**ਨਤੀਜੇ ਇਸ ਤਰਾਂ ਰਹੇ:** (100 ਮੀਟਰ ਮੁੰਡੇ) ਜਸਕਰਨ ਬਾਬਰਪੁਰ ਪਹਿਲੀ ਪੁਜੀਸ਼ਨ , ਆਯਾਤ ਪਟਿਆਲਾ-2 ਅਤੇ ਗੁਰਜੋਤ ਪਟਿਆਲਾ-3 ਦੂਜੀ ਪੁਜੀਸ਼ਨ, ਤੇਜਿੰਦਰ ਪਟਿਆਲਾ -2 ਤੀਜੀ ਪੁਜੀਸ਼ਨ, (100 ਮੀਟਰ ਕੁੜੀਆਂ) ਨਿਮਰਤ ਡਾਹਰੀਆਂ 1ਸਟ, ਖੁਸ਼ੀ ਭੁਨਰਹੇੜੀ-2 2ਨਦ, ਲਵਪ੍ਰੀਤ ਕੌਰ ਪਟਿਆਲਾ-1 3ਰਦ, (400 ਮੀਟਰ ਮੁੰਡੇ) ਸਮੀਰ ਖਾਨ ਪਟਿਆਲਾ-3 1ਸਟ, ਦਲਜੀਤ ਸਿੰਘ ਡਾਹਰੀਆਂ 2ਨਦ, ਗੁਰਪ੍ਰੀਤ ਸਿੰਘ ਸਮਾਣਾ-3 3ਰਦ, (400 ਮੀਟਰ ਕੁੜੀਆਂ)1ਸਟ ਪ੍ਰੀਤ ਭੁਨਰਹੇੜੀ-2, 2ਨਦ ਸਿਮਰ ਸਮਾਣਾ-1, 3ਰਦ ਅੰਜਲੀ ਸਮਾਣਾ-1, (ਸ਼ਾਟਪੁੱਟ ਮੁੰਡੇ) 1ਸਟ ਤਨਵੀਰ ਰਾਜਪੁਰਾ-2, 2ਨਦ, ਸ਼ਿਵ ਕੁਮਾਰ ਸਮਾਣਾ -1 2ਨਦ, ਅਭੈਪ੍ਰਤਾਪ ਸਿੰਘ ਭਾਦਸੋਂ-1 3ਰਦ, (ਸ਼ਾਟਪੁੱਟ ਕੁੜੀਆਂ) ਪਲਵੀ ਪਟਿਆਲਾ-3 1ਸਟ, ਕਮਲੇਸ਼ ਸਮਾਣਾ-1 2ਨਦ, ਮਨਜੋਤ ਕੌਰ ਭੁਨਰਹੇੜੀ-2 3ਰਦ, (ਸ਼ਤਰੰਜ ਮੁੰਡੇ) 1ਸਟ ਰਾਜਪੁਰਾ-2, 2ਨਦ ਦੇਵੀਗੜ੍ਹ, (ਸ਼ਤਰੰਜ ਕੁੜੀਆਂ 1ਸਟ ਡਾਹਰੀਆਂ, 2ਨਦ ਦੇਵੀਗੜ੍ਹ, (ਹਾਕੀ ਮੁੰਡੇ) 1ਸਟ ਪਟਿਆਲਾ-3, 2ਨਦ ਭਾਦਸੋਂ-1, (ਹਾਕੀ ਕੁੜੀਆਂ) 1ਸਟ ਭਾਦਸੋਂ -1, 2ਨਦ ਸਮਾਣਾ-1, (ਲੰਬੀ-ਛਾਲ ਮੁੰਡੇ) 1ਸਟ ਆਸ਼ਿਕ ਪਟਿਆਲਾ-2, 2ਨਦ ਸਹਿਜਪ੍ਰੀਤ ਸਿੰਘ ਰਾਜਪੁਰਾ-1, 3ਰਦ ਪ੍ਰੀਤੂਸ਼ ਭਾਦਸੋਂ-1 ਅਤੇ ਖੁਸ਼ਪ੍ਰੀਤ ਸਿੰਘ ਭੁਨਰਹੇੜੀ-2, (ਲੰਬੀ-ਛਾਲ ਕੁੜੀਆਂ) 1ਸਟ ਸਿਮਰ ਕੌਰ ਸਮਾਣਾ-1, 2ਨਦ ਪੱਲਵੀ ਪਟਿਆਲਾ-3, 3ਰਦ ਸਿਮਰਨ ਪਟਿਆਲਾ-2 ਆਦਿ ਪੁਜੀਸ਼ਨਾਂ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ । (200 ਮੀਟਰ ਮੁੰਡੇ) ਭਾਦਸੋਂ-2 ਪਹਿਲੀ ਪੁਜੀਸ਼ਨ, ਡਾਹਰੀਆਂ ਦੂਜੀ ਪੁਜੀਸ਼ਨ, ਪਟਿਆਲਾ-2 ਤੀਜੀ ਪੁਜੀਸ਼ਨ, (200 ਮੀਟਰ ਕੁੜੀਆਂ) ਡਾਹਰੀਆਂ ਪਹਿਲੀ ਪੁਜੀਸ਼ਨ, ਬਾਬਰਪੁਰ ਦੂਜੀ ਪੁਜੀਸ਼ਨ, ਸਮਾਣਾ-1 ਤੀਜੀ ਪੁਜੀਸ਼ਨ, (600 ਮੀਟਰ ਮੁੰਡੇ) ਪਟਿਆਲਾ-3 ਪਹਿਲੀ ਪੁਜੀਸ਼ਨ, ਪਟਿਆਲਾ-2 ਦੂਜੀ ਪੁਜੀਸ਼ਨ, ਡਾਹਰੀਆਂ ਤੀਜੀ ਪੁਜੀਸ਼ਨ, (600 ਮੀਟਰ ਕੁੜੀਆਂ) ਸਮਾਣਾ-1 ਪਹਿਲੀ ਪੁਜੀਸ਼ਨ, ਪਟਿਆਲਾ-2 ਦੂਜੀ ਪੁਜੀਸ਼ਨ, ਭੁਨਰਹੇੜੀ-1 ਤੀਜੀ ਪੁਜੀਸ਼ਨ, (ਰਿਲੇਅ ਮੁੰਡੇ) ਪਟਿਆਲਾ-3 ਪਹਿਲੀ ਪੁਜੀਸ਼ਨ, ਪਟਿਆਲਾ-2 ਦੂਜੀ ਪੁਜੀਸ਼ਨ, ਡਾਹਰੀਆਂ ਤੀਜੀ ਪੁਜੀਸ਼ਨ, (ਰਿਲੇਅ ਕੁੜੀਆਂ) ਸਮਾਣਾ-1 ਪਹਿਲੀ ਪੁਜੀਸ਼ਨ, ਭੁਨਰਹੇੜੀ-1 ਦੂਜੀ ਪੁਜੀਸ਼ਨ, ਭੁਨਰਹੇੜੀ-2 ਤੀਜੀ ਪੁਜੀਸ਼ਨ, (ਗੋ਼ਲਾ ਸੁੱਟਣਾ ਮੁੰਡੇ) ਰਾਜਪੁਰਾ-2 ਪਹਿਲੀ ਪੁਜੀਸ਼ਨ, ਸਮਾਣਾ-1 ਦੂਜੀ ਪੁਜੀਸ਼ਨ, ਭਾਦਸੋਂ-1 ਤੀਜੀ ਪੁਜੀਸ਼ਨ, (ਗੋ਼ਲਾ ਸੁੱਟਣਾ ਕੁੜੀਆਂ) ਪਟਿਆਲਾ-3 ਪਹਿਲੀ ਪੁਜੀਸ਼ਨ, ਸਮਾਣਾ-1 ਦੂਜੀ ਪੁਜੀਸ਼ਨ, ਭੁਨਰਹੇੜੀ-2 ਤੀਜੀ ਪੁਜੀਸ਼ਨ, (ਹਾਕੀ ਮੁੰਡੇ) ਪਟਿਆਲਾ-1 ਪਹਿਲੀ ਪੁਜੀਸ਼ਨ, ਭਾਦਸੋਂ-1 ਦੂਜੀ ਪੁਜੀਸ਼ਨ, (ਹਾਕੀ ਕੁੜੀਆਂ) ਭਾਦਸੋਂ-1 ਪਹਿਲੀ ਪੁਜੀਸ਼ਨ, ਸਮਾਣਾ-1 ਦੂਜੀ ਪੁਜੀਸ਼ਨ, (ਕਰਾਟੇ ਮੁੰਡੇ 20 ਕਿੱਲੋ) ਪਟਿਆਲਾ-1 ਪਹਿਲੀ ਪੁਜੀਸ਼ਨ, ਸਮਾਣਾ-1 ਦੂਜੀ ਪੁਜੀਸ਼ਨ, (ਕਰਾਟੇ ਕੁੜੀਆਂ 20 ਕਿੱਲੋ) ਪਟਿਆਲਾ-1 ਪਹਿਲੀ ਪੁਜੀਸ਼ਨ, ਡਾਹਰੀਆਂ ਦੂਜੀ ਪੁਜੀਸ਼ਨ, (ਕਰਾਟੇ ਮੁੰਡੇ 23 ਕਿੱਲੋ) ਸਮਾਣਾ-3 ਪਹਿਲੀ ਪੁਜੀਸ਼ਨ, ਡਾਹਰੀਆਂ ਦੂਜੀ ਪੁਜੀਸ਼ਨ, (ਕਰਾਟੇ ਕੁੜੀਆਂ 23 ਕਿੱਲੋ) ਪਟਿਆਲਾ-1 ਪਹਿਲੀ ਪੁਜੀਸ਼ਨ, ਸਮਾਣਾ-1 ਦੂਜੀ ਪੁਜੀਸ਼ਨ, (ਕਰਾਟੇ ਮੁੰਡੇ 26 ਕਿੱਲੋ) ਸਮਾਣਾ-3 ਪਹਿਲੀ ਪੁਜੀਸ਼ਨ, ਡਾਹਰੀਆਂ ਦੂਜੀ ਪੁਜੀਸ਼ਨ, (ਕਰਾਟੇ ਕੁੜੀਆਂ 26 ਕਿੱਲੋ) ਪਟਿਆਲਾ-1 ਪਹਿਲੀ ਪੁਜੀਸ਼ਨ ਪਟਿਆਲਾ-2 ਦੂਜੀ ਪੁਜੀਸ਼ਨ, (ਕਰਾਟੇ ਮੁੰਡੇ 29 ਕਿੱਲੋ) ਪਟਿਆਲਾ-2 ਫਸਟ, ਸਮਾਣਾ-3 ਸੈਕਿੰਡ, (ਕਰਾਟੇ ਕੁੜੀਆਂ 29 ਕਿੱਲੋ) ਪਟਿਆਲਾ-2 ਫਸਟ, ਭੁਨਰਹੇੜੀ-1 ਸੈਕਿੰਡ, (ਕਰਾਟੇ ਮੁੰਡੇ 32 ਕਿੱਲੋ) ਭੁਨਰਹੇੜੀ-1 ਫਸਟ, ਭੁਨਰਹੇੜੀ-2 ਸੈਕਿੰਡ, (ਕਰਾਟੇ ਕੁੜੀਆਂ 32 ਕਿੱਲੋ) ਪਟਿਆਲਾ-1 ਫਸਟ, ਪਟਿਆਲਾ-2 ਸੈਕਿੰਡ, (ਕਰਾਟੇ ਮੁੰਡੇ 36 ਕਿੱਲੋ ਤੋਂ ਘੱਟ) ਭੁਨਰਹੇੜੀ- ਫਸਟ, ਪਟਿਆਲਾ-2 ਸੈਕਿੰਡ, (ਕਰਾਟੇ ਕੁੜੀਆਂ 36 ਕਿੱਲੋ ਤੋਂ ਘੱਟ) ਪਟਿਆਲਾ-3 ਫਸਟ, ਪਟਿਆਲਾ-2 ਸੈਕਿੰਡ, (ਕਰਾਟੇ ਮੁੰਡੇ 36 ਕਿੱਲੋ ਤੋਂ ਵੱਧ) ਭੁਨਰਹੇੜੀ-1 ਫਸਟ, ਭੁਨਰਹੇੜੀ-2 ਸੈਕਿੰਡ, (ਕਰਾਟੇ ਕੁੜੀਆਂ 36 ਕਿੱਲੋ ਤੋਂ ਵੱਧ) ਪਟਿਆਲਾ-3 ਫਸਟ, ਪਟਿਆਲਾ-2 ਸੈਕਿੰਡ (ਆਰਟਿਸਟਿਕ ਯੋਗਾ ਮੁੰਡੇ) ਭੁਨਰਹੇੜੀ-1 ਫਸਟ, ਬਾਬਰਪੁਰ ਸੈਕਿੰਡ, ਪਟਿਆਲਾ-1 ਥਰਡ, (ਆਰਟਿ-ਸਟਿਕ ਯੋਗਾ ਕੁੜੀਆਂ) ਪਟਿਆਲਾ-1 ਫਸਟ, ਪਟਿਆਲਾ-2 ਸੈਕਿੰਡ, ਭੁਨਰਹੇੜੀ-2 ਥਰਡ, (ਟੀਮ ਯੋਗਾ ਮੁੰਡੇ) ਪਟਿਆਲਾ-1 ਫਸਟ, ਭੁਨਰਹੇੜੀ-2 ਸੈਕਿੰਡ, (ਟੀਮ ਯੋਗਾ ਕੁੜੀਆਂ) ਪਟਿਆਲਾ-1 ਫਸਟ, ਭੁਨਰਹੇੜੀ-2 ਸੈਕਿੰਡ, (ਰਿਧਮਿਕ ਯੋਗਾ ਮੁੰਡੇ) ਭੁਨਰਹੇੜੀ-2 ਫਸਟ, ਪਟਿਆਲਾ-1 ਸੈਕਿੰਡ, ਰਾਜਪੁਰਾ-2 ਥਰਡ, (ਰਿਧਮਿਕ ਯੋਗਾ ਕੁੜੀਆਂ) ਪਟਿਆਲਾ-1 ਫਸਟ, ਭੁਨਰਹੇੜੀ-2 ਸੈਕਿੰਡ, ਸਮਾਣਾ-1 ਥਰਡ, (ਖੋ-ਖੋ ਮੁੰਡੇ) ਸਮਾਣਾ-1 ਫਸਟ, ਭਾਦਸੋਂ-1 ਸੈਕਿੰਡ, (ਖੋ-ਖੋ ਕੁੜੀਆਂ) ਸਮਾਣਾ-1 ਫਸਟ, ਸਮਾਣਾ-2 ਸੈਕਿੰਡ, (ਬੈਡਮਿੰਟਨ ਮੁੰਡੇ) ਪਟਿਆਲਾ-2 ਫਸਟ, ਰਾਜਪੁਰਾ-1 ਸੈਕਿੰਡ, (ਬੈਡਮਿੰਟਨ ਕੁੜੀਆਂ) ਭਾਦਸੋਂ-1 ਫਸਟ, ਬਾਬਰਪੁਰ ਸੈਕਿੰਡ (ਰੱਸਾਕੱਸੀ) ਡਾਹਰੀਆਂ ਫਸਟ, ਭਾਦਸੋਂ-1 ਸੈਕਿੰਡ (ਕਬੱਡੀ ਨੈਸ਼ਨਲ ਸਟਾਈਲ ਮੁੰਡੇ) ਬਾਬਰਪੁਰ ਫਸਟ, ਭਾਦਸੋਂ-1 ਸੈਕਿੰਡ (ਕਬੱਡੀ ਨੈਸ਼ਨਲ ਸਟਾਈਲ ਕੁੜੀਆਂ) ਸਮਾਣਾ-1 ਫਸਟ, ਪਟਿਆਲਾ-3 ਸੈਕਿੰਡ, (ਕੁਸ਼ਤੀਆਂ 25 ਕਿੱਲੋ) ਰਾਜਪੁਰਾ-1 ਫਸਟ, (ਕੁਸ਼ਤੀਆਂ 28 ਕਿੱਲੋ) ਪਟਿਆਲਾ-1 ਫਸਟ, (ਕੁਸ਼ਤੀਆਂ 30 ਕਿੱਲੋ) ਰਾਜਪੁਰਾ-1 ਫਸਟ, ਭਾਦਸੋਂਨ-1 ਸੈਕਿੰਡ, (ਕੁਸ਼ਤੀਆਂ 32 ਕਿੱਲੋ) ਪਟਿਆਲਾ-3 ਫਸਟ, ਸਮਾਣਾ-3 ਸੈਕਿੰਡ ਆਦਿ ਪੁਜੀਸ਼ਨਾ ਪ੍ਰਾਪਤ ਕੀਤੀਆਂ। ਬੱਚਿਆਂ ਵਿੱਚ ਇਨ੍ਹਾਂ ਖੇਡਾਂ ਦੌਰਾਨ ਬਹੁਤ ਉਤਸ਼ਾਹ ਵੇਖਣ ਨੂੰ ਮਿਲਿਆ। ਇਨ੍ਹਾਂ ਤਿੰਨ ਦਿਨਾਂ ਦੀਆਂ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਜ਼ਿਲ੍ਹੇ ਦੇ 16 ਬਲਾਕਾਂ ਦੇ ਲੱਗਭੱਗ 8000 ਬੱਚਿਆਂ ਨੇ ਭਾਗ ਲਿਆ। ਮਿਤੀ 09-11-23 ਵੀਰਵਾਰ ਨੂੰ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਸ਼ਾਨੋ-ਸ਼ੌਕਤ ਨਾ਼ਲ ਸੰਪੰਨ ਹੋਈਆਂ।







# ਪੰਜਾਬ ਸਰਕਾਰ ਵੱਲੋਂ ਵਾਤਾਰਵਣ ਨੂੰ ਸੁਰੱਖਿਅਤ ਰੱਖਣ ਲਈ ਕੀਤੇ ਜਾ ਰਹੇ ਜਿਕਰਯੋਗ ਉਪਰਾਲੇ

## ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਪੰਜਾਬ ਦਾ ਪਹਿਲਾ ਵਰਕਿੰਗ ਸਮੋਗ ਵਾਟਰ ਕੀਤਾ ਲੋਕ ਅਰਪਣ

ਵਾਤਾਵਰਣ ਤੇ ਪੋਣ ਪਾਣੀ ਸਾਭ ਸੰਭਾਲ ਲਈ ਪੰਜਾਬ ਸਰਕਾਰ ਜਿਕਰਯੋਗ ਉਪਰਾਲੇ ਕਰ ਰਹੀ ਹੈ, ਆਪਣੀਆਂ ਅਗਲੀਆਂ ਪੀੜ੍ਹੀਆ ਨੂੰ ਤੰਦਰੁਸਤ ਅਤੇ ਸਿਹਤਮੰਦ ਮਾਹੋਲ, ਸਾਫ ਸੁਥਰਾ ਵਾਤਾਵਰਣ ਦੇਣਾ ਸਾਡੀ ਸਭ ਦੀ ਜਿੰਮੇਵਾਰੀ ਹੈ। ਇਸ ਲਈ ਵਿਆਪਕ ਉਪਰਾਲੇ ਕੀਤੇ ਜਾ ਰਹੇ ਹਨ। ਸਤਲੁਜ ਦੀਆ ਪਹਾੜੀਆ ਨਾਲ ਘੇਰੇ ਹੋਏ ਨੰਗਲ ਸ਼ਹਿਰ ਦਾ ਵਾਤਾਵਰਣ ਭਾਵੇ ਦੂਸਿਤ ਨਹੀ ਹੈ, ਪਰ ਫਿਰ ਵੀ ਇਸ ਨੂੰ ਗੰਭੀਰਤਾ ਨਾਲ ਲੈਂਦਿਆ ਇਸ ਵਿਚ ਸਮੋਗ ਟਾਵਰ ਸਥਾਪਿਤ ਕੀਤੇ ਜਾ ਰਹੇ ਹਨ। ਜਿਨ੍ਹਾਂ ਵਿਚੋ ਪੰਜਾਬ ਦਾ ਪਹਿਲਾ ਵਰਕਿੰਗ ਸਮੋਗ ਟਾਵਰ ਰਾਜੀਵ ਗਾਂਧੀ ਚੋਂਕ ਵਿਚ ਸਥਾਪਿਤ ਕੀਤਾ ਗਿਆ ਹੈ। ਜਿਸ ਨੂੰ ਅੱਜ ਕੈਬਨਿਟ ਮੰਤਰੀ ਹਰਜੋਤ ਬੈਸ ਨੇ ਲੋਕ ਅਰਪਣ ਕੀਤਾ। ਉਨ੍ਹਾਂ ਕਿਹਾ ਕਿ ਇਹ ਸਮੋਗ ਟਾਵਰ ਵਾਤਾਵਰਣ ਨੂੰ ਦੂਸ਼ਿਤ ਹੋਣ ਤੋ ਬਚਾਵੇਗਾ। ਮੰਤਰੀ ਨੇ ਕਿਹਾ ਕਿ ਨੰਗਲ ਵਿਚ ਹੋਰ ਵਧੇਰੇ ਵਿਕਾਸ ਕਰਵਾਏ ਜਾਣਗੇ। ਉਨ੍ਹਾਂ ਨੇ ਕਿਹਾ ਕਿ ਦਹਾਕਿਆ ਤੋ ਨੰਗਲ ਸ਼ਹਿਰ ਨੂੰ ਵਿਕਾਸ ਪੱਖੋ ਅਣਗੋਲਿਆ ਗਿਆ ਹੈ। ਹਿਮਾਚਲ ਪ੍ਰਦੇਸ਼ ਦੀ ਹੱਦ ਨਾਲ ਲੱਗਦੇ ਪੰਜਾਬ ਦੇ ਦਾਖਲਾ ਦੁਆਰ ਨੰਗਲ ਵਿੱਚ ਬੁਨਿਆਦੀ ਵਿਕਾਸ ਵੱਲ ਸਮੇਂ ਦੀਆਂ ਸਰਕਾਰ ਨੇ ਕੌਈ ਧਿਆਨ ਨਹੀ ਦਿੱਤਾ ਜਿਸ ਕਾਰਨ ਇੱਥੋ ਦੇ ਵਪਾਰ ਤੇ ਕਾਰੋਬਾਰ ਦੇ ਹਾਲਾਤ ਬਦ ਤੋ ਬਦਤਰ ਹੁੰਦੇ ਚਲੇ ਗਏ ਲ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਲਈ ਨਵੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ।



ਮੁੱਖ ਮੰਤਰੀ ਖੁੱਦ ਇਸ ਹਲਕੇ ਵਿਚ ਕਈ ਵਾਰ ਦੌਰੇ ਕਰਕੇ ਸੈਰ ਸਪਾਟਾ ਦੀਆਂ ਸੰਭਾਵਨਾਵਾਂ ਤਲਾਸ਼ ਕੇ ਸੈਰ ਸਪਾਟਾ ਨੂੰ ਪ੍ਰਫੁੱਲਿਤ ਕਰਨ ਦੇ ਐਲਾਨ ਕਰ ਚੁੱਕੇ ਹਨ। ਨੰਗਲ ਦੇ ਫਲਾਈ ਓਵਰ ਦਾ ਇੱਕ ਪਾਸਾ ਚਲਾ ਦਿੱਤਾ ਹੈ, ਜਲਦੀ ਹੀ ਦੂਜੇ ਪਾਸੇ ਨੂੰ ਵੀ ਲੋਕਾਂ ਲਈ ਖੋਲ ਦਿੱਤਾ ਜਾਵੇਗਾ ਜਿਸ ਨਾਲ ਟ੍ਰੈਫਿਕ ਜਾਮ ਦੀ ਸਮੱਸਿਆ ਖਤਮ ਹੋਵੇਗੀ, ਇਸ ਵਾਰ ਆਵਾਜਾਈ ਦੇ ਨਿਰਵਿਘਨ ਚੱਲਣ ਕਾਰਨ ਤਿਉਹਾਰਾ ਦੌਰਾਨ ਨੰਗਲ ਸ਼ਹਿਰ ਵਿੱਚ ਚਹਿਲ ਪਹਿਲ ਦੇਖਣ ਨੂੰ ਮਿਲ ਰਹੀ ਹੈ। ਵਪਾਰੀਆਂ, ਕਾਰੋਬਾਰੀਆਂ ਤੇ ਆਮ ਲੋਕਾਂ ਦੇ ਚਿਹਰੇ ਖਿੜੇ ਹੋਏ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਲੋਕਾਂ ਦੀ ਸਿਹਤ ਨਾਲ ਕੋਈ ਸਮਝੋਤਾ ਨਹੀ ਕੀਤਾ ਜਾਵੇਗਾ। ਗੈਰ ਮਿਆਰੀ ਵਸਤਾ ਦੀ ਵਿਕਰੀ ਤੇ ਤਿਉਹਾਰਾ ਦੌਰਾਨ ਸਖਤ ਕਾਰਵਾਈ ਕੀਤੀ ਜਾਵੇਗੀ। ਸਿਹਤ ਟੀਮਾ ਵੱਲੋਂ ਲਗਾਤਾਰ ਚੈਕਿੰਗ ਕੀਤੀ ਜਾਵੇਗੀ, ਗੈਰ ਗੁਣਵੱਤਾ ਵਾਲੇ ਪਦਾਰਥ ਆਮ ਲੋਕਾਂ ਨੂੰ ਪਹੁੰਚਾਉਣ ਵਾਲੀਆ ਵਿਰੁੱਧ ਸਖਤ ਕਾਰਵਾਈ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਅਸੀ ਦੀਵਾਲੀ ਦਾ ਤਿਉਹਾਰ ਸਭ ਰਲ ਮਿਲ ਕੇ ਮਨਾਉਦੇ ਹਾਂ। ਇਹ ਬਹੁਤ ਪਵਿੱਤਰ ਤਿਉਹਾਰ ਹੈ, ਇਸ ਨੂੰ ਮਨਾਉਦੇ ਹੋਏ ਅਸੀ ਆਪਣੀ ਤੇ ਹੋਰ ਲੋਕਾਂ ਦੀ ਸੁਰੱਖਿਆ ਨੂੰ ਵੀ ਯਕੀਨੀ ਬਣਾਉਣਾ ਹੈ, ਇਸ ਲਈ ਵਾਤਾਵਰਣ ਨੂੰ ਪ੍ਰਦੂਸਿਤ ਹੋਣ ਤੋ ਬਚਾਉਣਾ ਹੈ। ਇਸ ਮੌਕੇ ਅਨਮਜੋਤ ਕੌਰ ਐਸ.ਡੀ.ਐਮ, ਅਸੋਕ ਪਥਰੀਆਂ ਕਾਰਜ ਸਾਧਕ ਅਫਸਰ, ਸੰਦੀਪ ਕੁਮਾਰ ਤਹਿਸੀਲਦਾਰ, ਡਾ।ਸੰਜੀਵ ਗੌਤਮ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਕੇਹਰ ਸਿੰਘ ਬਲਾਕ ਪ੍ਰਧਾਨ, ਨਿਸ਼ਾਤ ਗੁਪਤਾ, ਸੁਨੀਤਾ, ਜਸਪਾਲ ਢਾਹੇ, ਪੱਮੂ ਢਿੱਲੋਂ, ਗੁਰਮੀਤ ਕਲੋਤਾ, ਓਕਾਰ ਸਿੰਘ (ਸਾਰੇ ਬਲਾਕ ਪ੍ਰਧਾਨ), ਕਾਕੂ ਰਾਏਪੁਰ, ਸੇਖੂ ਰਾਏਪੁਰ, ਯੱਗਿਆ ਦੱਤ ਸੈਣੀ, ਰਾਜ ਕੁਮਾਰ, ਦਲਜੀਤ ਸਿੰਘ ਕਾਕਾ ਨਾਨਗਰਾ, ਰਜਿੰਦਰ ਕੁਮਾਰ ਬ੍ਰਹਮਪੁਰ, ਹਰਪ੍ਰੀਤ ਬੈਂਸ, ਸੁਮਿਤ, ਨਿਤਿਨ, ਹਰਸਿਮਰਨ ਸਿੰਘ, ਦੀਪਕ ਬਾਸ, ਕਾਲਾ ਸੋਕਰ, ਅਵਤਾਰ ਭਨੂਪਲੀ ਹਾਜ਼ਰ ਸਨ। **– ਕੁਲਦੀਪ ਚੰਦ**

## ਬੰਦੀ ਛੋੜ ਦਿਵਸ (ਦੀਵਾਲੀ) ਲਈ ਵਿਸ਼ੇਸ਼

ਸਾਹਵੇਂ ਹਰਿਮੰਦਰ ਦੇ, ਗੁਰਾਂ ਨੇ ਅਕਾਲ ਤਖਤ ਬਣਵਾਇਆ,
ਵਾਰਾਂ ਗਾਈਆਂ ਢਾਡੀਆਂ ਨੇ ਜਦੋਂ ਦਾ ਗਿਆ ਦੀਵਾਨ ਸਜਾਇਆ,
ਬੜੀਆਂ ਲੱਗੀਆਂ ਰੌਣਕਾਂ ਸੀ, ਸੰਗਤਾਂ ਦੂਰ ਦੂਰ ਤੋਂ ਆਈਆਂ,
ਬੰਦੀ ਛੋੜ ਦਿਵਸ ਦੀਆਂ, ਸਭ ਨੂੰ ਲੱਖ-ਲੱਖ ਵਧਾਈਆਂ ਹੋਣ।

ਕਰ ਦਿੱਤਾ ਐਲਾਨ ਗੁਰਾਂ, ਲੱਗੀ ਕਿਲੇ ਦੀ ਹੋਣ ਉਸਾਰੀ,
ਘੋੜੇ, ਸ਼ਸ਼ਤਰ, ਬਸਤਰ ਸੀ, ਲੱਗ ਪਈ ਫੌਜ ਦੀ ਹੋਣ ਤਿਆਰੀ।
ਜਹਾਂਗੀਰ ਨੂੰ ਦਿੱਲੀ ਜਾ ਚੁਗਲੀਆਂ, ਚੁਗਲਖੋਰਾਂ ਨੇ ਲਾਈਆਂ।
ਬੰਦੀ ਛੋੜ ਦਿਵਸ ਦੀਆਂ .....

ਦਿੱਲੀ ਸੱਦਿਆ ਸ਼ਾਹ ਨੇ ਸੀ, ਧੋਖਾ ਚੰਦੂ ਨੇ ਆਪ ਕਮਾਇਆ,
ਇਕ ਸਾਜਿਸ਼ ਰਚ ਕੇ ਤੇ, ਗੁਰਾਂ ਨੂੰ ਗਵਾਲੀਅਰ ਕਿੰਝ ਪੁਚਾਇਆ,
ਬੰਨੇ ਰਾਜੇ 52 ਸੀ, ਦੇਂਦੇ ਹੈਸਨ ਹਾਲ ਦੁਹਾਈਆਂ।
ਬੰਦੀ ਛੋੜ ਦਿਵਸ ਦੀਆਂ .....

ਭਾਈ ਜੈਤਾਂ ਜੀ ਸਿਧਵਾਂ ਨੇ, ਬਣਕੇ ਸ਼ੇਰ ਤੇ ਸ਼ਾਹ ਡਰਾਇਆ,
ਮੀਆਂ ਮੀਰ ਨੇ ਸੱਚ ਦੱਸਿਆ, ਝੱਟ ਪਟ ਗੁਰਾਂ ਨੂੰ ਪੱਤਰ ਲਿਖਾਇਆ,
ਲੈ ਕੇ ਰਾਜੇ ਨਾਂਲ ਨਿਕਲੇ, ਉਹਨਾਂ ਦੀਆਂ ਬੰਦੀਆਂ ਗੁਰਾਂ ਛੁਡਾਈਆਂ।
ਬੰਦੀ ਛੋੜ ਦਿਵਸ ਦੀਆਂ .....

ਜਹਾਂਗੀਰ ਬਾਦਸ਼ਾਹ ਨੇ, ਮੰਗਿਆ ਮਾਲਾ ਦਾ ਇਕ ਮਣਕਾ,
ਸਾਰੀ ਮਾਲਾ ਤੇਰੀ ਹੈ, ਚੰਦੂ ਘਰੋਂ ਮੰਗਾ ਲੈ ਟਣਕਾ,
ਬਿਧੀ ਚੰਦ ਜੀ ਲਿਆਏ ਸੀ, ਬਾਦਸ਼ਾਹ ਤਾਂਈ ਹੈਰਾਨੀਆਂ ਛਾਈਆਂ,
ਬੰਦੀ ਛੋੜ ਦਿਵਸ ਦੀਆਂ .....

ਟਕਾ ਟਕਾ ਮੰਗਾ ਕੇ ਤੇ, ਪਾ ਲਏ ਦਿੱਲੀਉਂ ਪੰਜਾਬ ਨੂੰ ਮੋੜੇ,
ਆ ਵਿਚ ਲਾਹੌਰ ਦੇ ਸੀ, ਚੰਦੂ ਸ਼ਾਹ ਦੇ ਮਾਨ ਸੀ ਤੋੜੇ,
ਕੜਛਾ ਮਾਰ ਗੁਰਦਿੱਤੇ ਨੇ, ਪਾਪੀ ਨਰਕਾਂ ਵਿਚ ਪੁਚਾਈਆਂ
ਬੰਦੀ ਛੋੜ ਦਿਵਸ ਦੀਆਂ .....

ਮੋੜੇ ਅੰਮ੍ਰਿਤਸਰ ਨੂੰ ਸੀ, ਛੇਵੇਂ ਸਤਿਗੁਰ ਜੀ ਨੇ ਪਾਏ,
ਉਥੇ ਵੈਲਕਮ ਕਰਨ ਲਈ, ਬਾਬਾ ਬੁੱਢਾ, ਗੁਰਦਾਸ ਸੀ ਆਏ,
ਪੜੇ ਸ਼ਬਦ ਸੀ ਸੰਗਤਾਂ ਨੇ, ਉਹਨਾਂ ਫੁੱਲ ਵਰਖਾ ਵਰਖਾਈਆਂ
ਬੰਦੀ ਛੋੜ ਦਿਵਸ ਦੀਆਂ .....

ਸੱਚਖੰਡ ਹਰਿਮੰਦਰ ਸੀ, ਤਖਤ ਅਕਾਲ ਛੇਵੇਂ ਗੁਰ ਆਏ
ਵਿਚ ਖੁਸ਼ੀ ਦੇ ਸੰਗਤਾਂ ਨੇ, ਸਭ ਥਾਂ ਘਿਓ ਦੇ ਦੀਪ ਜਗਾਏ,
ਹੋਈ ਜੱਗ ਮੱਗ ਸਾਰੇ ਸੀ, ਹੋਈਆਂ ਸ਼ਹਿਰ ਸਾਰੇ ਰੁਸ਼ਨਾਈਆਂ।
ਬੰਦੀ ਛੋੜ ਦਿਵਸ ਦੀਆਂ .....

ਉਦੋਂ ਤੋਂ ਲੈ ਕੇ ਤੇ ਅੱਜ ਤੱਕ ਦੀਪ ਮਾਲਾ ਹੈ ਹੋ ਰਹੀ
ਆ ਕੁਦਰਤ ਰਾਣੀ ਹੈ, ਹਰਸਾਲ ਤੇਲ ਖੁਸ਼ੀਦਾ ਚੋਂ ਰਹੀ,
ਫੱਕਰ ਸੁਲਤਾਨਪੁਰੀ, ਵਾਰਾਂ ਭੱਟੀ ਪਮਾਲ ਨੇ ਗਾਈਆਂ।
ਬੰਦੀ ਛੋੜ ਦਿਵਸ ਦੀਆਂ ਸਭ ਨੂੰ ਲੱਖ-ਲੱਖ ਵਧਾਈਆਂ।

**– ਗਿ. ਹਰਜਿੰਦਰ ਸਿੰਘ**
**91-98148-67492**



## ਜਿਲ੍ਹਾ ਸੰਘਰਸ਼ ਕਮੇਟੀ ਦੇ ਪ੍ਰਧਾਨ ਕਰਮਵੀਰ ਬਾਲੀ ਨੇ ਝੌਂਪੜ ਪੱਟੀ ਵਾਲਿਆਂ ਦੀਆਂ ਸਮੱਸਿਆਵਾ ਸੁਣੀਆਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਜ਼ਿਲ੍ਹਾ ਸੰਘਰਸ਼ ਕਮੇਟੀ ਦੇ ਪ੍ਰਧਾਨ ਕਰਮਵੀਰ ਬਾਲੀ ਨੇ ਟਾਂਡਾ ਰੋਡ, ਲਾਜਵੰਤੀ ਨਗਰ ਵਿਖੇ ਸਥਿਤ ਝੌਂਪੜ ਪੱਟੀ ਵਾਲਿਆਂ ਦੀ ਸਮੱਸਿਆਵਾਂ ਨੂੰ ਜਾਣਨ ਦੇ ਲਈ ਦੌਰਾ ਕੀਤਾ। ਇਸ ਮੌਕੇ ਤੇ ਪਿਆਰੀ, ਸੁਨੀਤਾ, ਸਰੋਜ ਕੁਮਾਰੀ ਨੇ ਆਪਣੀ ਸਮੱਸਿਆਵਾਂ ਨੂੰ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਇੱਥੇ ਰਹਿੰਦੇ ਹੋਏ 20 ਸਾਲ ਤੋਂ ਉਪਰ ਹੋ ਗਏ ਹਨ ਉਨ੍ਹਾਂ ਦੇ ਆਧਾਰ ਕਾਰਡ ਤਾਂ ਬਣੇ ਹੋਏ ਹਨ, ਕੁਝ ਦੇ ਆਧਾਰ ਕਾਰਡ ਗੁੰਮ ਹੋ ਗਏ ਹਨ। ਸਰਕ-ਾਰੀ ਸਹੂਲਤਾਂ ਬਿਨਾਂ ਆਧਾਰ ਕਾਰਡ ਦੇ ਨਹੀਂ ਮਿਲਦੀਆਂ। ਸਰਕਾਰ ਨੇ ਆਧਾਰ ਕਾਰਡ ਬਣਾਉਣਾ ਜ਼ਰੂਰੀ ਕੀਤਾ ਹੋਇਆ ਹੈ ਪਰ ਉਨ੍ਹਾਂ ਦੇ ਬੱਚੇ ਪੜ੍ਹਦੇ ਨਹੀਂ।

ਅਨਪੜ ਹੋਣ ਦੇ ਕਾਰਨ ਉਨਾਂ ਦੇ ਸਕੂਲ ਸਰਟੀਫਿਕੇਟ ਨਹੀ ਹਨ। ਆਧਾਰ ਕਾਰਡ ਬਣਾਉਣ ਦੇ ਲਈ ਉਨ੍ਹਾਂ ਨੇ ਬਹੁਤ ਦੌੜ ਭੱਜ ਕੀਤੀ ਹੈ ਪਰ ਬਣਦੇ ਨਹੀ ਹਨ ਅਤੇ ਨਾ ਹੀ ਅੱਜ ਤੱਕ ਉਨਾਂ ਦੇ ਕੋਲ ਕੋਈ ਆਇਆ ਹੈ। ਇਸ ਮੌਕੇ ਤੇ ਕਰਮਵੀਰ ਬਾਲੀ ਨੇ ਕਿਹਾ ਕਿ ਉਨ੍ਹਾਂ ਦੀ ਆਵਾਜ਼ ਡਿਪਟੀ ਕਮਿਸ਼ਨਰ ਤੱਕ ਪਹੁੰਚਾਈ ਜਾਵੇਗੀ ਅਤੇ ਉਨਾਂ ਨੂੰ ਆ ਰਹੀਆਂ ਸਮੱਸਿਆਵਾਂ ਦੀ ਜਾਣਕਾਰੀ ਦਿੱਤੀ ਜਾਵੇਗੀ।



ਕਰਮਵੀਰ ਬਾਲੀ ਨੇ ਕਿਹਾ ਕਿ ਸਰਕਾਰੀ ਸਹਾਇਤਾ ਇਨ੍ਹਾਂ ਨੂੰ ਨਹੀਂ ਮਿਲ ਰਹੀ ਅਤੇ ਨਾ ਹੀ ਇਨਾਂ ਕੋਲ ਆਯੂਸ਼ਮਾਨ ਕਾਰਡ ਹਨ, ਨਾ ਇਨਾਂ ਨੂੰ ਬੁਢੇਪਾ ਪੈਨਸ਼ਨ ਮਿਲ ਰਹੀ, ਨਾ ਹੀ ਇਨ੍ਹਾਂ ਦੇ ਨੀਲੇ ਕਾਰਡ ਹਨ ਜਿਸ ਨਾਲ ਇਨ੍ਹਾਂ ਨੂੰ ਕਣਕ ਮਿਲ ਸਕੇ, ਇਨਾਂ ਦੇ ਬੱਚੇ ਅਗਿਆਨਤਾ ਦੇ ਕਾਰਨ ਅਨਪੜ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਕ ਟੀਮ ਦਾ ਗਠਨ ਕਰਕੇ ਇਨਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਦੂਰ ਕਰੇ ਅਤੇ ਭਾਰਤ ਦੇਸ਼ ਦੇ ਨਾਗਰਿਕ ਹੋਣ ਕਾਰਨ ਇਨਾਂ ਨੂੰ ਸਹੂਲੀਅਤ ਮਿਲੇ।ਕਰਮਵੀਰ ਬਾਲੀ ਨੇ ਕਿਹਾ ਕਿ ਜਲਦੀ ਹੀ ਜ਼ਿਲ੍ਹਾ ਕਲੈਕਟਰ ਨਾਲ ਮਿਲ ਕੇ ਇਨਾਂ ਨੂੰ ਬਣਦੀਆਂ ਸਹੂਲਤਾਂ ਦੇਣ ਦਾ ਯਤਨ ਕੀਤਾ ਜਾਵੇਗਾ ਤਾਂਕਿ ਇਨਾਂ ਦੇ ਬੱਚਿਆਂ ਦਾ ਭਵਿੱਖ ਠੀਕ ਕੀਤਾ ਜਾ ਸਕੇ। ਇਹ ਲੋਕ ਨਰਕ ਦਾ ਜੀਵਨ ਬਤੀਤ ਕਰਨ ਲਈ ਮਜਬੂਰ ਹਨ।

## ਮਾਧਵੀ ਕਟਾਰੀਆ ਦੀ ਪਹਿਲੀ ਕਾਵਿ ਪੁਸਤਕ 'ਅਣਦੇਖਤੀ ਆਂਖੇ' ਲੋਕ ਅਰਪਤ ਹੋਈ

**ਚੰਡੀਗੜ੍ਹ (ਹਰਦੇਵ ਚੌਹਾਨ)–** ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਖੇ ਮਾਧਵੀ ਕਟਾਰੀਆ ਦੀ ਪਹਿਲੀ ਕਾਵ ਪੁਸਤਕ 'ਅਣਦੇਖਤੀ ਆਂਖੇ' ਡਾਕਟਰ ਸੁਰਜੀਤ ਪਾਤਰ ਅਤੇ ਡਾਕਟਰ ਬਲਜੀਤ ਕੌਰ ਕੈਬਿਨੇਟ ਮਨਿ-ਸਟਰ, ਪੰਜਾਬ, ਜੰਗ ਬਹਾਦਰ ਗੋਇਲ, ਡਾਕਟਰ ਦੀਪਕ ਮਨ-ਮੋਹਨ ਸਿੰਘ ਤੇ ਚੰਦਰ ਤਰਿਖਾ ਦੁਆਰਾ ਪੰਜਾਬੀ ਅਤੇ ਹਿੰਦੀ ਦੇ ਲੇਖਕਾਂ ਦੀ ਭਰਵੀਂ ਹਾਜ਼ਰੀ ਵਿੱਚ ਲੋਕ ਅਰਪਤਿ ਹੋਈ। ਸਾਬਕਾ ਆਈਏਐਸ ਅਧਿਕਾਰੀ ਵਿਵੇਕ ਅੱਤਰੇ ਨੇ ਕਿਹਾ ਕਿ ਅਧਿਕਾਰੀਆਂ ਨੂੰ ਸਰਕਾਰ ਨੂੰ ਬਾਹਰ ਤੋਂ ਵੀ ਵੇਖਣਾ ਚਾਹੀਦਾ ਹੈ। ਸਰਕਾਰ ਵਿੱਚ ਬੜਾ ਕੁਝ ਫਨੀ ਹੋ ਰਿਹਾ ਹੈ। ਜ਼ਿੰਦਗੀ ਭੱਜ ਰਹੀ ਹੈ। ਮਾਧਵੀ ਕਟਾਰੀਆ ਦੀਆਂ ਕਵਿਤਾਵਾਂ ਸਲਾਹੁਣਯੋਗ ਹਨ।

ਜੰਗ ਬਹਾਦਰ ਗੋਇਲ ਨੇ ਕਵਿਤਾਵਾਂ ਦੀ ਸਿਫਤ ਕੀਤੀ ਤੇ ਕਿਹਾ ਕਿ ਕਵਿੱਤਰੀ ਆਪਣੇ ਅੰਤਰ ਮਨ ਨਾਲ ਗੱਲਾਂ ਕਰਦੀ ਪ੍ਰਤੀਤ ਹੁੰਦੀ ਹੈ। ਚੰਦਰ ਤਰੀਖਾ ਨੇ ਕਿਹਾ ਕਿ ਕਵਿਤਾਵਾਂ ਪੜ ਕੇ ਲੱਗਦਾ ਹੈ ਕਿ ਬੰਦਾ ਆਪਣੇ ਆਪ ਨਾਲ ਰੂਬਰੂ ਹੋ ਰਿਹਾ ਹੈ।

ਡਾਕਟਰ ਸੁਰਜੀਤ ਪਾਤਰ ਨੇ ਕਿਹਾ ਕਿ ਮਾਧਵੀ ਕਟਾਰੀਆ ਦੀ ਕਵਿਤਾ ਵਿਚ ਸ਼ਿੱਦਤ ਵੀ ਹੈ ਅਤੇ ਸੋਹਜ ਵੀ ਹੈ। ਕਵਿਤਾਵਾਂ ਨੂੰ ਬਾਰ-ਬਾਰ ਪੜ੍ਹਨ ਨੂੰ ਚਿੱਤ ਕਰਦਾ ਹੈ। ਭਾਵਾਂ ਦੀ ਵੰਨ ਸੁਵੰਨਤਾ ਵੀ ਮੋਹਿਤ ਕਰਦੀ ਹੈ। ਡਾਕਟਰ ਬਲਜੀਤ ਕੌਰ ਨੇ ਕਿਹਾ ਕਿ ਸਮਾਜ ਵਿੱਚ ਅਣਗੌਲੀਆਂ ਗੱਲਾਂ ਨੂੰ ਅਣਦੇਖਦੀਆਂ ਅੱਖਾਂ ਹੀ ਵੇਖਦੀਆਂ ਹਨ।



ਇਹ ਓਹੀ ਅੱਖਾਂ ਨੇ ਜਿਨ੍ਹਾਂ ਨੇ ਸਾਨੂੰ ਆਪਣੀਆਂ ਜਿੰਮੇਵਾਰੀਆਂ ਤੋਂ ਪਾਸੇ ਕੀਤਾ ਹੋਇਆ ਹੈ। ਸਾਨੂੰ ਨਿੱਜ ਤਕ ਸੀਮਿਤ ਨਹੀਂ ਹੋਣਾ ਚਾਹੀਦਾ।

ਮਾਧਵੀ ਕਟਾਰੀਆ ਸਾਡੇ ਵਿਭਾਗ ਵਿੱਚ ਵੀ ਹਮੇਸ਼ਾ ਕੁਝ ਨਵਾਂ ਕਰ ਵਿਖਾਉਣ ਦੀ ਚਾਹਤ ਰੱਖਦੇ ਹਨ। ਇਹ ਕਿਤਾਬ ਆਧਾਰ ਪ੍ਰਕਾਸ਼ਨ, ਪੰਚਕੂਲਾ ਦੁਆਰਾ ਛਾਪੀ ਗਈ ਹੈ।

## ਦਿਲ

ਜਦੋਂ ਮੈਂ ਘਰ ਵੜਦਾ ਹਾਂ , ਸ਼ਾਮ ਨੂੰ
ਤਾਂ ਪਾਣੀ ਦੇ ਗਿਲਾਸ ਤੋਂ ਪਹਿਲਾਂ
ਅਕਸਰ, ਸਵਾਲਾਂ ਦੀ ਬੁਛਾਰ ਹੁੰਦੀ ਹੈ-
ਕੀ ਬਣਿਆ , ਅੱਜ ?
ਕੁੱਝ ਗੱਲ ਬਣੀ ?
ਕੀ ਕਿਹਾ ਉਸਨੇ ?।
ਉਸਦਾ ਮੂੰਹ ਉੱਤਰ ਜਾਂਦਾ
ਜਦੋਂ ਮੈਂ ਕਹਿੰਦਾ
"ਪਾਣੀ ਤਾਂ ਪੀ ਲੈਣ ਦੇ"
ਤਾਂ ਉਹ ਸਮਝ ਜਾਂਦੀ
ਕੁੱਝ ਨਹੀਂ ਹੋਇਆ ਹੋਣਾ , ਅੱਜ ਵੀ।
ਮੈਂ ਧਰਾਸਾ ਦਿੰਦਾ
ਕੋਈ ਗੱਲ ਨਹੀਂ , ਠੀਕ ਹੋ ਜਾਊ ਸੱਭ
"ਤੂੰ ਐਵੇਂ ਨਾ ਚਿੰਤਾ ਕਰਿਆ ਕਰ "
ਦਿਲ ਰੱਖ
ਇਹ ਕਹਿੰਦਿਆਂ , ਮੇਰਾ ਆਪਣਾ ਦਿਲ ਬੈਠ ਜਾਂਦਾ!



**– ਹਰਮੇਸ਼ ਜੱਸਲ**

# ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਮੈਡਲ ਜੇਤੂ ਖਿਡਾਰੀਆਂ ਦਾ ਅਫ਼ਸਰ ਕਲੋਨੀ ਨਿਵਾਸੀਆਂ ਵੱਲੋਂ ਭਰਵਾਂ ਸਨਮਾਨ

**ਸੰਗਰੂਰ, (ਦਲਜੀਤ ਕੌਰ)–** ਅਫ਼ਸਰ ਕਲੋਨੀ ਪਾਰਕ ਵੈਲਫੇਅਰ ਸੁਸਾਇਟੀ, ਗ੍ਰਾਮ ਪੰਚਾਇਤ ਅਤੇ ਵਾਟਰ ਸਪਲਾਈ ਸੈਨੀਟੇਸ਼ਨ ਕਮੇਟੀ ਅਫ਼ਸਰ ਕਲੋਨੀ ਸੰਗਰੂਰ ਦੇ ਮੈਂਬਰਾਂ ਸਰਪੰਚ ਸੁਰਿੰਦਰ ਸਿੰਘ ਭਿੰਡਰ, ਮਾਸਟਰ ਪਰਮਵੇਦ, ਕ੍ਰਿਸ਼ਨ ਸਿੰਘ, ਨਾਜ਼ਰ ਸਿੰਘ, ਐਡਵੋਕੇਟ ਕੁਲਦੀਪ ਜੈਨ, ਜਸਵੀਰ ਸਿੰਘ ਮਾਨ, ਕੁਲਦੀਪ ਜੋਸ਼ੀ ਆਧਾਰਿਤ ਪ੍ਰਬੰਧਕੀ ਟੀਮ ਵਲੋਂ ਕਲੋਨੀ ਨਿਵਾਸੀਆਂ ਪ੍ਰੋਫੈਸਰ ਸੁਖਜੀਤ ਸਿੰਘ ਧਾਲੀਵਾਲ, ਦਰਸ਼ਨ ਸਿੰਘ ਤਹਿਸੀਲਦਾਰ, ਕੁਲਵੰਤ ਸਿੰਘ, ਗੁਰਤੇਜ ਸਿੰਘ ਚਹਿਲ, ਖੇਮ ਚੰਦ ਰਾਓ, ਪ੍ਰੇਮ ਚੰਦ ਖੁਰਾਣਾ, ਗੁਲਜ਼ਾਰ ਸਿੰਘ ਸੁਪਰਡੈਂਟ, ਪੰਚਾਇਤ ਮੈਂਬਰ ਸੁਦੇਸ਼ ਸਿੰਗਲਾ, ਸੰਤੋਸ਼ ਕੁਮਾਰ ਪਟਵਾਰੀ, ਰਜਿੰਦਰ ਕੁਮਾਰ ਛਾਬੜਾ, ਜੰਗ ਸਿੰਘ, ਡਾਕਟਰ ਓਮਪ੍ਰਕਾਸ਼ ਖੰਗਵਾਲ, ਪ੍ਰਿੰਸੀਪਲ ਅਰਜਿੰਦਰ ਸਿੰਘ, ਸਰੂਪ ਸਿੰਘ, ਅਮ੍ਰਿਤਪਾਲ ਕੌਰ ਚਹਿਲ, ਸੁਨੀਤਾ ਰਾਣੀ, ਬਲਜਿੰਦਰ ਕੌਰ ਭਿੰਡਰ, ਲੱਕੀ ਛਾਬੜਾ, ਪ੍ਰੋਫੈਸਰ ਸੰਤੋਖ ਕੌਰ ਅਤੇ ਪੂਨਮ ਬੇਬੀ ਵੱਲੋਂ ਸਮੂਹਿਕ ਰੂਪ ਵਿੱਚ, ਚੀਨ ਵਿਖੇ ਹੋਈ ਏਸ਼ੀਅਨ ਹਾਕੀ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਭਾਰਤ ਜੂਨੀਅਰ ਮੁੰਡੇ ਅਤੇ ਸੀਨੀਅਰ ਲੜਕੀਆਂ ਦੀ ਟੀਮ ਵਿੱਚ ਅਫ਼ਸਰ ਕਲੋਨੀ ਕਲੋਨੀ ਸੰਗਰੂਰ ਦੇ ਨਿਵਾਸੀ ਖਿਡਾਰੀਆਂ ਸਿਲਵਰ ਮੈਡਲ ਜੇਤੂ ਗੁਰਸ਼ੇਰ ਸਿੰਘ ਰਾਓ , ਦਕਸ਼ਨੂਰ ਸਿੰਘ ਤੇ ਕਾਂਸ਼ੀ ਦਾ ਮੈਡਲ ਜੇਤੂ ਬੇਟੀ ਮਨਸੀਰਤ ਕੌਰ ਦਾ ਭਰਵਾਂ ਸਵਾਗਤ ਕੀਤਾ ਗਿਆ। ਗੁਰਸ਼ੇਰ ਸਿੰਘ ਰਾਓ ਦੇ ਮਾਤਾ ਨਵਦੀਪ ਕੌਰ, ਪਿਤਾ ਇੰਦਰਜੀਤ ਸਿੰਘ ਰਾਓ, ਦਾਦੀ ਸੁਰਿੰਦਰ ਕੌਰ, ਦਾਦਾ ਮੇਹਰ ਸਿੰਘ, ਤਾਇਆ ਰਣਦੀਪ ਸਿੰਘ ਰਾਓ, ਤਾਈ ਹਰਦੀਪ ਕੌਰ, ਸੂਬੇ ਵਿੱਚ ਸਿਲਵਰ ਮੈਡਲ ਜੇਤੂ ਭੈਣ ਜਪਨਜੋਤ ਕੌਰ ਰਾਓ ਤੇ ਦਾਦੇ ਦਾ ਭਰਾ ਸਾਬਕਾ ਡੀਐੱਸਪੀ ਬਹਾਦਰ ਸਿੰਘ ਰਾਓ, ਦਾਦੀ ਗੁਰਮੀਤ ਕੌਰ ਦੀ ਹਾਜ਼ਰੀ ਵਿੱਚ ਤੇ ਭਰਾ-ਭੈਣ ਦਕਸ਼ਨੂਰ ਸਿੰਘ ਅਤੇ ਮਨਸੀਰਤ ਕੌਰ ਦਾ ਪਿਤਾ ਸੁਖਦੀਪ ਸਿੰਘ ਸਿੱਧੂ, ਮਾਤਾ ਰਮਨਦੀਪ ਕੌਰ, ਦਾਦੀ ਸਰਬਜੀਤ ਕੌਰ, ਤਾਈ ਜਸਪਾਲ ਕੌਰ, ਛੋਟੀ ਭੈਣ ਸਿਮਰਤ ਕੌਰ, ਭੂਆ ਸਤਵੀਰ ਕੌਰ ਦੀ ਹਾਜ਼ਰੀ ਵਿੱਚ ਕਲੋਨੀ ਨਿਵਾਸੀਆਂ ਵੱਲੋਂ ਫੁੱਲਾਂ ਦੀ ਵਰਖਾ ਨਾਲ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਹੀ ਅਪਨਤ ਤੇ ਪਿਆਰ ਭਰੇ ਭਾਵਕ ਮਹੌਲ ਵਿੱਚ ਸਵਾਗਤ ਕਰਦਿਆਂ ਯਾਦਗਾਰੀ ਚਿੰਨ੍ਹ ਤੇ ਮੈਡਲਾਂ ਨਾਲ ਸਨਮਾਨ ਕੀਤਾ।





ਵਰਨਣਯੋਗ ਹੈ ਕਿ ਇਨ੍ਹਾਂ ਬੱਚਿਆਂ ਦੀ ਤਿਆਰੀ ਬਹੁਤ ਹੀ ਮਿਹਨਤੀ ਜ਼ਿਲ੍ਹਾ ਸਪੋਰਟਸ ਅਫ਼ਸਰ ਨਵਦੀਪ ਸਿੰਘ ਔਜਲਾ ਨੇ ਆਪ ਕਰਵਾਈ ਸੀ। ਇਸ ਮੌਕੇ ਪੀਪੀਐਸਸੀ ਰਾਹੀਂ ਚੁਣੇ ਗਏ ਡੀ ਐੱਸ ਪੀ ਹਰਸਿਮਰਨ ਸਿੰਘ ਗੋਂਦਾਰਾ ਦਾ ਸਨਮਾਨ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਉਨ੍ਹਾਂ ਦੇ ਦਾਦਾ ਜੀ ਜੀ ਐਸ ਸਕੂਲ ਦੇ ਸਾਬਕਾ ਕੋਚ ਸੁਰਿੰਦਰ ਸਿੰਘ ਨੇ ਪ੍ਰਾਪਤ ਕੀਤਾ।

ਸਨਮਾਨ ਸਮਾਗਮ ਵਿੱਚ ਬੋਲਦਿਆਂ ਪ੍ਰੋਫੈਸਰ ਸੁਖਜੀਤ ਸਿੰਘ ਧਾਲੀਵਾਲ, ਕ੍ਰਿਸ਼ਨ ਸਿੰਘ, ਬਹਾਦਰ ਸਿੰਘ ਰਾਓ, ਸਰਪੰਚ ਸੁਰਿੰਦਰ ਸਿੰਘ ਭਿੰਡਰ, ਮਾਸਟਰ ਪਰਮਵੇਦ ਅਤੇ ਅਮ੍ਰਿਤਪਾਲ ਕੌਰ ਚਹਿਲ ਨੇ ਬੱਚਿਆਂ ਤੇ ਮਾਣ ਮਹਿਸੂਸ ਕਰਦਿਆਂ ਮੁਬਾਰਕਬਾਦ ਦਿੱਤੀ ਤੇ ਬੱਚਿਆਂ ਨੂੰ ਇਸੇ ਤਰ੍ਹਾਂ ਆਪਣੇ ਸ਼ਖ਼ਸੀਅਤ ਦਾ ਵਿਕਾਸ ਕਰਦੇ ਅੱਗੇ ਵਧਦੇ ਰਹਿਣ ਦਾ ਸੁਨੇਹਾ/ਸੰਦੇਸ਼ ਦਿੱਤਾ ਤੇ ਕਾਮਨਾ ਦਾ ਪ੍ਰਗਟਾਵਾ ਕੀਤਾ। ਬੁਲਾਰਿਆਂ ਨੇ ਕਿਹਾ ਕਿ ਮਿਹਨਤ ਤੇ ਈਮਾਨਦਾਰੀ ਨਾਲ ਅੱਗੇ ਵਧਦੇ ਰਹਿਣ ਨਾਲ ਮਨ ਨੂੰ ਖਾਸ ਖੁਸ਼ੀ ਮਿਲਦੀ ਹੈ ਤੇ ਖਿਡਾਰੀਆਂ ਵਿੱਚ ਇਮਾਨਦਾਰੀ, ਮਿਹਨਤ, ਸਹਿਯੋਗ, ਮਿਲਵਰਤਣ ਤੇ ਸਹਿਣਸ਼ੀਲਤਾ ਵਰਗੇ ਗੁਣ ਪੈਦਾ ਹੁੰਦੇ ਹਨ ਜਿਨ੍ਹਾਂ ਦੀ ਪ੍ਰਾਪਤੀ ਨਾਲ ਗੁਣੀ ਮਨੁੱਖ ਬਣਦਾ ਹੈ, ਅਸੀਂ ਵੀ ਆਪਣੇ ਖਿਡਾਰੀ ਬੱਚਿਆਂ ਤੋਂ ਅਜਿਹੇ ਵਿਅਕਤੀ ਬਣਨ ਦੀ ਆਸ ਰੱਖਦੇ ਹਾਂ। ਮੰਚ ਸੰਚਾਲਨ ਕਰਦਿਆਂ ਮਾਸਟਰ ਪਰਮ ਵੇਦ ਨੇ ਕਿਹਾ ਕਿ ਮੰਜ਼ਿਲ ਤਾਂ ਨੇੜੇ ਹੁੰਦੀ ਹੈ ਪਰ ਰਸਤਾ ਬੜਾ ਬਿਖੜਾ ਹੁੰਦਾ ਹੈ, ਮਿਹਨਤ, ਲਗਨ, ਸਿਰੜ, ਸਿਦਕ, ਹੌਂਸਲੇ, ਦ੍ਰਿੜਤਾ, ਚਾਅ ਤੇ ਆਪਣਾ ਸਾਰਾ ਧਿਆਨ ਇੱਕ ਥਾਂ ਕੇਂਦਰਤ ਕਰਕੇ ਕੁੱਝ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸਨਮਾਨ ਸਮਾਰੋਹ ਬਹੁਤ ਹੀ ਭਾਵਕਤਾ ਭਰੇ ਖੁਸ਼ਗਵਾਰ ਮਾਹੌਲ ਵਿੱਚ ਸਮਾਪਤ ਹੋਇਆ।

# ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨਵੰਬਰ ਨੂੰ 'ਚੰਡੀਗੜ੍ਹ ਕੂਚ' ਦੀਆਂ ਤਿਆਰੀਆਂ ਦਾ ਜਾਇਜ਼ਾ

**ਲੁਧਿਆਣਾ, (ਦਲਜੀਤ ਕੌਰ)** ਅੱਜ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਲੁਧਿਆਣਾ ਵਿਖੇ ਨਿਰਭੈ ਸਿੰਘ ਢੁੱਡੀਕੇ, ਮਨਜੀਤ ਸਿੰਘ ਧਨੇਰ, ਬਲਦੇਵ ਸਿੰਘ ਲਤਾਲਾ, ਬਲਵਿੰਦਰ ਸਿੰਘ ਮੱਲੀਨੰਗਲ ਅਤੇ ਸੁੱਖ ਗਿੱਲ ਮੋਗਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਚੰਡੀਗੜ੍ਹ ਵਿਖੇ 26 ਨਵੰਬਰ ਤੋਂ 28 ਨਵੰਬਰ ਤੱਕ ਲੱਗਣ ਵਾਲੇ ਲਗਾਤਾਰ ਧਰਨੇ ਦੀ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਵੱਖ ਵੱਖ ਕਮੇਟੀਆਂ ਬਣਾ ਕੇ ਪ੍ਰਬੰਧਕੀ ਜ਼ਿੰਮੇਵਾਰੀਆਂ ਲਗਾਈਆਂ ਗਈਆਂ।

ਮੀਟਿੰਗ ਦੌਰਾਨ ਕਿਸਾਨ ਮੋਰਚੇ ਦੇ ਆਗੂਆਂ ਨੇ ਸੁਪਰੀਮ ਕੋਰਟ ਵਿੱਚ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਵਲੋਂ ਪਰਾਲੀ ਦੇ ਪ੍ਰਦੂਸ਼ਣ ਦੇ ਸਵਾਲ ਤੇ ਲਈ ਗਈ ਪੁਜੀਸ਼ਨ ਦੀ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਐੱਮ ਐੱਸ ਪੀ ਤੇ ਖਰੀਦ ਦੀ ਗਾਰੰਟੀ ਤੋਂ ਭੱਜਣ ਦਾ ਰਾਹ ਲੱਭ ਰਹੀ ਹੈ ਜਦੋਂ ਕਿ ਚਾਹੀਦਾ ਤਾਂ ਇਹ ਹੈ ਕਿ ਪੰਜਾਬ ਸਰਕਾਰ ਝੋਨੇ, ਕਣਕ ਤੋਂ ਇਲਾਵਾ ਹੋਰ ਫਸਲਾਂ ਖਾਸ ਕਰਕੇ ਮੱਕੀ, ਮੂੰਗੀ, ਬਾਸਮਤੀ, ਗੰਨਾ ਅਤੇ ਸਬਜ਼ੀਆਂ ਆਦਿ ਦੀ ਐੱਮ ਐੱਸ ਪੀ ਤੇ ਖਰੀਦ ਦੀ ਗਾਰੰਟੀ ਲਈ ਕਦਮ ਚੁੱਕੇ। ਮੀਟਿੰਗ ਨੇ ਪਰਾਲੀ ਪ੍ਰਦੂਸ਼ਣ ਦੇ ਸਵਾਲ ਤੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਵਿਰੁੱਧ ਕੇਸ ਦਰਜ਼ ਕਰਨ ਦੀ ਥਾਂ ਕੌਮੀ ਗ੍ਰੀਨ ਟ੍ਰਿਬਿਊਨਲ ਵਲੋਂ ਦਿੱਤੇ ਫੈਸਲੇ ਨੂੰ ਅਮਲ ਵਿੱਚ ਲਿਆਉਣ ਦੀ ਮੰਗ ਕੀਤੀ।

ਮੀਟਿੰਗ ਦੌਰਾਨ ਕਿਸਾਨ ਮੋਰਚੇ ਦੇ ਆਗੂਆਂ ਨੇ ਨੇ ਮੰਡੀਆਂ ਬੰਦ ਕਰਕੇ ਝੋਨੇ ਦੀ ਖਰੀਦ ਤੋਂ ਹੱਥ ਪਿੱਛੇ ਖਿੱਚਣ ਦੇ ਸਰਕਾਰ ਦੇ ਫੈਸਲੇ ਦੀ ਨਿੰਦਾ ਕਰਦਿਆਂ ਝੋਨੇ ਦਾ ਦਾਣਾ ਦਾਣਾ ਖਰੀਦ ਕਰਨ ਲਈ ਸਰਕਾਰ ਨੂੰ ਪ੍ਰਬੰਧ ਕਰਨ ਦੀ ਮੰਗ ਕੀਤੀ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਪ੍ਰਧਾਨਗੀ ਮੰਡਲ ਨੇ ਦੱਸਿਆ ਕਿ 26 ਨਵੰਬਰ ਨੂੰ ਪੰਜਾਬ ਦੇ ਕੋਨੇ ਕੋਨੇ ਤੋਂ ਟਰਾਲੀਆਂ, ਗੱਡੀਆਂ ਅਤੇ ਬੱਸਾਂ ਆਦਿ ਸਾਧਨਾਂ ਰਾਹੀਂ ਕਿਸਾਨ ਚੰਡੀਗੜ੍ਹ ਪਹੁੰਚਣਗੇ।

ਦੂਰ ਵਾਲੇ ਜ਼ਿਲਿਆਂ ਦੇ ਕਿਸਾਨ ਆਪਣੇ ਟਰੈਕਟਰ ਟਰਾਲੀਆਂ ਲੈਕੇ 25 ਨਵੰਬਰ ਨੂੰ ਚੱਲ ਪੈਣਗੇ। ਹਜ਼ਾਰਾਂ ਦੀ ਗਿਣਤੀ ਵਿੱਚ ਟਰੈਕਟਰ ਟਰਾਲੀਆਂ ਅਤੇ ਦਹਿ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਇਸ ਪ੍ਰੋਗਰਾਮ ਵਿੱਚ ਪਹੁੰਚ ਰਹੇ ਹਨ। ਪ੍ਰੋਗਰਾਮ ਦੀ ਸਫਲਤਾ ਲਈ ਥਾਂ ਦਾ ਪ੍ਰਬੰਧ ਕਰਨ ਲਈ, ਸਟੇਜ ਵਗੈਰਾ ਦਾ ਪ੍ਰਬੰਧ ਕਰਨ ਲਈ ਅਤੇ ਵਲੰਟੀਅਰਾਂ ਦੀਆਂ ਡਿਊਟੀਆਂ ਲਗਾਉਣ ਲਈ ਕਮੇਟੀਆਂ ਬਣਾਈਆਂ ਗਈਆਂ। ਸਾਰੀਆਂ ਜਥੇਬੰਦੀਆਂ ਨੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਵਾਲੇ ਕਿਸਾਨਾਂ ਅਤੇ ਟਰੈਕਟਰ ਟਰਾਲੀਆਂ ਦੀ ਗਿਣਤੀ ਨੋਟ ਕਰਵਾਈ ਅਤੇ ਪਿੰਡਾਂ ਵਿੱਚ ਚੱਲ ਰਹੀਆਂ ਤਿਆਰੀਆਂ ਦੀ ਸਮੀਖਿਆ ਕੀਤੀ ਗਈ।




ਕਿਸਾਨ ਆਗੂਆਂ ਨੇ ਦੱਸਿਆ ਕਿ ਇਹ ਧਰਨਾ ਭਾਵੇਂ ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਪ੍ਰੋਗਰਾਮ ਅਨੁਸਾਰ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਲੱਗਣ ਵਾਲੇ ਧਰਨਿਆਂ ਦੀ ਕੜੀ ਵਜੋਂ ਲਾਇਆ ਜਾ ਰਿਹਾ ਹੈ, ਪਰ ਮੀਟਿੰਗ ਨੇ ਸਰਬਸੰਮਤੀ ਨਾਲ ਪੰਜਾਬ ਸਰਕਾਰ ਨਾਲ ਸਬੰਧਿਤ ਮੰਗਾਂ ਵੀ ਵਿਚਾਰੀਆਂ। ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ ਮਨਵਾਉਣ ਅਤੇ ਲਾਗੂ ਕਰਵਾਉਣ ਲਈ ਵੀ ਜ਼ੋਰ ਦਿੱਤਾ ਜਾਵੇਗਾ। ਜੇਕਰ ਧਰਨੇ ਦੌਰਾਨ ਲੱਗਿਆ ਕਿ ਪੰਜਾਬ ਸਰਕਾਰ ਟਾਲ ਮਟੋਲ ਕਰ ਰਹੀ ਹੈ ਤਾਂ ਲੋੜ ਅਨੁਸਾਰ ਇਸ ਸੰਘਰਸ਼ ਨੂੰ ਨਵਾਂ ਰੂਪ ਦਿੱਤਾ ਜਾ ਸਕਦਾ ਹੈ।

ਕਿਸਾਨ ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਨਾਲ ਸਬੰਧਿਤ ਮੰਗਾਂ ਵਿੱਚ ਹੜਾਂ ਅਤੇ ਗੜੇਮਾਰੀ ਨਾਲ ਬਰਬਾਦ ਹੋਈਆਂ ਫਸਲਾਂ ਦਾ ਮੁਆਵਜ਼ਾ, ਸ਼ਹੀਦ ਪਰਿਵਾਰਾਂ ਨੂੰ ਮੁਆਵਜਾ ਅਤੇ ਨੌਕਰੀਆਂ ਦੇਣੀਆਂ, ਕਿਸਾਨਾਂ ਦਾ ਕਰਜ਼ਾ ਰੱਦ ਕਰਨ,ਚਿਪ ਵਾਲੇ ਸਮਾਰਟ ਮੀਟਰ ਲਗਾਉਣੇ ਬੰਦ ਕਰਕੇ ਪਹਿਲਾਂ ਲਗਾਏ ਜਾਂਦੇ ਇਲੈਕਟ੍ਰਾਨਿਕ ਮੀਟਰ ਲਗਾਉਣ, ਗੰਨਾ ਕਾਸ਼ਤਕਾਰਾਂ ਨੂੰ 450 ਰੁ। ਪ੍ਰਤੀ ਕੁਇੰਟਲ ਭਾਅ ਦੇਣ ਸਮੇਤ ਬਕਾਇਆ ਰਾਸ਼ੀ ਸਮੇਤ ਵਿਆਜ਼ ਜਾਰੀ ਕਰਨ, ਸ਼ਬਜੀਆਂ ਮੂੰਗੀ ਅਤੇ ਮੱਕੀ ਸਮੇਤ ਬਾਕੀ ਫਸਲਾਂ ਦੀ ਘੱਟੋ ਘੱਟ ਸਮਰਥਨ ਮੁੱਲ ਤੇ ਖਰੀਦ, ਸੁਸਾਇਟੀਆਂ ਵਿੱਚ ਨੈਨੋ ਖਾਦਾਂ ਦੀ ਪੈਕਿੰਗ ਜਬਰੀ ਦੇਣ ਅਤੇ ਪਰਾਲੀ ਸਬੰਧੀ ਕਿਸਾਨਾਂ ਤੇ ਦਰਜ ਕੀਤੇ ਪਰਚੇ ਅਤੇ ਰੈਡ ਐਂਟਰੀਆਂ ਰੱਦ ਕਰਨ ਦੀਆਂ ਮੰਗਾਂ ਸ਼ਾਮਲ ਹਨ। ਪੰਜਾਬ ਵਿੱਚ ਆਬਾਦਕਾਰ ਕਿਸਾਨਾਂ ਦੀਆਂ ਜਮੀਨਾਂ ਖੋਹਣ ਦਾ ਮਸਲਾ ਉਚੇਚੇ ਤੌਰ ਤੇ ਵਿਚਾਰਿਆ ਗਿਆ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਕਿਸਾਨਾਂ ਤੋਂ ਜਮੀਨਾਂ ਖੋਹ ਕੇ ਉਜਾੜਾ ਬੰਦ ਕਰਕੇ ਮਾਲਕੀ ਹੱਕ ਦਿੱਤੇ ਜਾਣ।

ਕਿਸਾਨ ਆਗੂਆਂ ਨੇ ਦੱਸਿਆ ਕਿ ਧਰਨੇ ਦੀਆਂ ਅੰਤਮ ਛੋਹਾਂ ਦੇਣ ਲਈ 22 ਨਵੰਬਰ ਨੂੰ ਚੰਡੀਗੜ੍ਹ ਵਿਖੇ ਮੀਟਿੰਗ ਬੁਲਾ ਲਈ ਗਈ ਹੈ। ਇਸ ਪ੍ਰੋਗਰਾਮ ਦੀ ਸਫਲਤਾ ਲਈ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਅਤੇ ਬਲਵੀਰ ਸਿੰਘ ਰਾਜੇਵਾਲ ਵਾਲੇ ਮੋਰਚੇ ਨਾਲ ਵੀ ਗੱਲਬਾਤ ਕਰਨ ਲਈ ਡਿਊਟੀ ਲਾਈ ਗਈ।

ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਤੋਂ ਮਨਜੀਤ ਸਿੰਘ ਧਨੇਰ, ਬੀਕੇਯੂ ਏਕਤਾ ਮਾਲਵਾ ਤੋਂ ਮਲੂਕ ਸਿੰਘ ਹੀਰਕੇ, ਬੀਕੇਯੂ ਪੰਜਾਬ ਤੋਂ ਸੁੱਖ ਗਿੱਲ, ਕਿਸਾਨ ਸੰਘਰਸ਼ ਕਮੇਟੀ ਤੋਂ ਬਲਵਿੰਦਰ ਸਿੰਘ ਮੱਲੀ ਨੰਗਲ, ਕਿਰਤੀ ਕਿਸਾਨ ਯੂਨੀਅਨ ਨਿਰਭੈ ਸਿੰਘ ਢੁੱਡੀਕੇ, ਕੌਮੀ ਕਿਸਾਨ ਯੂਨੀਅਨ ਤੋਂ ਬਿੰਦਰ ਸਿੰਘ ਗੋਲੇਵਾਲਾ, ਜਮਹੂਰੀ ਕਿਸਾਨ ਸਭਾ ਤੋਂ ਕੁਲਵੰਤ ਸਿੰਘ ਸੰਧੂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਤੋਂ ਗੁਰਮੀਤ ਸਿੰਘ ਮਹਿਮਾ, ਕੁੱਲ ਹਿੰਦ ਕਿਸਾਨ ਫੈਡਰੇਸ਼ਨ ਤੋਂ ਕਿਰਨਜੀਤ ਸੇਖੋਂ, ਪੰਜਾਬ ਕਿਸਾਨ ਯੂਨੀਅਨ ਤੋਂ ਰੁਲਦੂ ਸਿੰਘ ਮਾਨਸਾ , ਬੀਕੇਯੂ ਡਕੌਂਦਾ ਤੋਂ ਬੂਟਾ ਸਿੰਘ ਬੁਰਜ ਗਿੱਲ, ਕਿਸਾਨ ਕਮੇਟੀ ਦੁਆਬਾ ਤੋਂ ਹਰਬੰਸ ਸਿੰਘ ਸੰਘਾ , ਕੁਲ ਹਿੰਦ ਕਿਸਾਨ ਸਭਾ ਤੋਂ ਬਲਦੇਵ ਸਿੰਘ ਲਤਾਲਾ, ਕੁੱਲ ਹਿੰਦ ਕਿਸਾਨ ਸਭਾ ਅਜੈ ਭਵਨ ਤੋਂ ਸੂਰਤ ਸਿੰਘ ਧਰਮਕੋਟ, ਦੁਆਬਾ ਕਿਸਾਨ ਕਮੇਟੀ ਤੋਂ ਜੰਗਵੀਰ ਸਿੰਘ ਚੌਹਾਨ, ਬੀਕੇਯੂ ਲੱਖੋਵਾਲ ਤੋਂ ਹਰਿੰਦਰ ਸਿੰਘ ਲੱਖੋਵਾਲ, ਕਿਰਤੀ ਕਿਸਾਨ ਯੂਨੀਅਨ ਪੰਜਾਬ ਤੋਂ ਰਘਬੀਰ ਸਿੰਘ, ਬੀਕੇਯੂ ਕਾਦੀਆਂ ਤੋਂ ਵੀਰਪਾਲ ਸਿੰਘ ਸ਼ਾਦੀਪੁਰ ਤੋਂ ਇਲਾਵਾ ਗੁਰਜਿੰਦਰ ਸਿੰਘ ਕਾਲਾ ਮਾਜਰਾ, ਦਵਿੰਦਰ ਸਿੰਘ ਧਾਲੀਵਾਲ ਅਤੇ ਕੇਵਲ ਸਿੰਘ ਖਹਿਰਾ, ਰਮਿੰਦਰ ਸਿੰਘ ਪਟਿਆਲਾ ਅਤੇ ਅੰਗਰੇਜ਼ ਸਿੰਘ ਮੁਹਾਲੀ ਹਾਜ਼ਰ ਸਨ।



ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਅਤੇ ਮਨਜੀਤ ਕੌਰ ਨੂੰ ਵਿਆਹ ਦੀ 31 ਵੀਂ ਵਰ੍ਹੇਗੰਢ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਮੁਬਾਰਕਾਂ

# ਕਮੇਟੀ ਮੈਂਬਰਾਂ ਨੇ ਟਿਕਟਾਂ ਦੇ ਲਾਲਚ ਵਿੱਚ ਪੰਥਕ ਭਾਵਨਾਵਾ ਦਾ ਕਤਲ ਕੀਤਾ- ਤਰਲੋਚਨ ਸਿੰਘ ਦੁਪਾਲ ਪੁਰ

**ਸੈਨਹੋਜ਼ੇ-(ਪੱਤਰ ਪ੍ਰੇਰਕ)** ਬੀਤੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ 'ਬਾਦਲੀ ਛਤਰ ਛਾਇਆ' ਹੇਠ ਹੋਈ ਸਾਲਾਨਾ ਚੋਣ ਉੱਤੇ ਟਿੱਪਣੀ ਕਰਦਿਆਂ ਪ੍ਰਵਾਸੀ ਲੇਖਕ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤਰਲੋਚਨ ਸਿੰਘ ਦੁਪਾਲ ਪੁਰ ਨੇ ਕਿਹਾ ਕਿ ਮੌਜੂਦਾ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪੰਥਕ ਕੇਂਦਰ ਨੂੰ ਬਾਦਲਸ਼ਾਹੀ ਤੋਂ ਨਿਜਾਤ ਦਿਵਾਉਣ ਦਾ ਆਖਰੀ ਮੌਕਾ ਵੀ ਗਵਾ ਲਿਆ ਹੈ।ਆਪਣੇ ਲਿਖਤੀ ਬਿਆਨ ਵਿੱਚ ਉਨ੍ਹਾਂ ਅਫਸੋਸ ਜਾਹਰ ਕੀਤਾ ਕਿ ਸਿੱਖ ਪੰਥ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਦੀ ਬਜਾਏ ਸੌ ਮੈਂਬਰ ਸਾਹਿਬਾਨ ਟਿਕਟਾਂ ਦੇ ਲਾਲਚ ਵਿੱਚ ਫਸ ਕੇ ਉਸੇ ਪ੍ਰਧਾਨ ਦੇ ਗ਼ਲਬੇ ਹੇਠ ਆ ਗਏ ਜੋ ਆਪਣੇ ਰਾਜ ਭਾਗ ਮੌਕੇ ਸ਼ਾਂਤਮਈ ਸੰਗਤ ਉੱਤੇ ਗੋ਼ਲੀਆਂ ਚਲਵਾਉਣ ਵਰਗੇ ਬੱਜਰ ਗੁਨਾਹ ਬਦਲੇ ਅਦਾਲਤਾਂ ਵਿੱਚ ਪੇਸ਼ੀਆਂ ਭੁਗਤਦਾ ਫਿਰਦਾ ਹੈ ਅਤੇ ਜਿਸਨੇ ਅਕਾਲੀ ਦਲ ਦੀ 'ਬਿਅਦਬੀ ਦਲ' ਵਾ਼ਲੀ ਮੰਦਭਾਗੀ ਅੱਲ ਪੁਆਈ।

ਇਸ ਵਾਰ ਸੰਗਤ ਨੂੰ ਮੱਧਮ ਜਿਹੀ ਆਸ ਸੀ ਕਿ ਪੰਥਕ ਜਮਾਤ ਸ਼੍ਰੋਮਣੀ ਅਕਾਲੀ ਦਲ ਦੀ ਦੁਰਗਤੀ ਕਰਾਉਣ ਵਾ਼ਲੇ ਸੁਖਬੀਰ ਬਾਦਲ ਨੂੰ ਐਤਕੀਂ ਆਪਣੇ ਬਾਪ ਦੇ ਕਦਮ-ਚਿੰਨ੍ਹਾਂ 'ਤੇ ਤੁਰਦਿਆਂ ਮੈਂਬਰਾਂ ਦੀ ਕਥਿੱਤ 'ਰਾਇ ਲੈਣ ਦਾ ਨਾਟਕ' ਨਹੀਂ ਕਰਨ ਦਿੱਤਾ ਜਾਵੇਗਾ ਪਰ ਮੈਂਬਰਾਂ ਵਲੋਂ ਖੁਦਗਰਜੀ ਦਿਖਾ ਦੇਣ ਤੋਂ ਬਾਅਦ ਪੰਥਕ ਕੇਂਦਰ ਨੂੰ ਅਜ਼ਾਦ ਕਰਾਉਣ ਲਈ ਹੁਣ ਸੰਗਤ ਹੀ 'ਇੱਕੀ ਵਿਸਵੇ' ਵਾ਼ਲੇ ਕਰਤਵ ਨਿਭਾਵੇ ਗੀ, ਜਦੋਂ ਸ਼੍ਰੋਮਣੀ ਕਮੇਟੀ ਦੀ ਅਗਾਮੀ ਚੋਣ ਹੋਈ।



'ਖਿਜ਼ਾਂ ਜਬ ਆਏ ਗੀ ਉਸ ਵਕਤ ਦੇਖਨਾ
ਵੋਹ ਕਿਆ ਕਰੇ ਗਾ ਜੋ ਪੱਤੋਂ ਕੇ ਘਰ ਮੇਂ
ਰਹਤਾ ਹੈ!'

ਭਾਈ ਦੁਪਾਲ ਪੁਰ ਨੇ ਸਿੱਖ ਬੁੱਧੀਜੀਵੀਆਂ ਉੱਤੇ ਵੀ ਗਿਲਾ ਪ੍ਰਗਟਾਇਆ ਕਿ ਉਹ ਲਾਹੌਰ ਦੇ ਸ਼ਾਹੀ ਕਿਲੇ ਵਾ਼ਲੇ ਗਿਆਨੀ ਗੁਰਮੁਖ ਸਿੰਘ ਵਾ਼ਲਾ ਰੋਲ ਨਿਭਾਉਣ ਤੋਂ ਅਸਮਰੱਥ ਰਹੇ ਹਨ ਜਿਸਨੇ ਸੰਧਾਵਾ਼ਲੀਏ ਸਰਦਾਰਾਂ ਨੂੰ ਧਿਆਨ ਸਿੰਘ ਡੋਗਰੇ ਬਾਰੇ ਇਸ਼ਾਰਤਨ ਕਿਹਾ ਸੀ ਕਿ ਜਦ 'ਕੜਾਹਾ ਨਵਾਂ ਲੈਣਾ ਹੈ ਤਾਂ ਕੜਛਾ ਪੁਰਾਣਾ' ਕਿਉਂ ਰੱਖਣਾ ਹੋਇਆ?

ਬਿਆਨ ਦੇ ਅਖੀਰ ਵਿੱਚ ਉਨ੍ਹਾਂ ਪੰਥਕ ਅਕਾਲੀ ਲਹਿਰ ਅਤੇ ਹੋਰ ਕੁੱਝ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਲਈ ਸਹੀ ਵੋਟਾਂ ਬਣਵਾਉਣ ਲਈ ਨਿੱਠ ਕੇ ਕੰਮ ਕਰਨ।

# ਦਲਿਤਾਂ ਦਾ ਸਿੱਖ ਧਰਮ ਵਿੱਚ ਵੀ ਭਲਾ ਨਾ ਹੋ ਸਕਿਆ

ਮੈਂ ਬੰਦਾ ਸਿੰਘ ਬਹਾਦਰ ਨੂੰ ਹੀ ਸਿੱਖ ਧਰਮ ਦਾ ਸਿਖਰ ਤੇ ਅੰਤ ਮੰਨਦਾ ਹਾਂ। ਉਸ ਨੇ ਹੀ ਸਿੱਖ ਧਰਮ ਦੇ ਸੰਕਲਪ ਨੂੰ ਅਮਲ ਵਿੱਚ ਲਿਆਂਦਾ, ਸਥਾਪਤ ਕੀਤਾ ਤੇ ਇਸੇ ਕਾਰਨ ਹੀ ਉਸਦੀ ਮੌਤ ਤੋਂ ਜਲਦੀ ਬਾਅਦ ਵਿੱਚ ਸਿੱਖ ਧਰਮ ਪਿਛਲਖੁਰੀ ਜਾਤੀ ਵੰਡ ਵਿੱਚ ਪੈ ਗਿਆ। ਆਰੀਅਨ ਬ੍ਰਾਹਮਣਾਂ ਦੀ ਸਰਦਾਰੀ ਹੇਠ ਵਗੇ ਰਣਜੀਤ ਸਿੰਘ ਦੇ ਰਾਜ ਨੇ ਸਿੱਖ ਧਰਮ ਨੂੰ ਜਾਤੀ ਲੀਹਾਂ ਤੇ ਪਾਇਆ। ਮਿਸਲਾਂ ਖਾਲਸੇ ਦੀ ਮੰਡਲ ਵੰਡ ਨਹੀਂ ਸੀ, ਇਕ ਤਰ੍ਹਾਂ ਜਾਤੀ ਵੰਡ ਹੀ ਸੀ। ਅਸਲ ਵਿੱਚ ਜਾਤੀ ਜੁੱਜ ਭਾਰੂ ਸੀ ਮਿਸਲਾਂ ਤੇ। ਦਲਿਤ ਜਾਤੀਆਂ ਦਾ ਖਾਲਸਾ ਵੀ ਆਪਸ ਵਿਚ ਟਕਰਾ ਗਿਆ।ਇਸ ਵੰਡ ਨੇ ਸਿੱਖ ਧਰਮ ਦੇ ਪੱਖ ਤੋਂ ਕਮਜੋਰ ਅਛੂਤ ਸਾਂਸੀ ਰਾਜੇ ਦਾ ਰਾਜ ਸਿਰਜਿਆ, ਜਿਸ ਨੇ ਸਾਰੀ ਸ਼ਕਤੀ ਸਵਰਨ ਹਿੰਦੂਆਂ ਤੇ ਖਾਸ ਕਰਕੇ ਬ੍ਰਾਹਮਣਾਂ ਅਤੇ ਹਿੰਦੂ ਡੋਗਰਿਆਂ ਦੇ ਹੱਥ ਦਿੱਤੀ। ਜੋ ਇਕ ਪਾਸੇ ਸਿੱਖ ਧਰਮ ਨੂੰ ਬਰਬਾਦ ਕਰਨ ਤੇ ਦੂਸਰੇ ਪਾਸੇ ਸਿੱਖਾਂ ਦੀ ਸ਼ਕਤੀ ਨਾਲ ਬਣੇ ਸਿੱਖ ਰਾਜ ਨੂੰ ਤਬਾਹ ਕਰਨ ਦੀ ਮਜਬੂਤ ਸੋਚ ਲੈ ਕੇ ਸਰਕਾਰ ਦਰਬਾਰ ਤੱਕ ਪਹੁੰਚੇ ਸਨ। ਉਹ ਲੋਕ ਬੁੱਕਲ ਦੇ ਸੱਪਾਂ ਦੀ ਵਿਸ਼ੇਸ਼ ਨਸਲ ਸਨ, ਜੋ ਹਜ਼ਾਰਾਂ ਵਰਿਆਂ ਤੋਂ ਸਥਾਪਤ ਹੁੰਦੇ ਰਹੇ, ਸ਼ੂਦਰ ਜਾਂ ਵਿਦੇਸ਼ੀ ਰਾਜਾਂ ਦੇ ਦਰਬਾਰ ਤੱਕ ਪਹੁੰਚਦੇ ਰਹੇ ਅਤੇ ਅੰਤ ਮੌਕਾ ਪਾ ਕੇ ਸਹੀ ਥਾਂ ਤੇ ਡੰਗਦੇ ਰਹੇ, ਤਬਾਹ ਕਰਦੇ ਰਹੇ। ਮਹਾਰਾਜਾ ਰਣਜੀਤ ਸਿੰਘ ਦੀਆਂ ਸਿਆਣਪਾਂ ਦੀਆਂ ਵਾਰਾਂ ਗਾਂਉਦਿਆ ਦੋ ਸਦੀਆਂ ਬੀਤ ਗਈਆਂ ਹਨ ਪ੍ਰੰਤੂ ਮੇਰੇ ਮਨ ਵਿੱਚ ਵਾਰ-ਵਾਰ ਇਕੋ ਗੱਲ ਉੱਭਰਦੀ ਹੈ ਕਿ ਉਸਦੇ ਰਾਜ ਵਿੱਚ ਬ੍ਰਾਹਮਣਾਂ ਅਤੇ ਡੋਗਰਿਆਂ ਨੇ ਸ਼ੁਰੂ ਤੋਂ ਅੰਤ ਤੱਕ ਖੁੱਲਮ-ਖੁੱਲ੍ਹੇ, ਭਿਆਨਕ ਅਤੇ ਮਾਰੂ ਹਾਦਸੇ ਵਰਤਾਏ ਪ੍ਰੰਤੂ ਪਤਾ ਨਹੀਂ ਕਿਹੜੀਆਂ ਤੇ ਕਿਹੋ ਜਿਹੀਆਂ ਸਿਆਣਪਾਂ ਦਾ ਪੁੰਜ ਸਿੱਖ ਮਹਾਰਾਜਾ ਕਿਸੇ ਇਕ ਵੀ ਬ੍ਰਾਹਮਣ ਜਾ ਹਿੰਦੂ ਡੋਗਰੇ ਨੂੰ ਨਾ ਸਮਝ ਸਕਿਆ, ਨਾ ਫੜ ਸਕਿਆ, ਨਾ ਤਾਂ ਸਕਿਆ, ਨਾ ਕੋਈ ਸਜਾ ਦੇ ਸਕਿਆ। ਸਗੋਂ ਉਹ ਖੁਦ ਉਹਨਾਂ ਦੇ ਧੋਖਿਆਂ ਦਾ ਸ਼ਿਕਾਰ ਹੋ ਗਿਆ ਤੇ ਉਹਨਾਂ ਹੱਥੋਂ ਹੀ ਜਹਿਰ ਖਾਂਦਾ, ਪੀਂਦਾ ਅੰਦਰ ਇਕੱਲਾ ਪਿਆ ਹੇਰ ਗਿਆ। ਉਸ ਦਾ ਪੂਰਾ ਪਰਿਵਾਰ ਤਬਾਹ ਹੋ ਗਿਆ, ਉਸਦੀ ਮਜਬੂਤ ਸਲਤਨਤ ਬਿਖਰ ਗਈ। ਉਸਦਾ ਬਰੂਦ ਸਰ੍ਹੋਂ ਹੋ ਗਿਆ। ਉਸਦਾ ਜਰਨੈਲ ਨਲੂਆ ਦਰਬਾਰੀਆਂ ਦੀ ਕੋਝੀ ਭੇਂਟ ਚੜ੍ਹ ਗਿਆ। ਉਸਦੇ ਬਹੁ-ਗਿਣਤੀ ਮਜ੍ਹਬੀ, ਚਮਾਰ ਤੇ ਹੋਰ ਦਲਿਤ ਸਿਪਾਹੀ ਜਿਹਨਾਂ ਨੇ ਜਿੱਤਾਂ ਕੀਤੀਆਂ, ਮੱਲ੍ਹਾਂ ਮਾਰੀਆਂ, ਸਭ ਬ੍ਰਾਹਮਣਾਂ ਦੀ ਸਰਦਾਰੀ ਕਾਰਨ ਅਛੂਤ ਤੇ ਸਛੂਤ ਬਣ ਕੇ ਰਹਿ ਗਏ। ਪਰ ਸਿੱਖ ਮਹਾਰਾਜਾ ਦੇ ਪੂਰੇ ਇਤਿਹਾਸ ਵਿੱਚ ਉਸਦੀ ਇਕੋ ਅੱਖ ਸੁਲੱਖਣੀ ਕਿਸੇ ਕੋਲ ਬੈਠੇ ਦੁਸ਼ਮਣ ਦੀ ਇਕ ਕਾਲੀ ਕਰਤੂਤ ਵੀ ਨਾ ਵੇਖ ਸਕੀ, ਨਾ ਸਮਝ ਸਕੀ, ਨਾ ਫੜ ਸਕੀ। ਭਾਣੇ ਤੇ ਭਾਣਾ ਵਰਤਦਾ ਗਿਆ ਤੇ ਅੰਤ ਉਹਨਾਂ ਲੱਕੜਬੱਘਿਆਂ ਵਰਗੇ ਸ਼ਿਕਾਰੀਆਂ ਨੇ ਉਸ ਨੂੰ ਖੁਦ ਨੂੰ ਸ਼ਿਕਾਰ ਕਰ ਲਿਆ। ਹਜ਼ਾਰਾਂ ਸਿੰਘਾ ਦੇ ਲਹੂ ਨਾਲ ਸਿੰਜਿਆ, ਬਣਿਆ ਸਿੱਖ ਰਾਜ ਬ੍ਰਾਹਮਣਾ, ਡੋਗਰਿਆਂ ਦੀ ਭੇਂਟ ਚੜ੍ਹ ਗਿਆ। ਸਾਡਾ ਦੁੱਖ ਛੋਟਾ ਨਹੀਂ।




ਅਸਲ ਵਿੱਚ ਸਿੱਖ ਰਾਜ ਦੀਆਂ ਸਿਆਣਿਆਂ ਦੀਆਂ ਹੇਕਾਂ ਨਾਲ ਭਰੀਆਂ ਨਿੱਤ ਗਾਈਆਂ ਜਾਂਦੀਆ ਵਾਰਾਂ ਸਾਡੀ ਮੂਰਖਤਾ ਦੇ ਵਰੌਲੇ ਹਨ ਅਸੀਂ ਆਪਣੀਆਂ ਮੂਰਖਤਾਵਾਂ ਦੀਆਂ ਵਾਰਾਂ ਗਾਉਣ ਵਾਲੇ ਭੱਦਰ ਲੋਕ ਹਾਂ। ਸਿੱਖ ਰਾਜ ਤਬਾਹ ਹੋ ਗਿਆ। ਸਿੱਖ ਰਾਜ ਵਿੱਚ ਸਿੱਖ ਧਰਮ ਦਾ ਮੰਤਵ ਤਬਾਹ ਹੋ ਗਿਆ। ਉਸ ਰਾਜ ਨੇ ਸਿੱਖ ਧਰਮ ਦੇ ਪ੍ਰਮੁੱਖ ਕੇਂਦਰਾਂ ਵਿੱਚ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਥਾਪਤ ਕਰ ਦਿੱਤੀਆਂ, ਪੂਜਾ ਅਰਚਨਾ ਸ਼ੁਰੂ ਕਰਵਾ ਦਿੱਤੀ। ਪਰ ਅਸੀਂ ਉੱਚੀਆਂ ਜਾਤੀਆਂ ਦੇ ਹੰਕਾਰੀ ਤੇ ਦੁਸ਼ਮਣ ਰਾਜ ਪਾਠ ਦੀਆਂ ਸਿਆਣਪਾ ਦੀਆਂ ਵਾਰਾਂ ਗਾਂਉਦਿਆ ਨੇ ਗਲੇ ਸੁਕਾ ਲਏ। ਦੂਸਰੇ ਪਾਸੇ ਬੰਦਾ ਸਿੰਘ ਬਹਾਦਰ ਜਿਸ ਨੇ ਪੰਥ, ਗੁਰੂ ਅਤੇ ਸਿੱਖ ਧਰਮ ਦਾ ਸੰਕਲਪ ਅਮਲ ਵਿੱਚ ਲਿਆਦਾ। ਜਿਸਨੇ ਵਗਦੇ, ਢਹਿੰਦੇ, ਹੇਠਲੀ, ਉਤਲੀ ਕਰ ਵਿਖਾਈ। ਜਿਸ ਨੂੰ ਜਾਤੀਵਾਦੀ ਦੁਸ਼ਮਣ ਤਾਕਤਾਂ ਨੇ ਅੰਦਰ ਵੜ ਕੇ ਨਾਲ ਤੁਰ ਕੇ ਮਰਵਾਇਆ, ਜਿਸ ਨੂੰ ਇਕੱਲਿਆ ਛੱਡ ਕੇ ਬੇਦਾਵਾ ਦੇ ਕੇ ਉਚਜਾਤੀਏ ਲੋਕ ਆਨੰਦਪੁਰ ਵਾਂਗ ਹੀ ਇਕ ਵਾਰ ਫੇਰ ਚਲੇ ਗਏ। ਉਸ ਦੇ ਅਸਲ ਇਤਿਹਾਸ ਨੂੰ ਕਲੰਕਿਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਗਈ ਤੇ ਇਥੋਂ ਤੱਕ ਕਿਹਾ ਗਿਆ ਕਿ ਉਹ ਆਪ ਗੁਰੂ ਬਣ ਬੈਠਾ ਸੀ। ਉਹ ਗੁਰੂ ਦਾ ਬਚਨ ਹਾਰ ਗਿਆ ਸੀ। ਉਸ ਨੇ ਧਰਮ ਦੀਆਂ ਲੀਹਾਂ ਬਦਲ ਲਈਆਂ ਸਨ। ਵਗੈਰਾ ਵਗੈਰਾ ਝੂਠ ਉਸਦੇ ਮੱਥੇ ਮੜ੍ਹ ਧਰਿਆ। ਇਹ ਸਭ ਕਈ ਹੈ ? ਇਕ ਸਾਜਿਸ਼ ! ਸੱਚ ਨੂੰ ਝੂਠ ਤੇ ਝੂਠ ਨੂੰ ਵਡਿਆ ਕੇ ਸਿਰਾਂ 'ਚ ਵਾੜਨ ਦੀ ਸਾਜਿਸ਼। ਏਧਰ ਸਾਡੀ ਮੂਰਖਤਾ ਦੀ ਕੋਈ ਸੀਮਾ ਨਹੀਂ। ਇਹ ਕਿਤੇ ਨਹੀਂ ਰੁਕਦੀ, ਵੱਧਦੀ ਜਾਂਦੀ ਹੈ। ਵਿੱਦਿਆ ਨੇ ਇਸ ਝੂਠ ਨੂੰ ਸੱਚ ਦੇ ਉਤੋਂ ਲਹਿਣ ਨਹੀਂ ਦਿੱਤਾ, ਸਗੋਂ ਹੋਰ ਪੱਕਾ ਕੀਤਾ ਹੈ। ਸਾਨੂੰ ਝੂਠ ਬਹੁਤ ਹਜਮ ਹੁੰਦਾ ਹੈ। ਝੂਠ ਦੀ ਉਗਾਲੀ ਕਰਦਿਆਂ ਸਾਡੀਆਂ ਉਮਰਾਂ ਬੀਤ ਗਈਆਂ ਹਨ ਤੇ ਬੀਤ ਰਹੀਆ ਹਨ। ਪਰ ਸਾਡੀ ਇਹ ਬਾਣ ਉਦੋਂ ਵੀ ਨਹੀਂ ਬਦਲੀ ਜਦੋਂ ਡਿਗਰੀ ਦੀ ਫੀਤੀ ਸਾਡੇ ਮੋਢਿਆਂ ਤੇ ਆ ਚਿਪਕੀ ਹੈ ਤੇ ਅਸੀਂ ਭਾਰਤ ਦੇ ਬੁੱਧੀਜੀਵੀ ਹੋ ਗਏ ਹਾਂ।

ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੱਖ ਧਰਮ ਦੇ ਨਿਘਾਰ ਦੀ ਰਫਤਾਰ ਬਹੁਤ ਤੇਜੀ ਨਾਲ ਵਧੀ। ਪ੍ਰੰਤੂ ਇਸ ਦਾ ਸਿਲਸਿਲਾ ਆਨੰਦਪੁਰ ਦੀ ਧਰਤੀ ਤੇ ਗੁਰੂ ਜੀ ਨੂੰ ਦਿੱਤੇ ਬੇਦਾਵੇ ਨਾਲ ਹੀ ਸ਼ੁਰੂ ਹੋ ਗਿਆ ਸੀ। ਇਹ ਬੇਦਾਵਾ ਹੀ ਮੂਲ ਰੂਪ ਵਿੱਚ ਖਾਲਸਾ ਫੌਜ ਦੀ ਮਗਰੋਂ ਹੋਈ ਸਾਰੀ ਤਬਾਹੀ ਦੀ ਬੁਨਿਆਦ ਬਣਿਆ। ਇਸ ਬੇਦਾਵੇ ਵਰਗੀਆਂ ਘਟਨਾਵਾਂ ਆਨੰਦਪੁਰ ਤੋਂ ਲੈ ਕੇ ਗੜ੍ਹੀ ਚਮਕੌਰ, ਦਿਆਲਪੁਰ, ਕੋਟਕਪੂਰਾ, ਵੜਿੰਗ, ਛੱਤੇਆਣਾ ਤੇ ਦਮਦਮੇ ਤੱਕ ਵਾਰ ਵਾਰ ਵਾਪਰੀਆਂ। ਇਹ ਘਟਨਾਵਾ ਧਰਮ ਦੀ ਤਾਕਤ ਨੂੰ ਗਹਿਰੀ ਚੋਟ ਮਾਰਨ ਵਾਲੀਆਂ ਮਾਰੂ ਘਟਨਾਵਾਂ ਸਨ। ਹਿੰਦੂ ਪਹਾੜੀ ਰਾਜਿਆਂ ਦੇ ਗੁਰੂ ਸਾਹਿਬ ਉਤੇ ਵਾਰ ਵਾਰ ਹਮਲੇ ਅਤੇ ਮੁਸਲਮਾਨ ਸੂਬੇਦਾਰਾਂ ਨੂੰ ਭੜਕਾ ਕੇ ਕਾਰੇ ਕਮਾਉਣ ਦਾ ਸਿਲਸਿਲਾ, ਧਰਮ ਦੀ ਸ਼ਕਤੀ ਦੇ ਸਥਾਪਤ ਹੋਣ ਦੇ ਵਿਰੁੱਧ ਜੋਰਦਾਰ ਹਾਦਸੇ ਸਨ। ਜਿਹਨਾਂ ਨੇ ਅਖੀਰ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਸਫਬੰਦੀ ਕੀਤੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਤੀ ਤੇ ਉਸਦੀ ਤਬਾਹੀ ਦੇ ਰੂਪ ਵਿੱਚ ਭਾਣੇ ਵਰਤਾਏ। ਤੇ ਇਸ ਤੋਂ ਵੀ ਵੱਧ ਖਤਰਨਾਕ ਹੋ ਕੇ ਵਾਪਰਿਆ , ਝੂਠ ਨੂੰ ਸੱਚ ਅਤੇ ਸਹੀ ਨੂੰ ਗਲਤ ਕਰਕੇ, ਮਨਾਂ ਵਿੱਚ ਉਤਾਰ ਦੇਣ ਦਾ ਸਿਲਸਿਲਾ। ਜਿਸ ਨੇ ਮਨੁੱਖੀ ਸ਼ਕਤੀ ਦੇ ਧਰਮ ਨੂੰ ਪੂਰੀ ਤਰ੍ਹਾਂ ਨਿਗਲ ਲਿਆ। ਸਗੋਂ ਜਾਤੀਵਾਦੀ ਸ਼ਕਤੀਆਂ ਦੇ ਹੱਥਾਂ ਵਿੱਚ ਧਰਮ ਦਾ ਪੂਰਾ ਕਬਜਾ ਥਮਾ ਦਿੱਤਾ। ਜਿਸ ਦਾ ਕਾਰਵਾਂ ਵਾਹੋਦਾਹੀ ਮਥਰਾ, ਬਿੰਦਰਾਬਨ, ਪੁਰੀ, ਅਯੁੱਧਿਆ ਅਤੇ ਕਾਂਚੀਪੁਰਮ ਵੱਲ ਮੇਲੇ ਬਣ ਕੇ, ਗੰਗਾ ਜਮਨਾ ਵਿੱਚ ਮੂੰਹ ਸਿਰ ਸੰਵਾਰਦਾ ਅਗ੍ਰਸਰ ਹੈ ਇਕ ਮਿਕ ਹੋ ਜਾਣ ਲਈ। ਤੇ ਇਸ ਭਰੇ ਮੇਲੇ ਵਿੱਚ ਮਿਸ਼ਨਰੀ ਤੇ ਸੁੱਚੇ ਸਿੱਖ ਨਿਗੂਣੇ ਟੋਲਿਆਂ ਦੀ ਤੁਣਕਣੀ ਨੂੰ ਕੋਈ ਨਹੀਂ ਗੌਲਦਾ। ਜਿਸ ਮਾਰਗ ਤੇ ਪੰਡਤ ਜਾਂਦੇ ਹਨ। ਸਿੱਖਾਂ ਦੀ ਵਹੀਰ ਉਸ ਦੇ ਪਿੱਛੇ-ਪਿੱਛੇ ਸਤਿਨਾਮ ਸਤਿਨਾਮ-ਵਾਹਿਗੁਰੂ ਵਾਹਿਗੁਰੂ ਤੇ ਹਰੇ ਰਾਮ! ਹਰੇ ਕ੍ਰਿਸ਼ਨਾ ! ਗਾਉਂਦੀ ਗਾਉਂਦੀ ਢੋਲਕੀਆਂ ਛੈਣੇ ਵਜਾਉਂਦੀ ਧੂੜ ਉਡਾਉਂਦੀ ਤੁਰੀ ਜਾ ਰਹੀ ਹੈ। ਅੱਜ ਇਸ ਕਬਜੇ ਨੂੰ ਵੇਖ ਕੇ ਪਰਖ ਕੇ ਅਸੀਂ ਆਪਣਾ ਆਖਰੀ ਫੈਂਸਲਾ ਦੇ ਸਕਦੇ ਹਾਂ ਕਿ ਦਲਿਤ ਬਹੁਜਨ ਦੀ ਮੁਕਤੀ ਲਈ ਉਪਜਿਆ ਸਿੱਖ ਧਰਮ, ਹਾਣ ਦੇ ਪ੍ਰਸੰਗ ਵਿੱਚ, ਉਹਨਾਂ ਦੀ ਮੁਕਤੀ ਦਾ ਕੋਈ ਬੰਦੋਬਸਤ ਨਹੀਂ ਹੈ। ਦਲਿਤਾਂ ਪਛੜਿਆਂ ਲਈ ਇਹ ਪੂਜਾ ਅਤੇ ਸੁਰਗ ਜਾਂ ਰੱਬ ਦੀ ਪ੍ਰਾਪਤੀ ਦੇ ਥੋਥੇ ਭਰਮ ਤੋਂ ਵੱਧ ਕੁੱਝ ਨਹੀਂ ਰਿਹਾ। ਅੱਧਿਓ ਵੱਧ ਦਲਿਤ ਪੱਛੜਿਆ ਸਿੱਖ ਸਮਾਜ, ਸਿੱਖ ਧਰਮ ਵਿੱਚ ਹੋ ਕੇ ਵੀ ਇਥੇ ਹੁਣ ਕਿਸੇ ਸਮਾਜਕ ਮੁਕਤੀ ਦੀ ਉਮੀਦ ਨਹੀਂ ਰੱਖ ਸਕਦਾ। ਸਿੱਖ ਧਰਮ ਪੰਜਾਬ ਦੀਆਂ ਦੋ ਪ੍ਰਮੁੱਖ ਜਾਤੀਆਂ ਦਾ ਧਰਮ ਬਣ ਚੁਕਾ ਹੈ। ਸ਼ਹਿਰ ਵਿੱਚ ਧਰਮ ਨੂੰ ਅਰੋੜਿਆਂ, ਭਾਪਿਆਂ, ਸਿੱਖਾਂ ਨੇ ਸਾਂਭ ਲਿਆ ਹੈ ਤੇ ਪਿੰਡਾਂ, ਸ਼੍ਰੋਮਣੀ ਕਮੇਟੀ ਦੇ ਤਖਤਾਂ ਨੂੰ ਪੰਜਾਬ ਦੀ ਜੱਟ ਜਾਤੀ ਨੇ। ਦਲਿਤ ਬਹੁਜਨ, ਜੋ ਵੱਡੀ ਗਿਣਤੀ ਵਿੱਚ ਸਿੱਖ ਹਨ, ਜੋ ਕਦੀ ਕਦੀ ਸਿਰਮੌਰ ਸੰਸਥਾਵਾਂ ਦੇ ਮੁਖੀ ਵੀ ਬਣਦੇ ਹਨ, ਉਹ ਉਤਲੀਆਂ ਜਾਤੀਆਂ ਦੇ ਗੋਲੂ ਗੁਲਾਮ ਨਾਮਜਦ ਲੋਕ ਹਨ।

ਸਿੱਖ ਧਰਮ ਵਿੱਚ ਜੋ ਸਥਿਤੀ ਪੈਦਾ ਹੋ ਗਈ ਹੈ, ਉਸ ਨੂੰ ਵੇਖ ਕੇ, ਪਰਖ ਕੇ ਇਹ ਨਹੀਂ ਮੰਨਿਆ ਜਾ ਸਕਦਾ ਕਿ ਸਿੱਖ ਧਰਮ ਕਦੀ ਹੁਣ ਦਲਿਤ ਬਹੁਜਨ ਦੀ ਮੁਕਤੀ ਦਾ ਕੋਈ ਬੰਦੋਬਸਤ ਕਰ ਸਕਦਾ ਹੈ। ਇਹ ਬੰਦਾ ਸਿੰਘ ਬਹਾਦਰ ਤੋ ਬਾਅਦ ਦੋ ਸੋ ਸਾਲਾਂ ਤੱਕ ਨਹੀਂ ਹੋਇਆ। ਹੁਣ ਹੋਣਾ ਵੀ ਨਹੀਂ। ਵਹਿਮ ਭਰਮ ਤਾਂ ਹੋ ਸਕਦਾ ਹੈ, ਹਕੀਕਤ ਵਿੱਚ ਹੁਣ ਕੁਝ ਵੀ ਹੋਣ ਵਾਲਾ ਨਹੀਂ। ਕੁਝ ਧਰਮੀ ਤੇ ਇਮਾਨਦਾਰ ਜਾਂ ਅਣਜਾਣ ਸੱਜਣ ਅੱਜ ਵੀ ਦਲਿਤਾਂ ਨੂੰ ਉਪਦੇਸ਼ ਦੇ ਰਹੇ ਹਨ ਕਿ ਸਿੱਖ ਧਰਮ ਤੋਂ ਬਿਨਾਂ ਉਹਨਾਂ ਲਈ ਹੋਰ ਕੋਈ ਸਹੀ ਥਾਂ ਨਹੀਂ ਹੈ, ਉਹਨਾਂ ਦਾ ਉਦਾਰ ਇਸੇ ਧਰਮ ਵਿੱਚ ਸੰਭਵ ਹੈ। ਸਾਨੂੰ ਉਹਨਾਂ ਦੀ ਇਮਾਨਦਾਰੀ ਤੇ ਦਿਆਨਤਦਾਰੀ ਤੇ ਕੋਈ ਸ਼ੱਕ ਨਹੀਂ ਪ੍ਰੰਤੂ ਉਹਨਾਂ ਦੀਆਂ ਇਮਾਨਦਾਰ ਭਾਵਨਾਵਾਂ ਦਲਿਤਾਂ ਦੀ ਮੁਕਤੀ ਦਾ ਬੰਦੋਬਸਤ ਨਹੀਂ ਬਣ ਸਕਦੀਆਂ।

ਸਿੱਖ ਧਰਮ ਦੀ ਵਰਤਮਾਨ ਸਥਿਤੀ ਦਲਿਤਾਂ ਨੂੰ ਕੋਈ ਬਰਾਬਰੀ ਜਾਂ ਮੁਕਤੀ ਨਹੀਂ ਦੇ ਸਕਦੀ। ਇਹ ਉਮੀਦ ਤਾਂ ਸਿੱਖ ਚੌਧਰੀਆਂ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਵਿਰੁੱਧ ਫਤਵਾ ਜਾਰੀ ਕਰਵਾ ਦੇਣ ਤੇ ਉਸ ਨੂੰ ਮਰਵਾ ਦੇਣ ਦੇ ਸਾਰੇ ਬੰਦੋਬਸਤ ਕਰ ਦੇਣ ਉਪਰੰਤ ਖਤਮ ਹੋ ਗਈ ਸੀ। ਅਛੂਤ ਬਾਬਾ ਗਿਆਨੀ ਦਿੱਤ ਸਿੰਘ ਨੇ ਸਿੱਖ ਧਰਮ ਨੂੰ ਬ੍ਰਾਹਮਣਵਾਦੀਆ ਤੋਂ ਬਚਾਇਆ ਜਰੂਰ ਪ੍ਰੰਤੂ ਉਹਨਾਂ ਦੀ ਥਾਂ ਕਾਬਜ ਹੋਣ ਵਾਲੀਆਂ ਜਾਤੀਵਾਦੀ ਤਾਕਤਾਂ ਦਾ ਕੋਈ ਬੰਦੋਬਸਤ ਸ਼ਾਇਦ ਉਸਦੇ ਮਨ ਵਿੱਚ ਨਹੀਂ ਆਇਆ।

## ਖਰਗੋਸ਼ ਅਤੇ ਸ਼ੇਰ ਦੀ ਨਵੀਂ ਕਹਾਣੀ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਪ੍ਰਿੰ. ਬਹਾਦਰ ਸਿੰਘ ਗੋਸਲ**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ ਪੰਨੇ: 32 ਮੁੱਲ: 125/-**

ਬਾਲ ਸਾਹਿਤ ਦੇ ਖੇਤਰ ਵਿਚ ਨਿਰੰਤਰ ਵਗਣ ਵਾਲੇ ਦਰਿਆ ਦਾ ਨਾਮ ਹੈ ਪ੍ਰਿੰ: ਬਹਾਦਰ ਸਿੰਘ ਗੋਸਲ। ਉਹ ਦਿਨ ਰਾਤ ਨਵੀਆਂ ਤੇ ਨਰੋਈਆ ਕਿਰਤਾਂ ਨਾਲ ਸਾਹਿਤ ਜਗਤ ਨੂੰ ਅਮੀਰ ਬਣਾ ਰਹੇ ਹਨ। ਹਰ ਰਚਨਾ ਵਿਚੋਂ ਬਾਲ ਕਿਲਕਾਰੀਆਂ ਸੁਣਾਈ ਦਿੰਦੀਆਂ ਹਨ। ਨਵੀਂ ਪੁਸਤਕ ਦੀ ਉਡੀਕ ਪਾਠਕਾਂ ਦੁਆਰਾ ਕੀਤੀ ਜਾਂਦੀ ਹੈ। ਉਹ ਬਾਲ ਸਾਹਿਤ ਦੀਆਂ 63 ਅਤੇ ਹੋਰ ਪੁਸਤਕਾਂ ਨਾਲ ਸੈਂਕੜਾਂ ਮਾਰਨ ਦੇ ਨੇੜੇ ਪੁੱਜ ਚੁੱਕੇ ਹਨ। ਮਾਤ ਭਾਸ਼ਾ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੀ ਸਿਰ ਤੋੜ ਕੋਸ਼ਿਸ਼ਾਂ ਕਰ ਰਹੇ ਹਨ। ਸਿੱਖਿਆ ਅਤੇ ਸਾਹਿਤ ਜਗਤ ਵਿਚ ਪਾਈਆਂ ਪੈੜਾਂ ਉਹਨਾਂ ਦੀ ਮਾਨਵੀ ਸੋਚ ਦਾ ਪ੍ਰਦਰਸ਼ਨ ਕਰਦੀਆਂ ਹਨ। ਹਰ ਕਹਾਣੀ ਨੂੰ ਰੌਚਕਤਾ ਦੀ ਚਾਸ਼ਨੀ ਨਾਲ ਸਿਰਜਦੇ ਹਨ। ਉਹਨਾਂ ਦੀ ਸਿਰਜਣ ਪ੍ਰਕਿਰਿਆ ਵਿਚੋਂ ਬਾਲ ਜੀਵਨ ਝਲਕਾਰੇ ਮਾਰਦਾ ਹੈ।




ਜੀਵਨ ਵਿਚੋਂ ਮਨਫੀ ਹੋ ਰਹੀ ਕਿਰਤ ਅਤੇ ਕਿਰਤ ਦੀ ਕਦਰ ਨੂੰ ਮੁੜ ਕਾਇਮ ਕਰਨ ਲਈ ਬੱਚਿਆਂ ਨੂੰ ਕਹਾਣੀਆਂ ਰਹੀਂ ਸਿੱਖਿਅਤ ਕਰਦੇ ਰਹਿੰਦੇ ਹਨ। ਹੱਥਲੇ ਕਹਾਣੀ ਸੰਗ੍ਰਹਿ 'ਖਰਗੋਸ਼ ਅਤੇ ਸ਼ੇਰ ਦੀ ਨਵੀਂ ਕਹਾਣੀ' ਵਿਚ ਅੱਠ ਕਹਾਣੀਆਂ ਕੰਪਿਊਟਰ ਚਿੱਤਰਾਂ ਨਾਲ ਸ਼ਾਮਲ ਕੀਤੀਆਂ ਗਈਆਂ ਹਨ। ਟਾਈਟਲ ਕਹਾਣੀ ਰਾਹੀਂ ਖਰਗੋਸ਼ ਦੀ ਚਲਾਕੀ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਉਹ ਗਿੱਦੜ ਅਤੇ ਸ਼ੇਰ ਨੂੰ ਖਤਮ ਕਰਨ ਵਿਚ ਸਫ਼ਲ ਹੋ ਜਾਂਦਾ ਹੈ। ਅਗਲੀ ਕਹਾਣੀ ਗੁਰੂ ਦੀ ਸਿੱਖਿਆ ਵਿਚ ਚੇਲਾ ਲਾਲਚੀ ਬਣ ਜਾਂਦਾ ਹੈ ਪਰ ਜਦੋਂ ਰਾਜਾ ਉਸਨੂੰ ਸਭ ਕੁੱਝ ਸੌਂਪ ਕੇ ਰਾਜ ਭਾਗ ਛੱਡ ਕੇ ਜਾਣ ਲੱਗਦਾ ਹੈ ਤਾਂ ਉਸਨੂੰ ਗੁਰੂ ਦੀ ਸਿੱਖਿਆ ਯਾਦ ਆ ਜਾਂਦੀ ਹੈ ਤੇ ਉਹ ਰਾਜੇ ਨੂੰ ਮੁੜ ਸਭ ਕੁੱਝ ਵਾਪਸ ਕਰਕੇ ਆਪਣੇ ਗੁਰੂ ਦੇ ਕਹਿਣੇ ਵਿਚ ਰਹਿੰਦਾ ਹੈ। ਤੀਸਰੀ ਕਹਾਣੀ ਜਦੋਂ ਰਾਜੇ ਦੀ ਸੋਚ ਬਦਲੀ ਵਿਚ ਇਕ ਸੰਤ ਜ਼ਾਲਮ ਰਾਜੇ ਨੂੰ ਸਿੱਖਿਆ ਦੇ ਕੇ ਦਿਅਲੂ ਬਣਾ ਦਿੰਦਾ ਹੈ। ਮਾਣ ਮਿੱਤਰਾਂ ਤੇ ਕਹਾਣੀ ਰਾਹੀਂ ਬਾਰਾਂਸਿੰਗੇ ਨੂੰ ਆਜੜੀ ਬਚਾਉਂਦਾ ਹੈ ਜੋ ਬਾਅਦ ਵਿਚ ਉਸਦੀਆਂ ਬੱਕਰੀਆਂ ਅਤੇ ਆਜੜੀ ਨੂੰ ਬਘਿਆੜ ਤੋਂ ਬਚਾਕੇ ਉਸਦਾ ਰਿਣ ਉਤਾਰਦਾ ਹੈ। ਇਸਤੋਂ ਸਿੱਖਿਆ ਇਹ ਮਿਲਦੀ ਹੈ ਕਿ ਸਾਨੂੰ ਮਿਤਰਾਂ ਦੀ ਖਾਤਰ ਜਾਨ ਦੀ ਵੀ ਪ੍ਰਵਾਹ ਨਹੀਂ ਕਰਨੀ ਚਾਹੀਦੀ। ਪੰਛੀਆਂ ਨੂੰ ਵੀ ਆਜ਼ਾਦੀ ਚਾਹੀਦੀ ਹੈ। ਅਕਲਮੰਦੀ ਦੀ ਵਰਤੋਂ ਅਤੇ ਕੰਜੂਸਾਂ ਦੀ ਕੰਜੂਸੀ ਨੂੰ ਪੇਸ਼ ਕਰਦੀਆਂ ਬੜੀਆਂ ਦਿਲਚਸਪ ਕਹਾਣੀਆਂ ਹਨ। ਇਹਨਾਂ ਕਹਾਣੀਆਂ ਦੀ ਸੰਖੇਪਤਾ, ਸਰਲਤਾ ਅਤੇ ਮੁਹਾਵਰੇਦਾਰ ਬੋਲੀ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਹੈ। ਸਾਰੀ ਪੁਸਤਕ ਸਾਡੇ ਅੰਦਰ ਜੀਵਨ ਦੀਆਂ ਉਚੇਰੀਆਂ ਕਦਰਾਂ ਕੀਮਤਾਂ ਨੂੰ ਭਰਦੀ ਹੈ।

## ਐਫ ਬੀ ਆਈ ਵੱਲੋਂ ਫੰਡਰੇਜ਼ਿੰਗ ਮਾਮਲੇ ਵਿਚ ਨਿਊਯਾਰਕ ਦੇ ਮੇਅਰ ਏਰਿਕ ਐਡਮਜ ਦੇ ਮੋਬਾਇਲ ਫੋਨ ਆਈ ਪੈਡ ਜ਼ਬਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਇਕ ਅਦਾਲਤ ਵੱਲੋਂ ਜਾਰੀ ਤਲਾਸ਼ੀ ਵਾਰੰਟਾਂ 'ਤੇ ਕਾਰਵਾਈ ਕਰਦਿਆਂ ਐਫ ਬੀ ਆਈ ਦੇ ਅਧਿਕਾਰੀਆਂ ਨੇ ਫੰਡ ਰੇਜ਼ਿੰਗ ਦੇ ਮਾਮਲੇ ਦੀ ਚੱਲ ਰਹੀ ਸੰਘੀ ਜਾਂਚ ਤਹਿਤ ਨਿਊ ਯਾਰਕ ਦੇ ਮੇਅਰ ਏਰਿਕ ਐਡਮਜ ਦੇ ਸੈੱਲ ਫੋਨ ਤੇ ਆਈ ਪੈਡ ਨੂੰ ਜ਼ਬਤ ਕਰ ਲੈਣ ਦੀ ਖਬਰ ਹੈ। ਇਸ ਮਾਮਲੇ ਨਾਲ ਜੁੜੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਇਕ ਨਿਊਜ਼ ਚੈਨਲ ਨੂੰ ਦਿੰਦਿਆਂ ਕਿਹਾ ਹੈ ਕਿ ਐਫ ਬੀ ਆਈ ਨੇ ਇਹ ਕਾਰਵਾਈ ਇਸ ਹਫਤੇ ਦੇ ਸ਼ੁਰੂ ਵਿਚ ਕੀਤੀ ਹੈ। ਐਫ ਬੀ ਆਈ ਦੀ ਇਸ ਕਾਰਵਾਈ ਨਾਲ ਜਾਂਚ ਵਿਚ ਇਕ ਨਾਟਕੀ ਮੋੜ ਆਇਆ ਹੈ । ਐਫ ਬੀ ਆਈ ਤੇ ਯੂ ਐਸ ਅਟਾਰਨੀ ਦੱਖਣੀ ਜਿਲਾ ਨਿਊਯਾਰਕ ਦੇ ਦਫਤਰ ਵੱਲੋਂ ਕੀਤੀ ਜਾ ਰਹੀ ਜਾਂਚ ਵਿਚ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੀ ਫੰਡਰੇਜ਼ਿੰਗ ਤਹਿਤ ਵਿਦੇਸ਼ੀ ਪੈਸਾ ਵੀ ਲਿਆ ਗਿਆ ਸੀ। ਹਾਲਾਂ ਕਿ ਅਜੇ ਤੱਕ ਡੈਮੋਕਰੈਟਿਕ ਆਗੂ ਐਡਮਜ ਕਿਸੇ ਵੀ ਤਰਾਂ ਦੇ ਗਲਤ ਕੰਮ ਵਿਚ ਦੋਸ਼ੀ ਨਹੀਂ ਪਾਇਆ ਗਿਆ ਹੈ ਪਰੰਤੂ ਉਹ ਵਿਦੇਸ਼ੀ ਸਰਕਾਰਾਂ ਨਾਲ ਸਬੰਧ ਰਖਣ ਦੀ ਹੋ ਰਹੀ ਜਾਂਚ ਦੇ ਘੇਰੇ ਵਿਚ ਆਉਣ ਵਾਲਾ ਨਵਾਂ ਰਾਜਸੀ ਆਗੂ ਜਰੂਰ ਬਣ ਗਿਆ ਹੈ। ਐਡਮਜ ਦੇ ਚੀਫ ਫੰਡ ਰੇਜਰ ਦੇ ਘਰ ਵਿਚ ਛਾਪਾ ਮਾਰਨ ਦੇ ਕੁਝ ਦਿਨਾਂ ਬਾਅਦ ਐਫ ਬੀ ਆਈ ਨੇ ਉਕਤ ਕਾਰਵਾਈ ਅਮਲ ਵਿਚ ਲਿਆਂਦੀ ਹੈ।

## ਰੋਟਰੀ ਕਲੱਬ ਹੁਸ਼ਿਆਰਪੁਰ ਵੱਲੋਂ ਮੈਡੀਕਲ ਕੈਂਪ ਲਗਾਇਆ ਗਿਆ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਰੋਟਰੀ ਕਲੱਬ ਆਫ਼ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਯੋਗੇਸ਼ ਚੰਦਰ ਦੀ ਅਗਵਾਈ ਹੇਠ ਭਗਵਾਨ ਮਹਾਂਵੀਰ ਜੈਨ ਡਾਇਗਨੋਸਟਿਕ ਸੈਂਟਰ ਭਰਵਈ ਰੋਡ ਹੁਸ਼ਿਆਰਪੁਰ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿਚ ਸ਼ਹਿਰ ਦੇ ਪ੍ਰਸਿੱਧ ਡਾਕਟਰ ਨਵਦੀਪ ਬੈਂਸ, ਡਾ: ਗੁਰਦਿਆਲ ਸਿੰਘ, ਡਾ: ਰਣਜੀਤ ਸਿੰਘ ਅਤੇ ਡਾ: ਸ਼ੁਭ ਕਰਮਨ ਸਿੰਘ ਬਾਵਾ ਵਿਸ਼ੇਸ਼ ਤੌਰ 'ਤੇ ਆਪਣੀਆਂ ਮੁਫ਼ਤ ਸੇਵਾਵਾਂ ਦੇਣ ਲਈ ਪਹੁੰਚੇ।

ਇਸ ਕੈਂਪ ਦੌਰਾਨ ਹੱਡੀਆਂ ਦੀ ਜਾਂਚ ਬਿਲਕੁਲ ਮੁਫ਼ਤ ਕੀਤੀ ਗਈ। ਇਸ ਮੌਕੇ 122 ਦੇ ਕਰੀਬ ਮਰੀਜਾਂ ਨੇ ਆਪਣਾ ਚੈਕਅੱਪ ਕਰਵਾਇਆ ਅਤੇ ਮੁਫਤ ਦਵਾਈਆਂ ਪ੍ਰਾਪਤ ਕੀਤੀਆਂ। ਰੋਟਰੀ ਕਲੱਬ ਦੇ ਪ੍ਰਧਾਨ ਯੋਗੇਸ਼ ਚੰਦਰ ਅਤੇ ਸਕੱਤਰ ਰਜਿੰਦਰ ਮੌਦਗਿਲ ਨੇ ਉਦਘਾਟਨ ਮੌਕੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰੋਟਰੀ ਕਲੱਬ ਹਮੇਸ਼ਾ ਹੀ ਸੇਵਾ ਭਾਵਨਾ ਨਾਲ ਪ੍ਰੋਜੈਕਟਾਂ ਨੂੰ ਨੇਪਰੇ ਚਾੜ੍ਹਦਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਅਜਿਹੀਆਂ ਸੇਵਾਵਾਂ ਨੂੰ ਜਾਰੀ ਰੱਖਿਆ ਜਾਵੇਗਾ। ਇਸ ਕੈਂਪ ਵਿੱਚ ਪ੍ਰੋਜੈਕਟ ਚੇਅਰਮੈਨ ਸੰਜੀਵ ਕੁਮਾਰ ਦਾ ਯੋਗਦਾਨ ਸ਼ਲਾਘਾਯੋਗ ਰਿਹਾ। ਇਸ ਮੌਕੇ ਰੋਟਰੀ ਕਲੱਬ ਦੇ ਪ੍ਰਧਾਨ ਯੋਗੇਸ਼ ਚੰਦਰ, ਸਕੱਤਰ ਰਜਿੰਦਰ ਮੌਦਗਿਲ, ਪ੍ਰੋਜੈਕਟ ਚੇਅਰਮੈਨ ਸੰਜੀਵ ਕੁਮਾਰ, ਅਸ਼ੋਕ ਜੈਨ, ਰਵੀ ਜੈਨ ਅਤੇ ਚੰਦਨ ਸਰੀਨ ਆਦਿ ਹਾਜ਼ਰ ਸਨ।

# ਗੁਰਗੱਦੀ ਦਿਵਸ, ਗੁਰੂ ਗ੍ਰੰਥ ਸਾਹਿਬ ਜੀ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਸਿੱਖ ਕੌਮ ਵੱਲੋਂ ਹਰ ਸਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਬੜੇ ਉਤਸ਼ਾਹ ਨਾਲ ਮਾਇਆ ਜਾਂਦਾ ਹੈ। ਯੂਬਾ ਸਿਟੀ (ਕੈਲੀਫੋਰਨੀਆ) ਵਿੱਚ ਹੋਣ ਵਾਲਾ ਨਗਰ ਕੀਰਤਨ ਦੁਨੀਆਂ ਭਰ ਵਿੱਚ ਪ੍ਰਸਿੱਧ ਹੈ। ਸਿੱਖ ਇਤਿਹਾਸ ਦੀਆਂ ਹੋਰ ਕਈ ਤਾਰੀਖਾਂ ਦੀ ਤਰ੍ਹਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਦੀ ਤਾਰੀਖ ਬਾਰੇ ਵੀ ਵਿਦਵਾਨਾਂ ਵਿੱਚ ਮੱਤ ਭੇਦ ਹਨ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਬਿਕ੍ਰਮੀ ਕੈਲੰਡਰ ਵਿੱਚ ਹਰ ਸਾਲ ਇਸ ਦਿਹਾੜੇ ਦਾ ਪ੍ਰਵਿਸ਼ਟਾ (ਤਾਰੀਖ) ਬਦਲ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਗੁਰਦਵਾਰਾ ਪ੍ਰਬੰਧਕ ਕਮੇਟੀ ਇਹ ਦਿਹਾੜਾ ਮਨਾਉਂਦੀ ਤਾਂ ਵਦੀ-ਸੁਦੀ ਭਾਵ ਚੰਦ ਦੇ ਕੈਲੰਡਰ ਮੁਤਾਬਕ ਹੈ, ਪਰ ਕੈਲੰਡਰ ਵਿਚ ਦਰਜ ਪ੍ਰਵਿਸ਼ਟਿਆਂ ਭਾਵ ਸੂਰਜੀ ਕੈਲੰਡਰ ਮੁਤਾਬਕ ਕਰਦੀ ਹੈ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿੱਚ ਇਸ ਸਾਲ ਇਹ ਦਿਹਾੜਾ 30 ਕੱਤਕ (15 ਨਵੰਬਰ, 2023 ਈ:) ਦਾ ਦਰਜ ਹੈ। ਇਸ ਦਿਨ ਚੰਦ ਦੇ ਕੈਲੰਡਰ ਮੁਤਾਬਕ ਕੱਤਕ ਸੁਦੀ ਦੂਜ ਹੈ। ਸ਼੍ਰੋਮਣੀ ਕਮੇਟੀ ਇਹ ਦਿਹਾੜਾ ਕੱਤਕ ਸੁਦੀ ਦੂਜ ਨੂੰ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਦਿਹਾੜਾ ਕੱਤਕ ਸੁਦੀ 5 ਨੂੰ ਮਨਾਉਂਦੀ ਹੈ। ਇਸ ਦਾ ਭਾਵ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਤਿੰਨ ਦਿਨ ਪਹਿਲਾ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸਮਰਪਿਤ ਕਰ ਦਿੱਤੀ ਸੀ। ਪਰ ਜਦੋਂ ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ ਵੇਖਦੇ ਹਾਂ ਤਾਂ ਉਥੇ ਗੁਰਗੱਦੀ ਇਕ ਦਿਨ ਪਹਿਲਾ ਦੇਣ ਦਾ ਵੇਰਵਾ ਦਰਜ ਹੈ।

"This weakened the Guru beyond cure and he passed away on kattak sudi 5, 1765 BK/7 October 1708. Before the end came Sri Guru Gobind Singh ji had asked for the Sacred Volume to be brought forth. To quote Bhatt Vahi Talaunda Parganah jind: "Guru Gobind Singh, the Tenth master, son of Guru teg bahadur, grandson of Guru Hargobind, great grandson of Guru Arjan, of the family of Guru Ram Das Surajbansi, Gosal Clan, Sodhi khatri, resident of Anandpur, parganah kahlur, now at nanded, in the Godavari country in the Deccan, asked Bhai Daya Singh, on Wednesday, 6 October 1708, to fetch Sri Guru Granth Shaib.In obedience to his order, Daya Singh brought Sri Guru Granth Shaib. The Guru placed before it five pice and a coconut and bowed his head before it. He said to the sangat, 'it is my commandment, own Sri Granth ji in my place. He who so acknowledges it will obtain his reward. The guru will rescue him. Know this as the truth." (sgpc.net)

ਭੱਟ ਵਹੀ ਤਲਾਉਂਡਾ ਪਰਗਣਾ ਜੀਂਦ ਦੇ ਹਵਾਲੇ ਨਾਲ ਦਰਜ ਕੀਤੀ ਗਈ ਉਪ੍ਰੋਕਤ ਜਾਣਕਾਰੀ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਨੇ ਕੱਤਕ ਸੁਦੀ 5 ਸੰਮਤ 1765 ਬਿਕ੍ਰਮੀ/ 7 ਅਕਤੂਬਰ 1708 ਈ: (ਜੂਲੀਅਨ) ਨੂੰ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾ ਭਾਵ 6 ਅਕਤੂਬਰ 1708 ਈ: (ਜੂਲੀਅਨ) ਦਿਨ ਬੁਧਵਾਰ ਨੂੰ, ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸਮਰਪਿਤ ਕਰ ਦਿੱਤੀ ਸੀ। 6 ਅਕਤੂਬਰ 1708 ਈ: (ਜੂਲੀਅਨ) ਦਿਨ ਬੁਧਵਾਰ ਨੂੰ ਕੱਤਕ ਸੁਦੀ 4 ਸੀ। ਪਰ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਕੱਤਕ ਸੁਦੀ 2 ਨੂੰ ਮਨਾਉਂਦੀ ਹੈ। ਸਪੱਸ਼ਟ ਹੈ ਕਿ ਹੋਰ ਕਈ ਤਾਰੀਖਾਂ ਦੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਦੇਣ ਦੀਆਂ ਵੀ ਦੋ ਤਾਰੀਖਾਂ, ਕੱਤਕ ਸੁਦੀ 2 ਅਤੇ ਕੱਤਕ ਸੁਦੀ 4 ਮੰਨੀਆਂ ਜਾਂਦੀਆਂ ਹਨ। ਇਹ ਦੋਵੇਂ ਤਾਰੀਖਾਂ ਸਹੀ ਨਹੀਂ ਹੋ ਸਕਦੀਆਂ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਦੋਵਾਂ ਤਾਰੀਖਾਂ ਵਿੱਚੋਂ ਕਿਹੜੀ ਤਾਰੀਖ ਸਹੀ ਹੋ ਸਕਦੀ ਹੈ?

"ਵਚਿੱਤਰ ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ" ਦਾ ਕਰਤਾ ਸੋਢੀ ਤੇਜਾ ਸਿੰਘ ਲਿਖਦਾ ਹੈ, "ਇਸ ਉਪਰੰਤ ਅਰਦਾਸ ਕਰਕੇ ਕੜਾਹ ਪ੍ਰਸਾਦਿ ਦੀ ਦੇਗ ਵਰਤਾਈ ਗਈ। ਕੱਤਕ ਸੁਦੀ ਦੂਜ ਸੰਮਤ 1765 ਨੂੰ ਇਹ ਮਹਾਨ ਕਾਰਜ ਕਰਕੇ ਗੁਰੂ ਜੀ ਨੇ ਬਚਨ ਕੀਤਾ ਕਿ ਹੁਣ ਸਾਡੀ ਆਪਣੇ ਪਿਤਾ ਅਕਾਲ ਪੁਰਖ ਪਾਸ ਜਾਣ ਦੀ ਤਿਆਰੀ ਹੈ, ਸਾਡਾ ਅੰਗੀਠਾ ਤਿਆਰ ਕਰੋ"।

ਗੁਰਬਾਣੀ ਪਾਠ ਦਰਪਣ (ਦਮਦਮੀ ਟਕਸਾਲ) ਵਿੱਚ ਵੀ ਇਹ ਤਾਰੀਖ ਹੀ ਦਰਜ ਹੈ, "1765 ਬਿਕ੍ਰਮੀ, ਕੱਤਕ ਸੁਦੀ ਦੂਜ ਨੂੰ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ, ਪੰਜਾਂ ਸਿੰਘਾਂ ਨੂੰ ਤਾਬਿਆ ਖੜੇ ਕਰਕੇ ਆਪ ਜੀ ਨੇ ਸਾਰੇ ਪੰਥ ਨੂੰ ਆਗਿਆ ਕੀਤੀ"।

ਦੂਜੇ ਪਾਸੇ ਦਮਦਮੀ ਟਕਸਾਲ ਦੀ ਵੈਬ ਸਾਈਟ ਉੱਪਰ, "Just before His departure from the world on the7thof October 1708 Guru Sahib installed Sri Guru Granth Sahib Ji as the Sikhs final and everlasting Guru" ਲਿਖਿਆ ਮਿਲਦਾ ਹੈ।

ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਕਰਨਲ ਸੁਰਜੀਤ ਸਿੰਘ ਨਿਸ਼ਾਨ ਅਤੇ ਡਾ ਹਰਜਿੰਦਰ ਸਿੰਘ ਦਿਲਗੀਰ ਵੀ ਇਕ ਮੱਤ ਨਹੀਂ ਹਨ। ਕਰਨਲ ਨਿਸ਼ਾਨ ਦਾ ਮੱਤ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਕੱਤਕ ਸੁਦੀ 2 (4 ਅਕਤੂਬਰ 1708 ਈ:) ਨੂੰ ਅਤੇ ਡਾ ਹਰਜਿੰਦਰ ਸਿੰਘ ਦਿਲਗੀਰ ਦਾ ਮੱਤ ਹੈ ਗੁਰੂ ਗ੍ਰੰਥ ਸਾਹਿਬ ਦੀ ਸਿੱਖਾਂ ਲਈ ਸਦੀਵੀ ਗੁਰੂ ਦੀ ਸਥਾਪਨਾ, 6 ਗੋਬਿੰਦ ਸਿੰਘ ਮਾਹ, 1708, ਸੰਗਤ ਦਿਨ (6 ਅਕਤੂਬਰ 1708 ਈ) ਨੂੰ ਕੀਤੀ ਗਈ ਸੀ।6 ਗੋਬਿੰਦ ਸਿੰਘ ਮਾਹ, ਸੰਗਤ ਦਿਨ (6 ਅਕਤੂਬਰ) ਮੁਤਾਬਕ ਇਹ ਕੱਤਕ ਸੁਦੀ 4 ਬਣਦੀ ਹੈ।

"ਅੰਤ 6 ਅਕਤੂਬਰ ਸੰਨ 1708 , ਦੱਖਣ ਸ੍ਰੀ ਨਾਦੇੜ ਸਾਹਿਬ ਦੇ ਸਥਾਨ ਤੇ ਦਸਮੇਸ਼ ਜੀ ਨੇ ਇਕ ਵਿਸ਼ੇਸ਼ ਸਮਾਗਮ ਕੀਤਾ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਪਿਆਰਿਆਂ ਨੂੰ ਖੜਾ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਮੱਥਾ ਟੇਕ ਦਿੱਤਾ"। (ਸ੍ਰੀ ਗੁਰੂ ਗੋਬਿੰਦ ਸਿੰਘ, ਸੰਪਾਦਕ ਡਾ ਸਰਬਜਿੰਦਰ ਸਿੰਘ, ਪੰਨਾ 10)

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ-ਨੰਦੇੜ (ਸਚ ਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ) ਕੱਤਕ ਸੁਦੀ ਚੌਥ ਸੰਮਤ 1765 ਬੁਧਵਾਰ"। (ਗਿਆਨੀ ਹਰਬੰਸ ਸਿੰਘ, ਭਾਗ ਪਹਿਲਾ, ਪੰਨਾ 4)

"ਜਗਤ ਹਿਤਕਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਚਖੰਡ ਪਿਆਨਾ ਕਰਨ ਤੋਂ ਪਹਿਲਾਂ ਅਕਤੂਬਰ 6,1708 ਵਾਲੇ ਦਿਨ ਨਾਦੇੜ (ਸੱਚਖੰਡ ਹਜ਼ੂਰ ਸਾਹਿਬ) ਵਿਖੇ ਅੰਮ੍ਰਿਤ ਵੇਲੇ ਇਕ ਵਿਸ਼ੇਸ਼ ਦਿਵਾਨ ਸਜਾ ਕੇ ਦਮਦਮੀ ਬੀੜ ਦੇ ਸਨਮੁਖ ਪੰਜ ਪੇਸੇ ਅਤੇ ਨਾਰੀਅਲ ਭੇਟ ਕਰਕੇ ਫ਼ੁਰਮਾਇਆ ਕਿ ਮੇਰਾ ਹੁਕਮ ਹੈ, ਮੇਰੀ ਜਗ੍ਹਾਸ੍ਰੀ ਗ੍ਰੰਥ ਸਾਹਿਬ ਜੀ ਨੂੰ ਜਾਨਣਾ"। (ਆਰੰਭਿਕ ਸ਼ਬਦ-ਸ੍ਰੀ ਗੁਰੂ ਗ੍ਰੰਥ ਪਰਿਚਯ, ਡਾ ਰਤਨ ਸਿੰਘ ਜੱਗੀ) ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਦਿਵਸ ਦੀ ਤਾਰੀਖ, ਕੱਤਕ ਸੁਦੀ ਦੂਜ (4 ਅਕਤੂਬਰ) ਅਤੇ ਕੱਤਕ ਸੁਦੀ ਚੌਥ (6 ਅਕਤੂਬਰ) ਲਿਖਣ/ ਮੰਨਣ ਵਾਲੇ ਲੇਖਕਾਂ ਦੀ ਸੂਚੀ ਵਿੱਚ ਹੋਰ ਵਾਧਾ ਵੀ ਕੀਤਾ ਜਾ ਸਕਦਾ ਹੈ, ਪਰ ਸਾਡਾ ਮਕਸਦ ਇਨ੍ਹਾਂ ਦੋਵਾਂ ਤਾਰੀਖਾਂ ਵਿੱਚੋਂ ਸਹੀ ਤਾਰੀਖ ਦੀ ਪੜਤਾਲ ਕਰਨਾ ਹੈ। ਇਸ ਤਾਰੀਖ ਸਬੰਧੀ ਜਾਣਕਾਰੀ ਦਾ ਮੂਲ ਸਰੋਤ ਭੱਟ ਵਹੀਆਂ ਹਨ।

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦਿੱਤੀ ਜਾਣ ਦੀ ਮੌਕੇ ਦੀ ਗਵਾਹੀ ਵੀ ਭੱਟ ਵਹੀਆਂ ਤੋਂ ਮਿਲਦੀ ਹੈ। ਕੇਸੋ ਸਿੰਘ ਦਾ ਪੁੱਤਰ ਭੱਟ ਨਰਬਦ ਸਿੰਘ, ਉਸ ਸਮੇਂ ਨੰਦੇੜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਸੀ। ਉਸ ਨੇ ਆਪਣੇ ਹੱਥੀਂ ਵਹੀ ਵਿਚ ਇੰਦਰਾਜ ਕੀਤਾ; ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ, ਪੜਪੋਤਾ ਗੁਰੂ ਅਰਜਨ ਜੀ ਕਾ, ਬੰਸ ਗੁਰੂ ਰਾਮਦਾਸ ਜੀ ਦੀ, ਸੂਰਜਬੰਸੀ, ਗੋਸਲ ਗੋਤ੍ਰਾ ਸੋਢੀ ਖਤ੍ਰੀ ਬਾਸੀ ਮਾਖੋਆਲ, ਪ੍ਰਗਨਾ ਕਾਹਿਲੂਰ ਸੰਮਤ ਸਤ੍ਰਾਂ ਸੈ ਪੈਂਸਠ ਕਾਰਤਕ ਮਾਂਹ ਕੀ ਚਉਥ, ਸ਼ੁਕਲਾ ਪਖੇ ਬੁਧਵਾਰ ਕੇ ਦਿਹੁ ਦੈਆ ਸਿੰਘ ਕੋ ਬਚਨ ਹੋਆ: ਗ੍ਰੰਥ ਸਾਹਿਬ ਲੇ ਆਓ। ਬਚਨ ਪਾਏ ਦੈਆ ਸਿੰਘ ਗ੍ਰੰਥ ਸਾਹਿਬ ਲੇ ਆਏ"। (ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਸੰਪਾਦਕ ਗੁਰਮੁਖ ਸਿੰਘ, ਪੰਨਾ 19)

"ਗੁਰੂ ਗੋਬਿੰਦ ਸਿੰਘ ਮਹਲ ਦਸਮਾ ਬੇਟਾ ਗੁਰੂ ਤੇਗ ਬਹਾਦੁਰ ਕਾ ।।। ਸੰਬਤ ਸਤ੍ਰਾਂ ਸੇ ਪੈਸਠ ਕਾਰਤਕ ਮਾਸ ਕੀ ਚਉਥਸੁਕਲਾ ਪਖੇ ਬੂਦਵਾਰ ਕੇ ਦਿਹੁ।ਦੈਆ ਸਿੰਘ ਸੇ ਬਚਨ ਹੋਆ ਸ੍ਰੀ ਗ੍ਰੰਥ ਸਾਹਿਬ ਲੈ ਆਓ। ਬਚਨ ਪਾਇ ਦਿਆ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ"। (ਉਹੀ, ਪੰਨਾ 209)

ਭੱਟ ਵਹੀਆਂ ਦੀ ਸਪੱਸ਼ਟ ਗਵਾਹੀ ਹੋਣ ਦੇ ਬਾਵਜੂਦ ਵੀ ਅਸੀਂ, ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਹਾੜੇ ਦੀ ਤਾਰੀਖ ਬਾਰੇ ਸਹਿਮਤੀ ਕਿਉ ਨਹੀਂ ਬਣਾ ਸਕੇ? ਭੱਟ ਨਰਬਦ ਸਿੰਘ, ਜੋ ਉਸ ਸਮੇਂ ਨੰਦੇੜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਸੀ, ਲਿਖਦਾ ਹੈ, "ਸੰਮਤ ਸਤ੍ਰਾਂ ਸੈ ਪੈਂਸਠ ਕਾਰਤਕ ਮਾਂਹ ਕੀ ਚਉਥ, ਸ਼ੁਕਲਾ ਪਖੇ ਬੁਧਵਾਰ ਕੇ ਦਿਹੁ"। ਕੀ ਸ਼੍ਰੋਮਣੀ ਕਮੇਟੀ ਅਗਲੇ ਸਾਲ ਦਾ (ਸੰਮਤ 556 ਨਾਨਕਸ਼ਾਹੀ) ਕੈਲੰਡਰ ਛਾਪਣ ਤੋਂ ਪਹਿਲਾ-ਪਹਿਲਾ ਇਸ ਤਾਰੀਖ ਬਾਰੇ ਕੋਈ ਠੋਸ ਨਿਰਣਾ ਲਵੇਗੀ?

## 15 ਨਵੰਬਰ ਸ਼ਹੀਦੀ ਦਿਨ

# ਸ਼ਹੀਦ ਬਾਬਾ ਦੀਪ ਸਿੰਘ

ਰਮੇਸ਼ ਬੱਗਾ ਚੋਹਲਾ
91-94631-32719



ਸ਼ਹੀਦ ਉਸ ਕੌਮ ਦਾ ਸਰਮਾਇਆ ਅਤੇ ਉਸ ਮਿੱਟੀ ਦਾ ਮਾਣ ਹੁੰਦੇ ਹਨ, ਜਿਸ ਵਿੱਚ ਉਨ੍ਹਾਂ ਦਾ ਜਨਮ ਹੁੰਦਾ ਹੈ। ਉਹ ਕੌਮਾਂ ਵੀ ਧੰਨਤਾ ਦੇ ਯੋਗ ਹੁੰਦੀਆਂ ਹਨ, ਜਿਹੜੀਆਂ ਆਪਣੇ ਪੁਰਖਿਆਂ ਦੀਆ ਘਾਲਣਾਵਾਂ ਨੂੰ ਅਕਸਰ ਚਿੱਤਵਦੀਆਂ ਰਹਿੰਦੀਆਂ ਹਨ।ਕਿਸੇ ਸ਼ਾਇਰ ਦਾ ਕਥਨ ਹੈ: ਉਸ ਕੌਮ ਨੂੰ ਸਮਾਂ ਨਹੀਂ ਮੁਆਫ ਕਰਦਾ ,ਜਿਹੜੀ ਮੁੱਲ ਨਾ ਤਾਰੇ ਕੁਰਬਾਨੀਆਂ ਦਾ।

ਸ਼ਹੀਦ ਅਤੇ ਸ਼ਹਾਦਤ ਅਰਬੀ ਜ਼ਬਾਨ ਦੇ ਸ਼ਬਦ ਹਨ। ਸ਼ਹਾਦਤ ਦਾ ਸ਼ਬਦੀ ਅਰਥ ਗਵਾਹੀ ਦੇਣੀ ਜਾਂ ਸਾਖੀ ਭਰਨੀ ਹੁੰਦਾ ਹੈ। ਇਸ ਤਰ੍ਹਾਂ ਸ਼ਹੀਦ ਕਿਸੇ ਕੌਮ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਦੇ ਸਦੀਵੀ ਅਤੇ ਸੱਚੇ ਗਵਾਹ ਹੁੰਦੇ ਹਨ।

ਦੀਨ ਦੁਖੀਆਂ ਦੀ ਰਖਵਾਲੀ, ਸਤਿ ਧਰਮ ਤੇ ਮਨੁੱਖਤਾ ਦੀ ਖਾਤਰ ਸਮੇਂ-ਸਮੇਂ ਦੇਸ਼ ਕੌਮ ਅਤੇ ਸਮਾਜ ਉਪਰ ਆਏ ਸੰਕਟਾਂ ਦਾ ਖਿੜੇ ਮੱਥੇ ਸਵਾਗਤ ਕਰਨਾ, ਇਨ੍ਹਾਂ ਸੰਕਟਾਂ ਦਾ ਡੱਟ ਕੇ ਮੁਕਾਬਲਾ ਕਰਨਾ, ਇਸ ਮੁਕਾਬਲੇ ਨੂੰ ਕਿਸੇ ਨਿਰਣਾਇਕ ਮੋੜ ਤੇ ਲੈ ਜਾਣ ਤੱਕ ਆਪਣੇ ਕਦਮ ਪਿਛਾਂਹ ਨਾ ਪੁੱਟਣੇ ਅਤੇ ਆਪਣੇ ਮਨੋਰਥ ਦੀ ਸਿੱਧੀ ਲਈ ਆਪਾ ਤੱਕ ਵਾਰ ਦੇਣਾ ਹੀ ਸ਼ਹੀਦਾਂ ਦੀ ਪਹਿਚਾਣ ਹੁੰਦੀ ਹੈ । ਇਹ ਪਹਿਚਾਣ ਮੌਤ ਦੀਆ ਵਾਦੀਆਂ ਵਿੱਚੋ ਲੰਘ ਕੇ ਹੀ ਕਰਵਾਈ ਜਾ ਸਕਦੀ ਹੈ। ਕਿਉਂਕਿ :-

ਸੂਰਾ ਸੋ ਪਹਿਚਾਨੀਐ ਜੁ ਲਰੇ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੇ ਕਬਹੁ ਨ ਛਾਡੈ ਖੇਤ ॥

ਇਸ ਤਰ੍ਹਾਂ ਸ਼ਹੀਦ ਦੀ ਆਤਮਾ ਨਿਰਮਲ ਅਤੇ ਉਦੇਸ਼ ਸ਼ਪਸ਼ਟ ਹੁੰਦਾ ਹੈ, ਜਿਸ ਨੂੰ ਭਾਈ ਗੁਰਦਾਸ ਜੀ ਇਸ ਤਰ੍ਹਾਂ ਤਸਦੀਕ ਕਰਦੇ ਹਨ:-

ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ॥

ਸ਼ਹੀਦ ਫੌਲਾਦੀ ਇਰਾਦੇ ਦਾ ਮਾਲਕ ਹੁੰਦਾ ਹੈ, ਜਿਸ ਦੇ ਵਿਚਾਰਾਂ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੇ ਇਰਾਦੇ ਅਤੇ ਵਿਚਾਰਾਂ ਦੀ ਮਲਕੀਅਤ ਰੱਖਣ ਵਾਲੇ ਸਨ ਬਾਬਾ ਦੀਪ ਸਿੰਘ ਜੀ ਸ਼ਹੀਦ। ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ (ਹੁਣ ਤਰਨ ਤਾਰਨ) ਦੀ ਤਹਿਸੀਲ ਪੱਟੀ ਦੇ ਪਿੰਡ ਪਹੂਵਿੰਡ ਵਿਖੇ ਰਹਿਣ ਵਾਲੇ ਇਕ ਸਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਮ ਬਾਲਕਾਂ ਵਾਂਗ ਬਾਬਾ ਜੀ ਦੇ ਬਚਪਨ ਦਾ ਨਾਮ ਵੀ ਦੀਪਾ ਰੱਖਿਆ ਗਿਆ। ਜਦੋਂ ਦੀਪੇ ਦੀ ਉਮਰ 18 ਸਾਲ ਦੀ ਹੋਈ ਤਾਂ ਉਹ ਆਪਣੇ ਮਾਤਾ-ਪਿਤਾ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਗਿਆ। ਕੁੱਝ ਦਿਨ ਰਹਿ ਕੇ ਦੀਪੇ ਦੇ ਮਾਤਾ-ਪਿਤਾ ਤਾਂ ਵਾਪਸ ਪਿੰਡ ਪਹੂਵਿੰਡ ਆ ਗਏ ਪਰ ਦੀਪਾ ਇੱਥੇ ਹੀ ਰਹਿ ਪਿਆ। ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਦੀਪੇ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਮੋੜ ਆ ਗਿਆ ਅਤੇ ਉਹ ਦੀਪੇ ਤੋ ਦੀਪ ਸਿੰਘ ਬਣ ਗਿਆ ।

ਸ੍ਰੀ ਅਨੰਦਪੁਰ ਸਾਹਿਬ ਰਹਿ ਕੇ ਦੀਪ ਸਿੰਘ ਨੇ ਸ਼ਸਤਰ ਤੇ ਸ਼ਾਸਤਰ ਵਿਦਿਆ ਵਿਚ ਬਰਾਬਰੀ ਨਾਲ ਮੁਹਾਰਤ ਹਾਸਲ ਕਰ ਲਈ। 20-22 ਸਾਲ ਦੀ ਉਮਰ ਤੱਕ ਦੀਪ ਸਿੰਘ ਨੇ ਜਿੱਥੇ ਭਾਈ ਮਨੀ ਸਿੰਘ ਵਰਗੇ ਉਸਤਾਦ ਕੋਲੋਂ ਗੁਰਬਾਣੀ ਦਾ ਚੋਖਾ ਗਿਆਨ ਹਾਸਲ ਕਰ ਲਿਆ ਉੱਥੇ ਉਹ ਇੱਕ ਨਿਪੁੰਨ ਸਿਪਾਹੀ ਵੀ ਬਣ ਗਿਆ। ਕੁੱਝ ਸਮੇਂ ਬਾਅਦ ਦੀਪ ਸਿੰਘ ਆਪਣੇ ਪਿੰਡ ਪਹੂਵਿੰਡ ਆ ਗਿਆ।ਪਿੰਡ ਆ ਕੇ ਉਸ ਨੇ ਆਸ-ਪਾਸ ਦੇ ਇਲਾਕੇ ਵਿਚ ਧਰਮ ਪ੍ਰਚਾਰ ਦੇ ਕਾਰਜ ਨੂੰ ਬੜੀ ਹੀ ਲਗਨ ਅਤੇ ਸ਼ਰਧਾ-ਭਾਵਨਾ ਨਾਲ ਕਰਨਾ ਆਰੰਭ ਕਰ ਦਿੱਤਾ, ਜਿਸ ਦਾ ਨੌਜਵਾਨ ਤਬਕੇ 'ਤੇ ਬਹੁਤ ਹੀ ਸਾਰਥਿਕ ਅਤੇ ਸੁਚੱਜਾ ਪ੍ਰਭਾਵ ਪੈਣ ਲੱਗਾ।

ਜਦੋਂ ਦਸਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ ਵਿਉਂਤਬੰਦੀ ਕੀਤੀ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੇ ਨਾਲ-ਨਾਲ ਬਾਬਾ ਦੀਪ ਸਿੰਘ ਦਾ ਵੀ ਭਰਪੂਰ ਸਹਿਯੋਗ ਲਿਆ।ਬਾਬਾ ਜੀ ਤੋਂ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਵਾਉਣ ਦੀ ਸੇਵਾ ਲਈ ਗਈ।ਬਾਬਾ ਦੀਪ ਸਿੰਘ ਨੇ ਸ੍ਰੀ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕਰਕੇ ਚਾਰੇ ਤਖਤਾਂ ਨੂੰ ਭੇਜੇ।ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਪੂਰਨ ਰੂਪ ਵਿੱਚ ਬਾਬਾ ਜੀ ਨੂੰ ਸੌਂਪ ਦਿੱਤੀ। ਇਸ ਜ਼ਿੰਮੇਵਾਰੀ ਨੂੰ ਬਾਬਾ ਦੀਪ ਸਿੰਘ ਨੇ ਬੜੀ ਹੀ ਤਨਦੇਹੀ ਅਤੇ ਸਿਦਕਦਿਲੀ ਨਾਲ ਨਿਭਾਇਆ।

1709 ਈ: ਵਿੱਚ ਜਦੋਂ ਬੰਦਾ ਸਿੰਘ ਬਹਾਦਰ ਵੱਲੋਂ ਜ਼ਾਲਮਾਂ ਵੱਲੋਂ ਕੀਤੀਆਂ ਗਈਆਂ ਧੱਕੇਸ਼ਾਹੀਆਂ ਦਾ ਹਿਸਾਬ ਚੁੱਕਤਾ ਕਰਨ ਲਈ ਪੰਜਾਬ ਨੂੰ ਮੁਹਾਰਾਂ ਮੋੜੀਆਂ ਤਾਂ ਬਾਬਾ ਦੀਪ ਸਿੰਘ ਨੇ ਸੈਂਕੜੇ ਮਰਜੀਵੜਿਆਂ ਦੀ ਫੌਜ ਨਾਲ ਲੈ ਕੇ ਉਨ੍ਹਾਂ ਦਾ ਡੱਟਵਾਂ ਸਾਥ ਦਿੱਤਾ। ਇਸ ਸਾਥ ਸਦਕਾ ਹੀ ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਬਾਬਾ ਜੀ ਵੱਲੋਂ ਇਸ ਜੰਗ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਕਾਰਨ ਹੀ ਉਨ੍ਹਾਂ ਨੂੰ ਜਿੰਦਾ ਸ਼ਹੀਦ ਦੇ ਖਿਤਾਬ ਨਾਲ ਨਿਵਾਜ਼ਿਆ ਜਾਂਦਾ ਹੈ। ਬਾਬਾ ਦੀਪ ਸਿੰਘ ਜੀ ਸ਼ਹੀਦੀ ਮਿਸਲ ਦੇ ਜੱਥੇਦਾਰ ਵੀ ਸਨ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ ਤੇ ਕਈ ਹਮਲੇ ਕੀਤੇ।ਇਨ੍ਹਾਂ ਹਮਲਿਆਂ ਦੌਰਾਨ ਉਸ ਦੀਆਂ ਫੌਜਾਂ ਦਾ ਰਾਹ ਰੋਕਣ ਵਾਲੇ ਸਿੱਖਾਂ ਤੋਂ ਉਹ ਬਹੁਤ ਪ੍ਰੇਸ਼ਾਨ ਅਤੇ ਦੁਖੀ ਸੀ। ਆਪਣੀ ਪ੍ਰੇਸ਼ਾਨੀ ਅਤੇ ਦੁੱਖ ਨੂੰ ਘੱਟ ਕਰਨ ਭਾਵ ਸਿੱਖੀ ਦਾ ਖੁਰਾ ਖੋਜ ਮਿਟਾਉਣ ਲਈ ਉਸ ਨੇ ਆਪਣੇ ਪੁੱਤਰ ਤੈਮੂਰ ਨੂੰ ਪੰਜਾਬ ਦਾ ਗਵਰਨਰ ਥਾਪ ਦਿੱਤਾ ਅਤੇ ਉਸ ਦੇ ਸਹਿਯੋਗ ਲਈ ਇੱਕ ਜਾਲਮ ਸੁਭਾਅ ਤੇ ਸੈਨਾਪਤੀ ਜਹਾਨ ਖਾਂ ਦੀ ਨਿਯੁਕਤੀ ਕਰ ਦਿੱਤੀ। ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿੱਚ ਪਵਿੱਤਰ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਹੋਂਦ ਕਾਇਮ ਹੈ,ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਨ੍ਹਾਂ ਦੋਹਾਂ ਸੋਮਿਆ ਤੋਂ ਉਨ੍ਹਾਂ ਨੂੰ ਨਵਾਂ ਜੀਵਨ ਅਤੇ ਉਤਸ਼ਾਹ ਮਿਲਦਾ ਹੈ। 1760 ਈ. ਵਿੱਚ ਜਹਾਨ ਖਾਂ ਨੇ ਅੰਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਲਿਆ। ਇਸ ਮੁਕਾਮ ਦੌਰਾਨ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ।

ਜਦੋਂ ਜਹਾਨ ਖਾਂ ਦੀ ਇਸ ਵਧੀਕੀ ਦੀ ਖ਼ਬਰ ਜਥੇਦਾਰ ਭਾਗ ਸਿੰਘ ਨੇ ਤਲਵੰਡੀ ਸਾਬੋ ਵਿਖੇ ਆ ਕਾ ਬਾਬਾ ਦੀਪ ਸਿੰਘ ਨੂੰ ਦਿੱਤੀ ਤਾਂ ਉਨ੍ਹਾਂ ਦਾ ਖ਼ੂਨ ਉਬਾਲੇ ਖਾਣ ਲੱਗਾ। ਅਰਦਾਸਾ ਸੋਧ ਕੇ ਬਾਬਾ ਜੀ ਨੇ 18 ਸੇਰ ਦਾ ਖੰਡਾ ਉਠਾ ਲਿਆ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦਿੱਤੇ।

ਦਮਦਮਾ ਸਾਹਿਬ ਤੋਂ ਚੱਲਣ ਸਮੇਂ ਉਨ੍ਹਾਂ ਨਾਲ ਕੁਝ ਗਿਣਤੀ ਦੇ ਹੀ ਸਿੰਘ ਸਨ ਪਰ ਰਸਤੇ ਵਿੱਚ ਜੱਥੇਦਾਰ ਗੁਰਬਖ਼ਸ਼ ਸਿੰਘ ਆਨੰਦਪੁਰੀ ਵੀ ਆ ਰਲਿਆ।ਚੱਲਦਿਆਂ-ਚਲਦਿਆਂ ਕਾਫ਼ਲਾ ਵੱਧਦਾ ਗਿਆ। ਬਾਬਾ ਜੀ ਨੇ ਇਸ ਢੰਗ ਨਾਲ ਵੰਗਾਰਿਆ ਕਿ ਤਰਨਤਾਰਨ ਤੱਕ ਪਹੁੰਚ ਕੇ ਲਾੜੀ ਮੌਤ ਨੂੰ ਵਰਨ ਜਾ ਰਹੇ ਸਿੰਘਾਂ ਦੀ ਗਿਣਤੀ ਸੈਕੜਿਆਂ ਤੋਂ ਹਜਾਰਾਂ ਤੱਕ ਪਹੁੰਚ ਗਈ। ਇੱਥੇ ਆ ਕੇ ਬਾਬਾ ਜੀ ਨੇ ਆਪਣੇ ਖੰਡੇ ਨਾਲ ਇੱਕ ਲਕੀਰ ਵਾਹ ਦਿਤੀ ਤੇ ਕਿਹਾ ਕਿ "ਜਿਸ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੈ ਉਹ ਟੱਪ ਜਾਵੇ ਅਤੇ ਜਿਸ ਨੂੰ ਮੌਤ ਤੋਂ ਡਰ ਲੱਗਦਾ ਹੈ ਉਹ ਪਿਛਾਂਹ ਹੱਟ ਜਾਵੇ"। ਪਰ ਜਿਹੜਾ ਵੀ ਕਾਫ਼ਲਾ ਹੁਣ ਤੱਕ ਬਾਬਾ ਜੀ ਨਾਲ ਜੁੜ ਚੁੱਕਿਆ ਸੀ ਉਹ ਸਾਰਾ ਹੀ ਸ਼ਹੀਦੀਆਂ ਦਾ ਚਾਅ ਲੈ ਕੇ ਆਇਆ ਸੀ। ਇਸ ਕਰਕੇ ਸਾਰਾ ਕਾਫ਼ਲਾ ਹੀ ਲਕੀਰ ਪਾਰ ਕਰ ਗਿਆ ਅਤੇ ਬਾਬਾ ਜੀ ਨੇ ਖ਼ੁਸ਼ੀ ਵਿੱਚ ਜੈਕਾਰਾ ਛੱਡ ਦਿੱਤਾ।

ਦੂਜੇ ਪਾਸੇ ਜਹਾਨ ਖਾਂ ਨੂੰ ਜਦੋਂ ਬਾਬਾ ਜੀ ਦੇ ਕਾਫ਼ਲੇ ਦੀ ਅੰਮ੍ਰਿਤਸਰ ਵੱਲ ਆਉਣ ਦੀ ਖ਼ਬਰ ਮਿਲੀ ਤਾਂ ਉਸ ਨੇ ਆਪਣੇ ਇੱਕ ਜਰਨੈਲ ਅਤਈ ਖਾਂ ਦੀ ਅਗਵਾਈ ਵਿੱਚ ਇੱਕ ਵੱਡੀ ਫ਼ੌਜ ਸਿੰਘਾਂ ਦਾ ਰਾਹ ਰੋਕਣ ਲਈ ਭੇਜ ਦਿੱਤੀ। ਗੋਹਲਵੜ ਨੇ ਸਥਾਨ 'ਤੇ ਲਹੂ ਡੋਲਵੀਂ ਲੜਾਈ ਹੋਈ। ਸਿੰਘਾਂ ਦੇ ਜੈਕਾਰਿਆਂ ਅਤੇ ਲਲਕਾਰਿਆਂ ਨਾਲ ਅਫ਼ਗਾਨੀ ਫ਼ੌਜਾਂ ਦੇ ਹੌਂਸਲੇ ਪਸਤ ਹੋਣ ਲੱਗੇ ਅਤੇ ਉਹ ਪਿਛਲਖ਼ੁਰੀ ਹੋਣ ਲੱਗੀਆਂ ।

ਇਸ ਸਮੇਂ ਦੌਰਾਨ ਯਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਬਾਬਾ ਦੀਪ ਸਿੰਘ ਜੀ ਨਾਲ ਮੁਕਾਬਲੇ 'ਤੇ ਆ ਗਏ।ਯਕੂਬ ਖਾਂ ਅਤੇ ਬਾਬਾ ਜੀ ਵਿਚਲੇ ਫਸਵੀਂ ਟੱਕਰ ਹੋਈ ਪਰ ਯਕੂਬ ਖਾਂ ਬਾਬਾ ਜੀ ਦੇ ਵਾਰ ਦੀ ਤਾਬ ਨਾ ਝੱਲ ਸਕਿਆ।ਯਕੂਬ ਖਾਂ ਨੂੰ ਢੇਰੀ ਹੁੰਦਿਆਂ ਦੇਖ ਕੇ ਇੱਕ ਹੋਰ ਅਫ਼ਗਾਨੀ ਜਵਾਨ ਅਸਮਾਨ ਖਾਂ ਵੀ ਮੈਦਾਨ-ਏ-ਜੰਗ ਵਿਚ ਆ ਨਿੱਤਰਿਆ।ਦੋਹਾਂ ਦੇ ਸਾਂਝੇ ਵਾਰ ਨਾਲ ਬਾਬਾ ਜੀ ਦਾ ਸੀਸ ਧੜ ਨਾਲੋਂ ਵੱਖ ਹੋ ਗਿਆ।

ਨਾਲ ਦੇ ਇੱਕ ਸਿੰਘ ਨੇ ਜਦੋਂ ਬਾਬਾ ਦੀਪ ਸਿੰਘ ਨੂੰ ਅਰਦਾਸ ਸਮੇਂ ਕੀਤਾ ਹੋਇਆ ਪ੍ਰਣ ਯਾਦ ਕਰਵਾਇਆ ਤਾਂ ਉਹ ਕੱਟੇ ਹੋਏ ਸੀਸ ਨੂੰ ਆਪਣੇ ਖੱਬੇ ਹੱਥ ਦਾ ਆਸਰਾ ਦੇ ਕੇ ਸੱਜੇ ਹੱਥ ਵਿਚ ਫੜੇ ਹੋਏ ਖੰਡੇ ਨਾਲ ਦੁਸ਼ਮਣਾਂ ਦੇ ਆਹੂ ਲਾਹੁਣ ਲੱਗ ਪਏ।ਆਪਣੇ ਕੀਤੇ ਹੋਏ ਪ੍ਰਣ ਨੂੰ ਨਿਭਾਅ ਕੇ ਬਾਬਾ ਦੀਪ ਸਿੰਘ ਜੀ ਨੇ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਭੇਟ ਕਰ ਦਿੱਤਾ ਅਤੇ 11 ਨਵੰਬਰ 1760 ਈ. ਨੂੰ ਸ਼ਹਾਦਤ ਦਾ ਜਾਮ ਪੀ ਗਏ।

# ਸਮਾਜਵਾਦੀ ਪ੍ਰਬੰਧ ਹੀ ਬੁਢੇਪੇ ਦਾ ਜ਼ਾਮਨ !



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਸੰਯੁਕਤ ਰਾਸ਼ਟਰ ਜਨ-ਸੰਖਿਆ ਕੋਸ਼ ਦੀ ''ਇੰਡੀਆ ਇਜੇਇੰਗ ਰੀਪੋਰਟ ਸਤੰਬਰ 2023'' ਦੇ ਅਨੁਸਾਰ ਭਾਰਤ ਵਿੱਚ ਬਜ਼ੁਰਗਾਂ ਦੀ ਅਬਾਦੀ ਹਰ ਸਾਲ 4.1-ਫੀ ਸਦ ਦੀ ਦਰ ਨਾਲ ਵੱਧ ਰਹੀ ਹੈ। ਪਰ ! ਚਿੰਤਾ ਵਾਲੀ ਗੱਲ ਇਹ ਹੈ, ਕਿ ਅਗਲੇ ਕੁਝ ਸਾਲਾਂ ਵਿਚ ਭਾਰਤ ਦੇ ਬਜ਼ੁਰਗਾਂ ਦੀ ਗਿਣਤੀ ਦੀ ਅਨੁਪਾਤ ਵਿਚ ਵੱਡਾ ਵਾਧਾ ਹੋ ਜਾਵੇਗਾ ? ਬਜ਼ੁਰਗਾਂ ਦੀ 2046 ਤੱਕ ਦੀ ਅਬਾਦੀ 15 ਸਾਲ ਤੱਕ ਦੇ ਬੱਚਿਆਂ ਦੀ ਕੁੱਲ ਅਬਾਦੀ ਤੋਂ ਵੀ ਜ਼ਿਆਦਾ ਹੋਣ ਦਾ ਅਨੁਮਾਨ ਹੈ। ਇਸ ਰੀਪੋਰਟ ਦੇ ਮੁਤਾਬਿਕ ਬਜ਼ੁਰਗ ਇਸਤਰੀਆਂ ਦਾ ਇਕ ਵੱਡਾ ਹਿੱਸਾ ਬਿਨਾਂ ਕਿਸੇ ਆਮਦਨ ਜਾਂ ਮਾਲੀ ਸਾਧਨ ਤੋਂ ਵੀ ਜੀਅ ਰਿਹਾ ਹੋਵੇਗਾ ? ਜਿਸ ਨਾਲ ਉਨ੍ਹਾਂ ਦੇ ਜੀਵਨ ਅੰਦਰ ਰਹਿਣ-ਸਹਿਣ, ਸਿਹਤ 'ਤੇ ਦੇਖ-ਭਾਲ ਤੋਂ ਬਿਨਾਂ, ਹੋਰ ਵੀ ਮੁਸ਼ਕਲਾਂ ਖੜੀਆਂ ਹੋ ਜਾਣਗੀਆਂ। ਇਸੇ ਰੀਪੋਰਟ ਅਨੁਸਾਰ 40-ਫੀਸਦੀ ਤੋਂ ਜ਼ਿਆਦਾ ਬਜ਼ੁਰਗ ਮਾਲੀ ਸਹਾਇਤਾ 'ਤੇ ਜਾਇਦਾਦ ਦੇ ਮਾਮਲੇ ਵਿਚ ਹੋਰ ਗਰੀਬੀ ਨਾਲ ਦਿਨ ਕੱਟ ਰਹੇ ਹੋਣਗੇ। ਤਕਰੀਬਨ 18।7-ਫੀ ਸੱਦ ਬਜ਼ੁਰਗਾਂ ਦੇ ਕੋਲ ਆਮਦਨ ਦਾ ਕੋਈ ਸਾਧਨ ਜਾਂ ਜ਼ਰੀਆ ਵੀ ਨਹੀ ਹੋਵੇਗਾ। ਖਾਸ ਕਰਕੇ! ਵਿਧਵਾ ਹੋਣ 'ਤੇ ਇਸਤਰੀਆਂ ਦੇ ਇਕਲਾਪੇ ਦੌਰਾਨ ਪ੍ਰੀਵਾਰ 'ਤੇ ਨਿਰਭਰ ਰਹਿਣ ਲਈ ਉਹਨਾਂ ਨੂੰ ਬਹੁਤ ਹੀ ਮਜਬੂਰ ਹੋਣਾ ਪਏਗਾ ?

ਬਜ਼ੁਰਗ ਇਸਤਰੀਆਂ ਲਈ ਸਰਕਾਰ ਵੱਲੋਂ ਭਾਵੇਂ ਨਿਗੂਣੀ ਜਿਹੀਆਂ ਆਰਥਿਕ ਸਹਾਇਤਾ ਵਾਲੀਆਂ ਸਰਕਾਰੀ ਯੋਜਨਾਵਾਂ ਬਣਾਈਆਂ ਗਈਆਂ ਹਨ। ਪਰ ! ਬਹੁਤ ਹੀ ਘੱਟ ਬਜ਼ੁਰਗ ਇਸਤਰੀਆਂ ਨੂੰ ਇਨ੍ਹਾਂ ਸਰਕਾਰੀ ਯੋਜਨਾਵਾਂ ਦਾ ਇਹ ਲਾਭ ਮਿਲਦਾ ਹੈ। ਵੈਸੇ ਬਜ਼ੁਰਗਾਂ ਲਈ ਤਿੰਨ ਸਰਕਾਰੀ ਸਕੀਮਾਂ (ਯੋਜਨਾਵਾਂ) ਹਨ, ਜਿਵੇਂ ''ਇੰਦਰਾ ਗਾਂਧੀ ਨੈਸ਼ਨਲ ਸਕੀਮ ਅਤੇ ਅੰਨ-ਪੂਰਣ ਸਕੀਮ।'' ਪਰ! ਇਨਾਂ ਵਿੱਚ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੀਆਂ ਸਿਰਫ਼ 24-ਫੀ ਸੱਦ ਵਿਧਵਾਵਾਂ ਨੂੰ ਹੀ ਇੰਦਰਾ ਗਾਂਧੀ ਨੈਸ਼ਨਲ ਸਕੀਮ ਦਾ ਪੈਨਸ਼ਨ ਦਾ ਲਾਭ ਮਿਲਦਾ ਹੈ। 47-ਫੀ ਸੱਦ ਬਜ਼ੁਰਗ ਵਿਧਵਾਵਾਂ ਦਾ ਮੰਨਣਾ ਹੈ, 'ਕਿ ਇੰਦਰਾ ਗਾਂਧੀ ਨੈਸ਼ਨਲ ਵਿਧਵਾ ਪੈਨਸ਼ਨ ਸਕੀਮ ਦੇ ਲਈ ਉਹਨਾਂ ਨੂੰ ਯੋਗ ਹੀ ਨਹੀਂ ਠਹਿਰਾਇਆ ਜਾਂਦਾ ਹੈ ? 2011-21 ਦੇ ਦੌਰਾਨ ਭਾਰਤ ਵਿਚ 1000 ਬਜ਼ੁਰਗ ਮਰਦਾਂ ਦੇ ਮੁਕਾਬਲੇ ਇਸਤਰੀਆਂ ਦੀ ਗਿਣਤੀ ਜ਼ਿਆਦਾ ਹੈ (ਸੋਰਸ ਯੂ.ਐਨ.ਐਫ਼.ਪੀ.ਏ. ਇੰਡੀਆ ਇਜੇਇੰਗ ਰੀਪੋਰਟ 2023)

ਇਸ ਰੀਪੋਰਟ ਮੁਤਾਬਿਕ ਬਜ਼ੁਰਗ ਮਰਦ 'ਤੇ ਇਸਤਰੀਆਂ ਦੀ ਗਿਣਤੀ ਸੰਸਾਰ ਅੰਦਰ 2050 ਤਕ ਹੋਰ ਜ਼ਿਆਦਾ ਹੋ ਜਾਵੇਗੀ ? ਭਾਰਤ ਵਿਚ ਜ਼ਿਆਦਾ ਜਿਊਣ ਵਾਲੇ ਉਮਰ ਦੇ ਲੋਕਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ। ਜਦ ਕਿ ਜਨਮ ਦਰ ਘੱਟ ਰਹੀ ਹੈ। ਇਸ ਨਾਲ ਦੇਸ਼ ਵਿਚ (ਬੁੱਢਿਆਂ) ਬਜ਼ੁਰਗਾਂ ਦੀ ਗਿਣਤੀ ਦਿਨੋ-ਦਿਨ ਵੱਧਣ ਵੱਲ ਵੱਧ ਰਹੀ ਹੈ। ਕਿਉਂਕਿ ਮਰਦਾਂ ਦੇ ਮੁਕਾਬਲੇ ਇਸਤਰੀਆਂ ਲੰਬੀ ਉਮਰ ਤੱਕ ਜਿਉਂਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਨਾਲ ਮਰਦਾਂ ਨਾਲੋਂ ਬਜ਼ੁਰਗ ਇਸਤਰੀਆਂ ਦੀ ਗਿਣਤੀ ਜ਼ਿਆਦਾ ਹੋ ਜਾਵੇਗੀ। ਇਹੋ ਜਿਹੇ ਹਲਾਤਾਂ ਵਿੱਚ ਭਾਰਤ ਵਰਗੇ ਗਰੀਬ ਦੇਸ਼ 'ਚ ਬਜ਼ੁਰਗ ਇਸਤਰੀਆਂ ਦੇ ਸਾਹਮਣੇ ਆਪਣੀ ਜ਼ਿੰਦਗੀ ਜਿਊਣ ਲਈ ਜ਼ਰੂਰੀ ਲੋੜਾਂ ਪੂਰੀਆਂ ਨਹੀਂ ਹੋ ਸਕਣਗੀਆਂ ਦਿਸ ਰਹੀਆਂ ਹਨ।

ਭਾਰਤ ਵਿੱਚ ਅਗਲੀ ਸਦੀ ਵਿਚ ਇਕ ਤਿਹਾਈ ਬਜ਼ੁਰਗਾਂ ਦੀ ਗਿਣਤੀ ਵੱਧਣ ਦੇ ਅਸਾਰ ਹਨ। 2100 ਤੱਕ ਭਾਰਤ ਦੀ ਕੁੱਲ ਜਨਸੰਖਿਆ ਵਿਚੋਂ 36-ਫੀ ਸੱਦ ਬਜ਼ੁਰਗ ਹਨ? ਇਸ ਸਮੇਂ 60-ਸਾਲ ਤੋਂ ਉੱਪਰ ਬਜ਼ੁਰਗਾਂ ਦੀ ਗਿਣਤੀ 10.4-ਕਰੋੜ ਹੈ। ਸਾਲ 2050 ਤੱਕ ਭਾਰਤੀ ਬਜ਼ੁਰਗਾਂ ਦੀ ਆਬਾਦੀ (ਗਿਣਤੀ) 56-ਫੀ ਸੱਦ ਹੋ ਜਾਵੇਗੀ। ਇਸੇ ਤਰ੍ਹਾਂ 60 ਅਤੇ 80 ਸਾਲ ਤੋਂ ਜਿਆਦਾ ਉਮਰ ਵਾਲੇ ਲੋਕਾਂ ਦੀ ਗਿਣਤੀ ਕਰਮਵਾਰ 326-ਫੀ ਸੱਦ ਅਤੇ 700-ਫੀ ਸੱਦ ਵੱਧੇਗੀ। ਇਸ ਸਮੇਂ 66 ਫੀ-ਸੱਦ ਬਜ਼ੁਰਗ ਜਾਂ ਤਾਂ ਇਸ ਸਮੇਂ ਗਰੀਬ ਹਨ ਜਾਂ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਤੇ ਗਰੀਬੀ ਵਿਚ ਦਿਨ ਕੱਟੀ ਕਰ ਰਹੇ ਹਨ। 39-ਫੀ ਸੱਦ ਜਾਂ ਤਾਂ ਬਹੁਤ ਹੀ ਗਰੀਬ ਹਨ ਤੇ ਜਾਂ ਫਿਰ ਗਰੀਬੀ ਤੋਂ ਵੀ ਹੇਠਾਂ ਦਾ ਜੀਵਨ ਬਤੀਤ ਕਰ ਰਹੇ ਹਨ। ਜਦਕਿ 60-ਫੀ ਸੱਦ ਬਜ਼ੁਰਗ ਦੁਰ- ਵਿਵਹਾਰ 'ਤੇ ਭਾਵਨਾਤਮਕ ਪੱਖੋਂ ਦੁੱਖੀ ਹਨ। (ਸੋਰਸ ਜਨ ਗਣਨਾ 2011 ਯੂਐਨਐਫਪੀਏ)

2021 ਵਿਚ 13.8 ਕਰੋੜ ਬਜ਼ੁਰਗ ਸਨ। ਜਿਸ ਵਿਚੋਂ 6.7 ਕਰੋੜ ਮਰਦ ਅਤੇ 7.1 ਕਰੋੜ ਇਸਤਰੀਆਂ ਦੀ ਅਬਾਦੀ ਸੀ ਅਤੇ 2031 ਤੱਕ 5.6 ਕਰੋੜ ਹੋਰ ਵੱਧਣ ਦੀ ਉਮੀਦ ਹੈ। 2021 ਵਿੱਚ ਬਜ਼ੁਰਗ ਅਬਾਦੀ ਦਾ ਸਲਾਨਾ ਵਾਧਾ 3.28-ਫੀ ਸੱਦ ਸੀ। ਰਾਜਾਂ ਵਿਚ (ਕੇਂਦਰ ਸ਼ਾਸਿਤ ਅਤੇ ਉੱਤਰ-ਪੂਰਬ ਨੂੰ ਛੱਡ ਕੇ) ਸਭ ਤੋਂ ਵੱਧ ਅਬਾਦੀ ਬਜ਼ੁਰਗਾਂ ਦੀ ਦਿੱਲੀ ਵਿਚ 6.60-ਫੀ ਸੱਦ, ਗੁਜਰਾਤ ਵਿੱਚ 4.88-ਫੀ ਸੱਦ, ਪੱਛਮੀ ਬੰਗਾਲ ਵਿਚ 4.27-ਫੀ ਸੱਦ ਸੀ। ਜਦ ਕਿ ਸਭ ਤੋਂ ਘੱਟ ਬਜ਼ੁਰਗਾਂ ਦੀ ਦਰ ਉਤਰ-ਪ੍ਰਦੇਸ਼ ਵਿਚ 2.16-ਫੀ ਸੱਦ, ਬਿਹਾਰ ਵਿੱਚ 2।8-ਫੀ ਸੱਦ ਅਤੇ ਮੱਧ-ਪ੍ਰਦੇਸ਼ ਵਿਚ 2.53-ਫੀ ਸੱਦ ਰਹੀ ਹੈ।



ਭਾਂਵੇ ! ਸਰਕਾਰ ਵਲੋਂ ''ਮੇਂਟੀਨੈਸ ਅਤੇ ਵੈਲਫੇਅਰ ਆਫ ਪੇਰੈਂਟਸ ਐਂਡ ਸੀਨੀਅਰ ਸਿਟੀਜਨ ਐਕਟ-2007'' ਬਣਿਆ ਹੋਇਆ ਹੈ, ਜਿਸ ਦੇ ਤਹਿਤ (ਅਧੀਨ) ਬਜ਼ੁਰਗਾਂ ਦੀ ਦੇਖਭਾਲ, ਰਹਿਣ ਸਹਿਣ 'ਤੇ ਖਾਣ-ਪੀਣ (ਭੋਜਨ) ਦਾ ਪ੍ਰਬੰਧ 'ਤੇ ਮੁੱਢਲੀਆਂ ਬੁਨਿਆਦੀ ਸਹੂਲਤਾਂ ਦੀ ਸਾਰੀ ਜਿੰਮੇਵਾਰੀ ਉਸ ਦੇ ਬੱਚਿਆਂ ਨੇ ਹੀ ਕਰਨੀ ਹੁੰਦੀ ਹੈ। ਪੁੱਤਰ, ਪੁਤਰੀ, ਚਾਹੇ ਬਜ਼ੁਰਗਾਂ ਦੀ ਆਪਣੀ ਔਲਾਦ ਹੋਵੇ, ਜਾਂ ਫਿਰ ਸੌਤੇਲੀ ਜਾਂ ਗੋਦ ਲਈ ਹੋਵੇ, ਇਹ ਨਿਯਮ ਉਨ੍ਹਾਂ 'ਤੇ ਵੀ ਲਾਗੂ ਹੁੰਦਾ ਹੈ। ਜੇਕਰ ਬੱਚੇ ਜਾਂ ਰਿਸ਼ਤੇਦਾਰ ਇਹ ਜੁੰਮੇਵਾਰੀ ਨਹੀਂ ਨਿਭਾਉਂਦੇ ਜਾਂ ਨਹੀਂ ਨਿਭਾ ਸਕਦੇ ਤਾਂ ਉਨਾਂ ਨੂੰ ਤਿੰਨ ਮਹੀਨੇ ਦੀ ਜੇਲ੍ਹ ਜਾਂ 5000 ਰੁਪਏ ਜੁਰਮਾਨਾ ਅਤੇ ਦੋਨੋ ਸਜ਼ਾਵਾਂ ਵੀ ਹੋ ਸਕਦੀਆਂ ਹਨ। ਜੇਕਰ ਬਜ਼ੁਰਗ ਭਾਂਵੇ ਆਪਣੀ ਸਾਰੀ ਜਾਇਦਾਦ ਬੱਚਿਆਂ 'ਤੇ ਰਿਸ਼ਤੇਦਾਰਾਂ ਦੇ ਨਾਂ ਟਰਾਂਸਫਰ ਕਰ ਦਿੱਤੀ 'ਤੇ ਹੁਣ ਬਜ਼ੁਰਗਾਂ ਦੀ ਦੇਖ ਭਾਲ ਨਹੀਂ ਕਰਦੇ; ਤਾਂ ਜਾਇਦਾਦ ਦੀ ਕੀਤੀ ਗਈ ਰਜਿਸਟਰੀ ਰੱਦ ਵੀ ਹੋ ਸਕਦੀ ਹੈ ਅਤੇ ਇਹ ਜਾਇਦਾਦ ਫਿਰ ਬਜ਼ੁਰਗਾਂ ਦੇ ਨਾਂ ਹੋ ਜਾਂਦੀ ਹੈ।

ਇਸ ਕਾਨੂੰਨ ਵਿਚ ਇਹ ਵੀ ਜਿਕਰ (ਹਵਾਲਾ) ਹੈ ਕਿ ਜੋ ਇਸ ਤਰ੍ਹਾਂ ਦੇ ਮਾਤਾ-ਪਿਤਾ ਬਜ਼ੁਰਗ ਹਨ, ਜੋ ਆਪਣੀ ਆਮਦਨ ਜਾਂ ਜਾਇਦਾਦ ਦੇ ਜ਼ਰੀਏ (ਰਾਂਹੀ) ਆਪਣੀ ਖੁੱਦ ਦੀ ਦੇਖ-ਭਾਲ ਕਰਨ ਦੇ ਸਮਰਥ ਨਹੀਂ ਹਨ 'ਤੇ ਉਨ੍ਹਾਂ ਦੇ ਬੱਚੇ 'ਤੇ ਰਿਸ਼ਤੇਦਾਰ ਉਨ੍ਹਾਂ ਦਾ ਧਿਆਨ 'ਤੇ ਦੇਖ-ਭਾਲ ਨਹੀਂ ਰੱਖ ਸਕਦੇ 'ਤੇ ਆਪਣੀ ਦੇਖ-ਭਾਲ ਕਰਨ ਦਾ ਕੋਰਟ ਵਿਚ ਦਾਅਵਾ ਵੀ ਕਰ ਸਕਦੇ ਹਨ। ਜਿਸ ਨਾਲ ਬਜ਼ੁਰਗਾਂ (ਮਾਤਾ-ਪਿਤਾ) ਨੂੰ ਬੱਚਿਆਂ 'ਤੇ ਰਿਸ਼ਤੇਦਾਰਾਂ ਪਾਸੋ 10,000 ਰੁਪਏ ਦਾ ਗੁਜ਼ਾਰਾ-ਭੱਤਾ ਵੀ ਮਿਲ ਸਕਦਾ ਹੈ 'ਤੇ ਉਨ੍ਹਾਂ ਦੀ ਦੇਖ-ਭਾਲ ਕਰਨ ਦੇ ਆਦੇਸ਼ ਨੂੰ ਇਕ ਮਹੀਨੇ ਦੇ ਵਿਚ-ਵਿਚ ਉਸ ਦਾ ਪਾਲਣ ਕਰਨਾ ਜ਼ਰੂਰੀ ਹੂੰਦਾ ਹੈ। ਇਸੇ ਤਰ੍ਹਾਂ 60 ਸਾਲ ਤੋਂ ਉਪਰ ਦੇ ਇਸਤਰੀ ਤੇ ਮਰਦ (ਬਜ਼ੁਰਗ) ਜਿਨ੍ਹਾਂ ਦਾ ਕੋਈ ਬੱਚਾ ਨਾ ਹੋਵੇ ਉਹ ਵੀ ਆਪਣੇ ਰਿਸ਼ਤੇਦਾਰਾਂ ਤੋਂ ਜਾਂ ਫਿਰ ਬਜ਼ੁਰਗਾਂ ਦੀ ਜਾਇਦਾਦ ਦਾ ਜੋ ਪ੍ਰੀਵਾਰ ਜਾਂ ਰਿਸ਼ਤੇਦਾਰ ਵਾਰਸ ਹੋਵੇ, ਤੋਂ ਵੀ ਆਪਣੀ ਦੇਖ-ਭਾਲ ਦੀ ਮੰਗ ਕਰ ਸਕਦਾ ਹੈ। ਜਦੋਂ ਬਜ਼ੁਰਗ ਆਪਣੀ ਦੇਖ-ਭਾਲ ਕਰਾਉਣ ਲਈ ਆਪਣੇ ਰਿਸ਼ਤੇਦਾਰਾਂ ਜਾਂ ਜਾਇਦਾਦ ਦੇ ਅਧਿਕਾਰ ਲੈਣ ਵਾਲੇ ਬੱਚੇ ਉੱਪਰ ਆਪਣੀ ਦੇਖ-ਭਾਲ ਕਰਨ ਦਾ ਦਾਅਵਾ ਕਰ ਸਕਦਾ ਹੈ, ਤਾਂ! ਉਸ ਦੀ ਸੁਣਵਾਈ ਲਈ ਹਰ ਜ਼ਿਲੇ ਵਿਚ ''ਮੇਂਟੀਨੈਂਸ ਟਰਬਿਊਨਲ'' 'ਤੇ ਅਪੀਲ ਕਰਨ ਵਾਲਾ ਵੀ ਇਕ ਟਰਬਿਊਨਲ ਹੁੰਦਾ ਹੈ। ਬਜ਼ੁਰਗਾਂ ਦੀ ਸ਼ਿਕਾਇਤ ਮਿਲਣ 'ਤੇ ਟਰਬਿਊਨਲ ਨੂੰ 90 ਦਿਨਾਂ ਵਿਚ ਉਸ ਕੇਸ ਦਾ ਫੈਸਲਾ ਦੇਣਾ ਹੁੰਦਾ ਹੈ। ਸਥਾਨਿਕ ਟਰਬਿਊਨਲ ਵਿਚ ਉਹ ਖੁਦ ਆਪ ਜਾ ਕੇ, ਜੇਕਰ ਨਾ ਜਾ ਸਕਦੇ ਹੋਣ ਤਾਂ! ਐਨ.ਜੀ.ਓ।. ਰਾਂਹੀ ਵੀ ਅਰਜੀ ਦਿੱਤੀ ਜਾ ਸਕਦੀ ਹੈ। ਇਹੋ ਜਿਹੇ ਕੇਸਾਂ ਵਿਚ ਵਕੀਲ ਦੀ ਕੋਈ ਲੋੜ ਨਹੀ ਪੈਂਦੀ ਹੈ। ਟਰਬਿਊਨਲ ਖੁੱਦ ਰਿਪੋਰਟ ਪੜ੍ਹ ਕੇ ਫੈਸਲਾ ਦਿੰਦਾ ਹੈ। ਜੇਕਰ ਕਿਸੇ ਬੱਚੇ ਜਾਂ ਰਿਸ਼ਤੇਦਾਰ ਦੀ ਬਜ਼ੁਰਗਾਂ ਵਲੋਂ ਲਾਪ੍ਰਵਾਹੀ ਦਿਖਾਈ ਜਾਂਦੀ ਹੋਵੇ ਤਾਂ ਟਰਬਿਊਨਲ ਹਰ ਮਹੀਨੇ 10,000 ਰੁਪਏ ਦਾ ਬਜ਼ੁਰਗਾਂ ਨੂੰ ਬੱਚਿਆਂ ਜਾਂ ਰਿਸ਼ਤੇਦਾਰਾਂ ਨੂੰ ਖਰਚਾ ਦੇਣ ਦਾ ਆਰਡਰ ਵੀ ਦੇ ਸਕਦਾ ਹੈ। ਜੇਕਰ ਕਿਸੇ ਫੈਸਲੇ 'ਤੇ ਬਜ਼ੁਰਗ ਟਰਬਿਊਨਲ ਦੇ ਫੈਸਲੇ ਨਾਲ ਸੰਤੁਸ਼ਟ ਨਾ ਹੋਵੇ ਤਾਂ! ਉਸਨੂੰ 'ਅਪੀਲ-ਏ-ਟਰਬਿਊਨਲ'' ਵਿਚ ਚੁਣੌਤੀ ਵੀ ਦੇ ਸਕਦਾ ਹੈ (ਸੋਰਸ ਮਾਤਾ-ਪਿਤਾ ਅਤੇ ਵਰਿਸ਼ਟ ਨਾਗਰਿਕ ਦੇਖ-ਭਾਲ ਅਤੇ ਕਲਿਆਣ ਕਾਨੂੰਨ 2007)।

ਉੱਘੇ ਮੰਨੇ ਪ੍ਰਮੰਨੇ ਵਕੀਲ ਦਲੀਪ ਕੁਮਾਰ ਦਾ ਕਹਿਣਾ ਹੈ ਕਿ, ''ਸੀ.ਆਰ.ਪੀ.ਸੀ. ਵਿਚ ਵੀ ਬਜ਼ੁਰਗਾਂ ਦੇ ਲਈ ਬਹੁਤ ਅਧਿਕਾਰ ਹਨ। ਸੀ।ਆਰ।ਪੀ।ਸੀ। ਧਾਰਾ-125 (1) (ਡੀ) ਅਤੇ ਹਿੰਦੂ ਅਡਾਪਸ਼ਨ ਐਂਡ ਮੇਨਟੀਨੈਸ ਐਕਟ-1956 ਦੀ ਧਾਰਾ-20 (1 ਅਤੇ 3) ਦੇ ਤਹਿਤ ਬਜ਼ੁਰਗ ਆਪਣੀ ਔਲਾਦ ਪਾਸੋਂ ਆਪਣੀ ਦੇਖ-ਭਾਲ ਲਈ, ਰੋਟੀ-ਪਾਣੀ ਅਤੇ ਹੋਰ ਸਹੂਲਤਾਂ ਲੈਣ ਦਾ ਅਧਿਕਾਰ ਰੱਖਦੇ ਹਨ। ਸੀ.ਆਰ.ਪੀ.ਸੀ. ਦੀ ਧਾਰਾ-125 (1) ਜੇਕਰ ਔਲਾਦ ਆਪਣੇ ਮਾਤਾ-ਪਿਤਾ ਦੀ ਦੇਖ-ਭਾਲ ਨਹੀਂ ਕਰ ਰਿਹਾ ਹੈ; ਤਾਂ! ਪਹਿਲੀ-ਸ਼੍ਰੇਣੀ ਦਾ ਮੈਜਿਸਟ੍ਰੇਟ ਆਪਣੇ ਤੌਰ 'ਤੇ ਉਨ੍ਹਾਂ ਨੂੰ ਆਪਣਾ ਮਾਤਾ-ਪਿਤਾ ਨੂੰ ਗੁਜ਼ਾਰਾ-ਭੱਤਾ ਦੇਣ ਦਾ ਆਦੇਸ਼ ਕਰ ਸਕਦਾ ਹੈ।

ਬਿੱਰਧ ਅਵੱਸਥਾਂ ਅੰਦਰ ਜਿਹੇ ਹਾਲਾਤਾਂ ਵਿਚ ਖਾਸ ਕਰਕੇ ਇਸਤਰੀਆਂ ਪਾਸ ਨਾ ਤਾਂ ਕੋਈ ਮਾਲੀ ਸਾਧਨ 'ਤੇ ਨਾ ਕੋਈ ਜਾਇਦਾਦ ਹੁੰਦੀ ਹੈ। ਖਾਸ ਤੌਰ 'ਤੇ ਵਿਧਵਾ ਇਸਤਰੀ ਦੀ ਜਿਸ ਦੀ ਕੋਈ ਦੇਖ-ਭਾਲ ਕਰਨ ਵਾਲਾ ਵੀ ਨਹੀ ਹੁੰਦਾ ਹੈ! ਅੱਜ ਹਾਲਤ ਇਹ ਹੈ ਕਿ 60-ਸਾਲ ਤੋਂ ਉਪਰ ਦੀਆਂ ਲੱਗ-ਪੱਗ 30-ਫੀ ਸੱਦ ਇਸਤਰੀਆਂ ਕਿਸੇ ਨਾ ਕਿਸੇ ਇਕ ਬਿਮਾਰੀ ਦੀਆਂ ਸ਼ਿਕਾਰ ਵੀ ਹਨ ਅਤੇ ਇਸੇ ਉਮਰ ਦੀਆਂ ਲੱਗ-ਪੱਗ 25-ਫੀ ਸੱਦ ਇਸਤਰੀਆਂ ਕਿਸੇ ਦੋ-ਬਿਮਾਰੀਆਂ ਦੇ ਨਾਲ ਜੂਝ ਰਹੀਆਂ ਹਨ। 30-ਫੀ ਸੱਦ ਬਜ਼ੁਰਗ ਇਸਤਰੀਆਂ ਦਾ ਬਿਸਤਰੇ 'ਚੋਂ ਉਠੱਣਾ ਵੀ ਬੀਮਾਰੀਆਂ ਕਾਰਨ ਮੁਸ਼ਕਿਲ ਹੁੰਦਾ ਹੈ। ਸਿਰਫ਼ 25-ਫੀ ਸੱਦ ਤੋਂ ਵੀ ਘੱਟ ਬਜ਼ੁਰਗ ਇਸਤਰੀਆਂ ਜੋ ਸੀਨੀਅਰ-ਸਿਟੀਜਨ ਸੁਸਾਇਟੀ ਨਾਲ ਜੁੜੀਆਂ ਹੋਈਆਂ ਹਨ, ਜਿਹੜੀਆਂ ਸਰਕਾਰੀ ਸਕੀਮਾਂ ਨੂੰ ਹੀ ਜਾਣਦੀਆਂ ਹਨ; ਬਾਕੀ ਸਭ ਅੱਲਾ! ਦੇ ਆਸਰੇ ਹੀ ਹਨ। ਕੋਈ ਦਸ ਪੁਛ ਵੀ ਨਹੀਂ ਹੈ।

21-ਵੀ ਸਦੀ ਵਿਚ ਵੀ ਬਜ਼ੁਰਗਾਂ ਦੀਆਂ ਬਹੁਤੀਆਂ ਮੁਸ਼ਕਲਾਵਾਂ ਦੇ ਮਾਮਲੇ ਕੋਈ ਘੱਟ ਨਹੀ ਹਨ। ਪਰ ! ਇਹ ਵੀ ਬਦਕਿਸਮਤੀ ਹੈ ਕਿ ਜਿਨ੍ਹਾਂ ਦੇ ਬੱਚਿਆਂ ਕੋਲ ਜਾਇਦਾਦ ਵੀ ਹੈ, 'ਤੇ ਮਾਲੀ ਹਾਲਾਤ ਵੀ ਚੰਗੇ ਹਨ। ਪਰ ! ਉਹ ਬੱਚੇ ਵੀ ਆਪਣੇ ਮਾਂ-ਬਾਪ ਦੀ ਦੇਖ-ਭਾਲ ਕਰਨ ਦੀ ਬਜਾਏ ਅੱਜ-ਕੱਲ ਬਿਰੱਧ-ਆਸ਼ਰਮ ਵਿਚ ਉਨ੍ਹਾਂ ਬਜ਼ੁਰਗਾਂ ਨੂੰ ਛੱਡ ਦਿੰਦੇ ਹਨ। ਸਗੋਂ ਸਰਕਾਰਾਂ ਵਲੋਂ ਵੀ ਇਨ੍ਹਾਂ ਬਜ਼ੁਰਗਾਂ ਦੀ ਦੇਖ-ਭਾਲ ਕਰਨ, ਉਨ੍ਹਾਂ ਨੂੰ ਚੰਗੀਆਂ ਤੇ ਬਿਹਤਰ ਸਹੂਲਤਾਂ ਦੇਣ 'ਤੇ ਰਹਿਣ ਦਾ ਵਸੇਬਾ ਕਰਨ ਦੇ ਫਰਜ਼ ਤੋਂ ਘੇਸਲ ਵੱਟੀ ਹੋਈ ਹੈ। ਮੌਜੂਦਾ ਹਾਕਮ ਤਾਂ ਹੁਣ ਆਪਣੀ ਨੈਤਿਕਤਾ, ਵਿਧਾਨਿਕ ਜੁੰਮੇਵਾਰੀ ਅਤੇ ਰਾਜਸੀ ਫਰਜ਼ਾਂ ਤੋਂ ਵੀ ਪਾਸਾ ਵੱਟੀ ਬੈਠੇ ਹਨ! ਸਿਰਫ ਨਿਜੀ ਬਿਰਧ-ਆਸ਼ਰਮਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੀ ਹੋ ਰਿਹਾ ਹੈ। ਜੇਕਰ ਦੇਖਿਆ ਜਾਵੇ ਪੂਰੀ ਦੁਨੀਆਂ ਵਿਚ ਸਿਰਫ਼ ''ਭੂਟਾਨ ਦੇਸ਼'' ਹੀ ਐਸਾ ਹੈ ਜਿਥੇ ਬਿਰਧ ਆਸ਼ਰਮ ਨਹੀ ਹਨ। ਉਥੋਂ ਦੇ ਬਜ਼ੁਰਗ ਮਾਤਾ-ਪਿਤਾ ਸਗੋਂ ਆਪਣੇ ਬੱਚਿਆਂ ਦੇ ਨਾਲ ਹੀ ਰਹਿੰਦੇ ਹਨ। ਬਜ਼ੁਰਗ ਸਾਡੇ ਪ੍ਰੀਵਾਰ, ਸਮਾਜ ਅਤੇ ਦੇਸ਼ ਦਾ ਸਰਮਾਇਆ ਅਤੇ ਵਿਰਾਸਤ ਹਨ। ਇਸ ਸਰਮਾਏ ਨੂੰ ਜੇਕਰ ਅਸੀ ਅਤੇ ਸਰਕਾਰਾਂ ਨਹੀਂ ਸੰਭਾਲਣਗੀਆਂ, ਤਾਂ! ਇਨ੍ਹਾਂ ਬਜ਼ੁਰਗਾਂ ਦਾ ਕੌਣ ਜੁੰਮੇਵਾਰ ਹੋਵੇਗਾ?

ਅੱਜ! ਡੂੰਘੀ ਹੋ ਰਹੀ ਸੰਸਾਰ ਆਰਥਿਕ ਮੰਦੀ ਨੇ ਦੁਨੀਆਂ ਅੰਦਰ ਭੁੱਖ, ਗਰੀਬੀ ਦਾ ਪੱਧਰ, ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਵਾਧੇ ਨੇ ਲੋਕਾਂ ਦੀ ਜ਼ਿੰਦਗੀ ਅਤੇ ਰੋਜ਼ੀ ਰੋਟੀ ਉੱਪਰ ਤਬਾਹ-ਕੁੰਨ ਅਸਰ ਪਾਇਆ ਹੈ। ਭਾਰਤ ਜਿਹੜਾ ਇਕ ਗਰੀਬ 'ਤੇ ਵਿਕਾਸਸ਼ੀਲ ਦੇਸ਼ ਹੈ, ਰਾਜਸਤਾ 'ਤੇ ਕਾਬਜ ਹਾਕਮਾਂ ਨੇ ਪੂੰਜੀਵਾਦੀ ਰਾਹ ਅਪਨਾਇਆ ਹੋਣ ਅਤੇ 1991 ਤੋਂ ਨਵਉਦਾਰਵਾਦੀ ਆਰਥਿਕ ਸੁਧਾਰਾਂ ਦੇ ਰਾਹ 'ਤੇ ਚਲਦਿਆਂ ਹੁਣ ਮੋਦੀ ਸਰਕਾਰ ਨੇ ਦੇਸ਼ ਦੀ ਅਰਥਵਿਵਸਥਾ ਦੀ ਆਤਮਨਿਰਭਰਤਾ ਨੂੰ ਖਤਰਨਾਕ ਦਸ਼ਾ 'ਚ ਪਹੁੰਚਾ ਦਿੱਤਾ ਹੈ। ਜਿਸ ਕਾਰਨ ਅੱਜ!

ਦੇਸ਼ ਅੰਦਰ ਗਰੀਬੀ ਅਤੇ ਆਰਥਿਕ ਅਸਮਾਨਤਾਵਾਂ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਪਰ ! ਲੋਕਾਂ ਨੂੰ ਸਿਹਤ ਸਹੂਲਤਾਂ, ਇਲਾਜ ਅਤੇ ਬੁਢੇਪਾ ਪੈਨਸ਼ਨ ਦੇਣ ਦੇ ਅਤੇ ਹਰ 58-ਸਾਲ ਦੇ ਵਿਅਕਤੀ ਨੂੰ ਪੈਨਸ਼ਨ ਦੀ ਜਾਮਨੀ ਦੇਣ ਦੇ ਵਾਹਿਦੇ ਤੋਂ ਵੀ ਹੱਥ ਪਿਛੇ ਖਿੱਚ ਲਏ ਹੋਏ ਹਨ। ਬਜ਼ੁਰਗ ਲੋਕਾਂ ਦੇ ਬਾਰੁਤਬਾ ਜੀਵਨ ਦੇ ਹੱਕ ਦਾ ਜੋ ਸਰਕਾਰ ਵਲੋਂ ਧਿਆਨ ਰੱਖਣ ਦਾ ਫਰਜ ਸੀ, ਉਨਾਂ ਦੇ ਸਮਾਜਿਕ ਹੱਕ ਦਾ ਬੁਨਿਆਦੀ ਅਧਿਕਾਰ ਹੈ ਤੋਂ ਪਾਸਾ ਵੱਟ ਲਿਆ ਹੋਇਆ ਹੈ।ਫਿਰ ਲੋਕਾਂ ਲਈ ਜਮਹੂਰੀ ਅਤੇ ਮੁਢਲੇ ਜੀਵਨ ਲਈ ਜੋ ਬੁਨਿਆਦੀ ਸਿਧਾਂਤ ਹਨ ਉਨ੍ਹਾਂ ਦੀ ਪ੍ਰਾਪਤੀ ਤੋਂ ਬਿਨ੍ਹਾਂ ਬਜ਼ੁਰਗਾਂ ਨੂੰ ਬੁਢੇਪੇ ਵੇਲੇ ਸਾਰੀਆਂ ਸਹੂਲਤਾਂ ਦੀ ਜਾਮਨੀ ਕਿਵੇਂ ਮਿਲ ਸਕਦੀ ਹੈ? ਸਿਰਫ਼ ਆਰਥਿਕ, ਸਮਾਜਿਕ ਤੇ ਰਾਜਨੀਤਕ ਪ੍ਰੀਵਰਤਨ ਲਿਆ ਕੇ ਅਤੇ ਸਮਾਜਵਾਦੀ ਪ੍ਰਬੰਧ ਤੋਂ ਬਿਨ੍ਹਾਂ ਇਹ ਮੁਕਤੀ ਅਸੰਭਵ ਨਹੀਂ ਹੈ।

# ਲੋਕ ਮੰਚ ਪੰਜਾਬ ਵਲੋਂ ਨੰਦ ਲਾਲ ਨੂਰਪੁਰੀ ਪੁਰਸਕਾਰ ਪਾਲੀ ਦੇਤਵਾਲੀਆ ਨੂੰ ਦੇ ਕੇ ਨਿਵਾਜਿਆ

## ਪੰਜਾਬੀ ਭਵਨ ਲੁਧਿਆਣਾ 'ਚ ਪੁੱਜੀਆਂ ਸਿਰਮੌਰ ਸ਼ਖ਼ਸੀਅਤਾਂ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਲੋਕ ਮੰਚ ਪੰਜਾਬ ਵਲੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ ਪੰਜਾਬੀ ਸਾਹਿਤ ਕਲਾ ਦੇ ਬੇਤਾਜ ਬਾਦਸ਼ਾਹ ਸਤਿਕਾਰਯੋਗ ਨੰਦ ਲਾਲ ਨੂਰਪੁਰੀ ਪੁਰਸਕਾਰ ਪ੍ਰਸਿੱਧ ਗਾਇਕ ਤੇ ਗੀਤਕਾਰ ਪਾਲੀ ਦੇਤਵਾਲੀਆ ਨੂੰ ਪੰਜਾਬੀ ਸਾਹਿਤ ਜਗਤ ਦੀਆਂ ਸਿਰਮੌਰ ਸ਼ਖਸ਼ੀਅਤਾਂ ਦੀ ਹਾਜ਼ਰੀ ਵਿੱਚ ਪੰਜਾਬੀ ਭਵਨ ਲੁਧਿਆਣਾ ਦੇ ਵਿਹੜੇ ਦੇ ਕੇ ਨਿਵਾਜਿਆ ਗਿਆ। ਇਸ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ਼੍ਰੀ ਪੁਨੀਤ ਸਹਿਗਲ ਪ੍ਰੋਗਰਾਮ ਮੁਖੀ ਦੂਰਦਰਸ਼ਨ ਜਲੰਧਰ ਸਨ, ਜਦਕਿ ਪ੍ਰੋਗਰਾਮ ਦਾ ਉਦਘਾਟਨ ਪਦਮ ਸ਼੍ਰੀ ਸਾਹਿਤ ਜਗਤ ਦੀ ਮਹਾਨ ਕਲਮ ਡਾ. ਸੁਰਜੀਤ ਪਾਤਰ ਨੇ ਕੀਤਾ। ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰੋਫੈਸਰ ਗੁਰਭਜਨ ਗਿੱਲ ਹੁਰਾਂ ਕੀਤੀ । ਇਸ ਮੌਕੇ ਵਿਸ਼ੇਸ਼ ਤੌਰ ਤੇ ਡਾ. ਗੁਰਇਕਬਾਲ ਸਿੰਘ ਪੰਜਾਬੀ ਗੀਤਕਾਰੀ ਅਤੇ ਪਾਲੀ ਦੇਤਵਾਲੀਆ ਪਰਚਾ ਪੜ੍ਹਿਆ। ਪੰਜਾਬੀ ਭਵਨ ਲੁਧਿਆਣਾ ਦੇ ਪ੍ਰਧਾਨ ਸੁਰਿੰਦਰ ਸਿੰਘ ਸੁੰਨੜ ਲੋਕ ਮੰਚ ਪੰਜਾਬ ਅਤੇ ਡਾ. ਲਖਵਿੰਦਰ ਸਿੰਘ ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਦੇਖ ਰੇਖ ਹੇਠ ਇਹ ਸਮੁੱਚਾ ਪ੍ਰੋਗਰਾਮ ਸਾਰਥਿਕ ਹੋ ਨਿਬੜਿਆ। ਇਸ ਪੁਰਸਕਾਰ ਨੂੰ ਪ੍ਰਾਪਤ ਕਰਤਾ ਪਾਲੀ ਦੇਤਵਾਲੀਆ ਨੂੰ ਆਏ ਹੋਏ ਸਭ ਸੱਜਣਾ ਅਤੇ ਸਾਹਿਤ ਪ੍ਰੇਮੀਆਂ ਅਤੇ ਕਲਾਕਾਰਾਂ ਨੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਪੰਜਾਬੀ ਗੀਤਕਾਰੀ ਅਤੇ ਗਾਇਕੀ ਵਿੱਚ ਆਪਣਾ ਕੱਦ ਹੋਰ ਵੀ ਉੱਚਾ ਕਰਨ ਦਾ ਆਸ਼ੀਰਵਾਦ ਦਿੱਤਾ।



ਸ਼੍ਰੀ ਪੁਨੀਤ ਸਹਿਗਲ ਪ੍ਰੋਗਰਾਮ ਮੁਖੀ ਦੂਰਦਰਸ਼ਨ ਕੇਂਦਰ ਜਲੰਧਰ, ਪ੍ਰੋਫੈਸਰ ਗੁਰਭਜਨ ਗਿੱਲ ਅਤੇ ਪਦਮ ਸ਼੍ਰੀ ਸੁਰਜੀਤ ਪਾਤਰ ਜੀ ਉੱਘੇ ਗੀਤਕਾਰ ਤੇ ਗਾਇਕ ਪਾਲੀ ਦੇਤਵਾਲੀਆ ਨੂੰ ਨੰਦ ਲਾਲ ਨੂਰਪੁਰੀ ਪੁਰਸਕਾਰ ਦੇ ਕੇ ਸਨਮਾਨਿਤ ਕਰਦੇ ਹੋਏ।
(ਫੋਟੋ ਵੇਰਵਾ: ਕੁਲਦੀਪ ਚੁੰਬਰ)

# 16 ਨਵੰਬਰ ਲਈ ਰਾਸ਼ਟਰੀ ਪ੍ਰੈਸ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

16 ਨਵੰਬਰ ਨੂੰ ਭਾਰਤ ਵਿੱਚ ਰਾਸ਼ਟਰੀ ਪ੍ਰੈਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਮੀਡੀਆ ਦੀ ਭੂਮਿਕਾ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਚਾਰ ਵਟਾਂਦਰਾਂ ਕੀਤਾ ਜਾਂਦਾ ਹੈ। ਇਸ ਸਾਲ ਰਾਸ਼ਟਰੀ ਪ੍ਰੈਸ ਦਿਵਸ ਦਾ ਮੁੱਖ ਵਿਸ਼ਾ "ਅਧਿਕਾਰਾਂ ਦੇ ਭਵਿੱਖ ਨੂੰ ਰੂਪ ਦੇਣਾ, ਹੋਰ ਸਾਰੇ ਮਨੁੱਖੀ ਅਧਿਕਾਰਾਂ ਲਈ ਇੱਕ ਡਰਾਇਵਰ ਵਜੋਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੋਵੇਗਾ, ਜੋ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਨੰਦ ਲੈਣ ਅਤੇ ਸੁਰੱਖਿਅਤ ਕਰਨ ਦੇ ਯੋਗ ਤੱਤ ਨੂੰ ਦਰਸਾਉਂਦਾ ਹੈ।'' ਇਹ ਦਿਨ ਪ੍ਰੈਸ ਦੀ ਆਜ਼ਾਦੀ ਦੇ ਮਹੱਤਵ ਦਾ ਪ੍ਰਤੀਕ ਹੈ। ਰਾਸ਼ਟਰੀ ਪ੍ਰੈਸ ਦਿਵਸ ਇੱਕ ਆਜ਼ਾਦ ਅਤੇ ਜ਼ਿੰਮੇਵਾਰ ਮੀਡੀਆ ਦੀ ਭੂਮਿਕਾ ਦਾ ਪ੍ਰਤੀਕ ਹੈ। ਇਸ ਦਿਨ ਪ੍ਰੈਸ ਕੌਂਸਲ ਆਫ਼ ਇੰਡੀਆ ਨੇ ਇਹ ਯਕੀਨੀ ਬਣਾਉਣ ਲਈ ਇੱਕ ਨੈਤਿਕ ਨਿਗਰਾਨ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਸੀ। ਭਾਰਤੀ ਮੀਡੀਆ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਸੁਤੰਤਰ ਅਤੇ ਆਜ਼ਾਦ ਪ੍ਰੈਸ ਮਜ਼ਬੂਤ? ਲੋਕਤੰਤਰ ਦੇ ਚਾਰ ਥੰਮਾਂ ਵਿੱਚੋਂ ਇੱਕ ਹੈ। ਮੀਡੀਆ ਨੂੰ ਸਮਾਜ ਦਾ ਦਰਪਣ ਮੰਨਿਆ ਜਾਂਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਦਰਪਣ ਦਾ ਕੰਮ ਸਮਤਲ ਦਰਪਣ ਦੀ ਤਰ੍ਹਾਂ ਕੰਮ ਕਰਨਾ ਹੈ ਤਾਂ ਕਿ ਸਮਾਜ ਦੀ ਸਹੀ ਤਸਵੀਰ ਸਮਾਜ ਦੇ ਸਾਹਮਣੇ ਪੇਸ਼ ਕਰ ਸਕੇ ਪਰੰਤੂ ਕਦੀ-ਕਦੀ ਨਿੱਜੀ ਸਵਾਰਥਾਂ ਦੇ ਕਾਰਨ ਇਹ ਮੀਡੀਆ ਸਮਤਲ ਦਰਪਣ ਵਾਂਗ ਕੰਮ ਨਹੀਂ ਕਰਦਾ ਹੈ ਜਿਸ ਕਾਰਨ ਗੱਲਤ, ਝੂਠੀ, ਕਾਲਪਨਿਕ ਅਤੇ ਘਿਣੌਨੀ ਤਸਵੀਰ ਵੀ ਸਾਹਮਣੇ ਆ ਜਾਂਦੀ ਹੈ। ਜੇਕਰ ਪ੍ਰੈਸ ਹੀ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ ਹੈ। ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਨੂੰ ਕਾਨੂੰਨੀ ਤੌਰ ਤੇ ਭਾਰਤ ਦੇ ਸੰਵਿਧਾਨ ਵਿੱਚ ਵੀ ਸੁਰੱਖਿਅਤ ਕੀਤਾ ਗਿਆ ਹੈ, ਜਦੋਂ ਕਿ ਸੁਤੰਤਰ ਪੱਤਰਕਾਰੀ ਲਈ ਇੱਕ ਕਾਨੂੰਨੀ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਭਾਰਤ ਦੇ ਕਾਨੂੰਨ ਦੁਆਰਾ ਪ੍ਰਭੂਸੱਤਾ, ਰਾਸ਼ਟਰੀ ਅਖੰਡਤਾ ਅਤੇ ਨੈਤਿਕ ਸਿਧਾਂਤ ਆਮ ਤੌਰ ਤੇ ਸੁਰੱਖਿਅਤ ਕੀਤੇ ਜਾਂਦੇ ਹਨ। ਭਾਰਤ ਵਿੱਚ ਮੀਡੀਆ ਦੁਆਰਾ ਪੱਖਪਾਤ ਜਾਂ ਗੁੰਮਰਾਹਕੁੰਨ ਜਾਣਕਾਰੀ ਨੂੰ ਦੇਸ਼ ਦੇ ਸੰਵਿਧਾਨ ਦੁਆਰਾ ਪ੍ਰਤਿਬੰਧਿਤ ਕੀਤਾ ਗਿਆ ਹੈ। ਪ੍ਰਿੰਟ, ਟੈਲੀਵਿਜ਼ਨ, ਰੇਡੀਓ ਅਤੇ ਇੰਟਰਨੈਟ ਸਮੇਤ ਪ੍ਰੈਸ ਨੂੰ ਆਰਟੀਕਲ-19 ਜੋ 1950 ਤੋਂ ਲਾਗੂ ਹੋਇਆ ਵਰਗੀਆਂ ਚੁਣੀਆਂ ਗਈਆਂ ਵਿਵਸਥਾਵਾਂ ਅਧੀਨ ਆਪਣੀਆਂ ਚਿੰਤਾਵਾਂ ਨੂੰ ਪ੍ਰਗਟ ਕਰਨ ਲਈ ਨਾਮਾਤਰ ਤੌਰ ਤੇ ਸੋਧਿਆ ਗਿਆ ਹੈ। ਪੱਤਰਕਾਰੀ ਦਾ ਮੂਲ ਉਦੇਸ਼ ਸੇਵਾ ਕਰਨਾ ਹੈ। ਖਬਰਾਂ, ਵਿਚਾਰ, ਟਿੱਪਣੀਆਂ ਅਤੇ ਜਾਣਕਾਰੀ ਵਾਲੇ ਨਿਰਪੱਖ, ਸਹੀ, ਨਿਰਪੱਖ, ਸੰਜੀਦਾ ਜਨਤਕ ਹਿੱਤ ਦੇ ਮਾਮਲੇ ਵਧੀਆ ਢੰਗ ਨਾਲ ਪੇਸ਼ ਕਰਨ ਦੇ ਕੁਝ ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਆਪਕ ਤੌਰ ਤੇ ਮਾਨਤਾ ਪ੍ਰਾਪਤ ਦਰਸਾਏ ਗਏ ਮਾਪਦੰਡ ਅਤੇ ਹੋਰ ਖਾਸ ਦਿਸ਼ਾ-ਨਿਰਦੇਸ਼ ਸ਼ਾਮਲ ਕੀਤੇ ਗਏ। ਨਾਗਰਿਕਾਂ ਦੇ ਬੌਧਿਕ, ਨੈਤਿਕ ਅਤੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨ ਲਈ ਸਰਕਾਰ ਨੇ ਕਈ ਪਲੇਟਫਾਰਮਾਂ ਤੇ ਜਾਅਲੀ ਖ਼ਬਰਾਂ ਨੂੰ ਪ੍ਰਸਾਰਿਤ ਕਰਨ ਅਤੇ ਇਤਰਾਜ਼ਯੋਗ ਸਮੱਗਰੀਆਂ ਤੇ ਪਾਬੰਦੀ ਲਗਾਉਣ ਲਈ ਠੋਸ ਉਪਾਅ ਕੀਤੇ ਹਨ। ਸੂਚਨਾ ਦੀ ਆਜ਼ਾਦੀ ਦੇ ਅਧਿਕਾਰ ਦੀ ਰਾਖੀ ਲਈ ਸਮਰਪਿਤ ਇੱਕ ਅੰਤਰਰਾਸ਼ਟਰੀ ਗੈਰ-ਸਰਕਾਰੀ ਸੰਸਥਾ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੁਆਰਾ ਪ੍ਰਕਾਸ਼ਿਤ ਵਿਸ਼ਵ ਦੀ ਸਾਲਾਨਾ ਦਰਜਾਬੰਦੀ ਪ੍ਰੈਸ ਫਰੀਡਮ ਇੰਡੈਕਸ ਵਿੱਚ ਭਾਰਤ ਦੀ ਪ੍ਰੈਸ ਅਜ਼ਾਦੀ ਦਾ ਦਰਜਾ 180 ਵਿੱਚੋਂ 142ਵੇਂ ਨੰਬਰ ਤੇ ਹੈ। ਇਸ ਰਿਪੋਰਟ ਅਨੁਸਾਰ ਭਾਰਤ ਦੀ ਹਾਲਤ ਸਾਲ 2016 ਵਿੱਚ 133ਵੇਂ ਨੰਬਰ ਤੇ ਸੀ ਜੋਕਿ ਹੁਣ 142ਵੇਂ ਨੰਬਰ ਤੇ ਪਹੁੰਚ ਗਈ ਹੈ। ਭਾਰਤ ਦੀ ਗਲੋਬਲ ਇੰਡੈਕਸ ਰੈਂਕ ਕਈ ਮੁੱਦਿਆਂ ਜਿਵੇਂ ਕਿ ਪੱਤਰਕਾਰਾਂ ਦੀਆਂ ਹੱਤਿਆਵਾਂ, ਨਿਊਜ਼ ਮੀਡੀਆ ਤੇ ਲਗਾਈਆਂ ਪਾਬੰਦੀਆਂ, ਕਸ਼ਮੀਰ ਵਿੱਚ ਸੈਂਸਰਸ਼ਿਪ ਅਤੇ ਜੰਮੂ ਅਤੇ ਕਸ਼ਮੀਰ ਜੋ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਿਵਾਦ ਦਾ ਵਿਸ਼ਾ ਰਿਹਾ ਹੈ, ਵੱਖ ਵੱਖ ਭਾਗਾਂ ਵਿੱਚ ਹੋ ਰਹੀਆਂ ਅੰਦਰੂਨੀ ਗੜਬੜੀਆਂ ਦੌਰਾਨ ਮੀਡੀਆ ਦੀ ਭੂਮਿਕਾ ਲਈ ਗਿਰਾਵਟ ਦਰਜ ਕੀਤੀ ਗਈ ਸੀ। ਪੱਤਰਕਾਰਾਂ ਵਿਰੁੱਧ ਸਰੀਰਕ ਸ਼ੋਸ਼ਣ ਅਤੇ ਪੱਖਪਾਤ ਵਿਸ਼ਵ ਰੈਂਕਿੰਗ ਸੂਚਕਾਂਕ ਵਿੱਚ ਗਿਰਾਵਟ ਦਾ ਇੱਕ ਹੋਰ ਕਾਰਨ ਹੈ। ਕਈ ਵਾਰ ਸਿਰਫ਼ ਸਰਕਾਰ ਦਾ ਪੱਖ ਪੂਰਣ ਵਾਲੀਆਂ ਖ਼ਬਰਾਂ ਸਥਾਨਕ ਮੀਡੀਆ ਦੁਆਰਾ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ ਜਦਕਿ ਦੇਸ਼ ਦੀਆਂ ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਨੂੰ ਕਵਰ ਕਰਨ ਜਾਂ ਸਰਕਾਰ ਦੀ ਆਲੋਚਨਾ ਵਾਲੀਆਂ ਖ਼ਬਰਾਂ ਨੂੰ ਸਰਕਾਰ ਦੁਆਰਾ ਜਾਰੀ ਚੇਤਾਵਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੇਸ਼ੱਕ ਭਾਰਤ ਦਾ ਸੰਵਿਧਾਨ ਬੋਲਣ ਦੀ ਆਜ਼ਾਦੀ ਅਤੇ ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਕਰਦਾ ਹੈ ਪਰੰਤੂ ਕਈ ਵਾਰ ਸਰਕਾਰਾਂ ਅਪਣੀ ਨੁਕਤਾਚੀਨੀ ਨੂੰ ਬਰਦਾਸ਼ਤ ਨਹੀਂ ਕਰਦੀਆਂ ਹਨ ਅਤੇ ਅਕਸਰ ਹੀ ਅਜਿਹੇ ਮੀਡੀਆ ਤੇ ਪਾਬੰਦੀ ਲਗਾ ਦਿੰਦੀਆਂ ਹਨ। ਭਾਰਤ ਸਰਕਾਰ ਨੇ ਵਿਦੇਸ਼ੀ ਨਿਊਜ਼ ਆਉਟਲੈਟਾਂ ਜਿਨ੍ਹਾਂ ਵਿੱਚ ਦਾ ਨਿਊਯਾਰਕ ਟਾਈਮਜ਼, ਦਾ ਗਾਰਡੀਅਨ, ਅਲ ਜਜ਼ੀਰਾ, ਦਾ ਵਾਸ਼ਿੰਗਟਨ ਪੋਸਟ, ਟਾਈਮ, ਦਾ ਇਕਨਾਮਿਸਟ, ਬੀਬੀਸੀ, ਅਤੇ ਹਫਿੰਗਟਨ ਪੋਸਟ ਆਦਿ ਵਿਰੁੱਧ ਭਾਰਤ ਦੀ ਤਸਵੀਰ ਨੂੰ ਨਕਾਰਾਤਮਕ ਰੂਪ ਵਿੱਚ ਪੇਸ਼ ਕਰਨ ਲਈ ਚੇਤਾਵਨੀਆਂ ਜਾਰੀ ਕੀਤੀਆਂ ਸਨ। ਸਰਕਾਰ ਦੀ ਆਲੋਚਨਾ ਕਰਨ ਵਾਲੇ ਪੱਤਰਕਾਰ ਅਕਸਰ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ। ਹਿੰਦੁਸਤਾਨ ਟਾਈਮਜ਼ ਦੇ ਸੰਪਾਦਕ ਬੌਬੀ ਘੋਸ਼ ਨੇ ਸਤੰਬਰ 2018 ਵਿੱਚ ਅਖਬਾਰ ਦੀ ਮਾਲਕ ਸ਼ੋਭਨਾ ਭਾਰਤੀ ਦੁਆਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਤੋਂ ਤੁਰੰਤ ਬਾਅਦ ਅਸਤੀਫਾ ਦੇ ਦਿੱਤਾ ਸੀ। ਇਹ ਘਟਨਾ ਉਦੋਂ ਵਾਪਰੀ ਜਦੋਂ ਘੋਸ਼ ਨੇ ਅਖਬਾਰ ਤੇ ਹੇਟ ਟਰੈਕਰ ਨਾਮ ਦਾ ਇੱਕ ਪੋਰਟਲ ਖੋਲ੍ਹਿਆ ਜੋ ਕਿ ਨਸਲ, ਧਰਮ ਅਤੇ ਜਿਣਸੀ ਰੁਝਾਨ ਦੁਆਰਾ ਪ੍ਰੇਰਿਤ ਹਿੰਸਕ ਅਪਰਾਧਾਂ ਨੂੰ ਟਰੈਕ ਕਰਨ ਲਈ ਇੱਕ ਡੇਟਾ ਬੇਸ ਹੈ ਅਤੇ ਡਾਟਾ ਬੇਸ ਨੂੰ ਬਾਅਦ ਵਿੱਚ ਹਟਾ ਦਿੱਤਾ ਗਿਆ ਸੀ। ਚਰਚਿਤ ਪੱਤਰਕਾਰ ਗੌਰੀ ਲੰਕੇਸ਼ ਧਰਮ ਨਿਰਪੱਖਤਾ ਦੀ ਸਮਰਥਕ ਅਤੇ ਸੱਜੇ-ਪੱਖੀ ਤਾਕਤਾਂ ਦੀ ਆਲੋਚਕ ਸੀ ਨੂੰ ਉਸਦੇ ਘਰ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਭਾਰਤ ਵਿੱਚ ਸੱਤਾਧਾਰੀ ਪਾਰਟੀਆਂ ਦਾ ਸਮੱਰਥਨ ਕਰਨ ਵਾਲੀਆਂ ਮੀਡੀਆ ਰਿਪੋਰਟਾਂ ਦੀ ਅਕਸਰ ਇੱਕ ਤਰਫਾ ਅਤੇ ਅਤਿਕਥਨੀ ਹੋਣ ਕਰਕੇ ਆਲੋਚਨਾ ਕੀਤੀ ਜਾਂਦੀ ਹੈ ਜੋ ਸੱਚੀ ਜਾਣਕਾਰੀ ਇਕੱਠੀ ਕਰਨ ਅਤੇ ਆਪਣੇ ਪਲੇਟਫਾਰਮਾਂ ਤੇ ਪ੍ਰਚਾਰ ਪ੍ਰਦਾਨ ਕਰਨ ਵਿੱਚ ਬਹੁਤ ਘੱਟ ਭੂਮਿਕਾ ਨਿਭਾਉਂਦੀਆਂ ਹਨ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਨੂੰ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿੱਚ 180 ਦੇਸ਼ਾਂ ਵਿੱਚੋਂ 142ਵਾਂ ਰੈਂਕ ਪ੍ਰਾਪਤ ਹੈ ਜੋਕਿ ਖਤਰਨਾਕ ਸੰਕੇਤ ਹੈ। ਪਹਿਲੇ ਪ੍ਰੈਸ ਆਯੋਗ ਨੇ ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਅਤੇ ਪੱਤਰਕਾਰਿਤਾ ਵਿੱਚ ਉੱਚ ਆਦਰਸ਼ ਕਾਇਮ ਕਰਨ ਦੇ ਉਦੇਸ਼ ਨਾਲ ਇੱਕ ਪ੍ਰੈਸ ਪਰਿਸ਼ਦ ਦੀ ਕਲਪਨਾ ਕੀਤੀ ਸੀ। 04 ਜੁਲਾਈ 1966 ਨੂੰ ਭਾਰਤ ਵਿੱਚ ਪ੍ਰੈਸ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਜਿਸ ਨੇ 16 ਨਵੰਬਰ 1966 ਤੋਂ ਆਪਣਾ ਕੰਮ ਸ਼ੁਰੂ ਕੀਤਾ ਉਦੋਂ ਤੋਂ ਲੈ ਕੇ ਅੱਜ ਤੱਕ ਹਰ ਸਾਲ 16 ਨਵੰਬਰ ਨੂੰ ਰਾਸ਼ਟਰੀ ਪ੍ਰੈਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਦੁਨੀਆਂ ਵਿੱਚ ਅੱਜ ਲਗਭੱਗ 50 ਦੇਸ਼ਾਂ ਵਿੱਚ ਪ੍ਰੈਸ ਪਰਿਸ਼ਦ ਜਾਂ ਮੀਡੀਆ ਪਰਿਸ਼ਦ ਹੈ। ਪਤਰਕਾਰਿਤਾ ਵਿੱਚ ਤੱਥਾਂ ਨੂੰ ਤੋੜ-ਮਰੋੜਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਵੱਧ ਰਹੀ ਹੈ। ਅਕਸਰ ਹੀ ਖ਼ਬਰਾਂ ਵਿੱਚ ਪੱਖਪਾਤ ਅਤੇ ਅਸ-ਤੁਲਨ ਦੇਖਣ ਨੂੰ ਮਿਲਦਾ ਹੈ ਅਤੇ ਖ਼ਬਰਾਂ ਵਿੱਚ ਨਿੱਜੀ ਸਵਾਰਥ ਸਾਫ ਝਲਕਣ ਲੱਗ ਜਾਂਦਾ ਹੈ। ਖ਼ਬਰਾਂ ਵਿੱਚ ਵਿਚਾਰਾਂ ਨੂੰ ਮਿਸ਼ਰਿਤ ਕੀਤਾ ਜਾ ਰਿਹਾ ਹੈ। ਖ਼ਬਰਾਂ ਤੇ ਆਧਾਰਿਤ ਵਿਚਾਰ ਤਾਂ ਸਵਾਗਤਯੋਗ ਹੋ ਸਕਦੇ ਹਨ ਪਰੰਤੂ ਨਿੱਜੀ ਵਿਚਾਰਾਂ ਤੇ ਆਧਾਰਿਤ ਖਬਰਾਂ ਸਮਾਜ ਲਈ ਖਤਰਨਾਕ ਹਨ। ਖੋਜੀ ਪੱਤਰਕਾਰਿਤਾ ਦੇ ਨਾਮ ਤੇ ਅੱਜ ਪੀਲੀ ਅਤੇ ਨੀਲੀ ਪੱਤਰਕ-ਾਰਿਤਾ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। ਪੱਤਰਕਾਰਿਤਾ ਆਜ਼ਾਦੀ ਤੋਂ ਪਹਿਲਾਂ ਇੱਕ ਮਿਸ਼ਨ ਸੀ। ਆਜ਼ਾਦੀ ਤੋਂ ਬਾਅਦ ਇਹ ਇੱਕ ਪ੍ਰੋਡਕਸ਼ਨ ਬਣ ਗਈ। ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟ-ਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਹੁਣ ਮੀਡੀਆ ਵਿੱਚ ਉਜਾਗਰ ਹੁੰਦੀਆਂ ਘਟਨਾਵਾਂ ਦਾ ਅਸਰ ਕੁਝ ਕੁ ਘੰਟੇ ਵੇਖਣ ਨੂੰ ਮਿਲਦਾ ਹੈ ਅਤੇ ਉਸਤੋਂ ਬਾਅਦ ਉਹ ਘਟਨਾ ਖਬਰ ਬਾਸੀ ਰੋਟੀ ਵਾਂਗ ਹੋ ਜਾਂਦੀ ਹੈ। ਅੱਜ ਸਾਡੇ ਸਮਾਜ ਅਤੇ ਦੇਸ਼ ਵਿੱਚ ਆਏ ਦਿਨ ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਮੀਡੀਆ ਵਿੱਚ ਪਹੁੰਚੇ ਕੁਝ ਗਲਤ ਕਿਸਮ ਦੇ ਵਿਅਕਤੀਆਂ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵੀ ਵਿਸ਼ਵਾਸ਼ ਉਠਦਾ ਜਾ ਰਿਹਾ ਹੈ। ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਦੇਸ਼ ਦੀ ਪ੍ਰੈਸ ਤੇ ਸਭ ਤੋਂ ਮਾੜਾ ਸਮਾਂ ਦੇਸ਼ ਵਿੱਚ ਲਗਾਈ ਗਈ ਐਮ-ਰਜੇਂਸੀ ਦੇ ਸਮੇਂ ਆਇਆ ਸੀ। ਭਾਰਤ ਵਿੱਚ ਪ੍ਰੈਸ ਨੂੰ ਅੱਧੀ ਆਜ਼ਾਦੀ ਹੀ ਪ੍ਰਾਪਤ ਹੈ। ਭਾਰਤ ਵਿੱਚ ਪ੍ਰੈਸ ਦੀ ਅਜ਼ਾਦੀ ਵਿੱਚ ਸਰਕਾਰਾਂ ਵੱਲੋਂ ਰੋੜੇ ਅਟਕਾਏ ਜਾ ਰਹੇ ਹਨ। ਪਿਛਲੇ ਸਮੇਂ ਦੌਰਾਨ ਮੀਡੀਆ ਵਿਸ਼ੇਸ ਤੌਰ ਤੇ ਅਖਬਾਰਾਂ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਹੈ ਜਿਸ ਕਾਰਨ ਬਹੁਤੀ ਵਾਰ ਇਹ ਸਰਕਾਰੀ ਕਰਮਚਾਰੀ ਬਣੇ ਪੱਤਰਕਾਰ ਅਪਣੇ ਅਖਬਾਰ ਲਈ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਦੂਜੇ ਪਾਸੇ ਕਈ ਵਾਰ ਕਈ ਪੱਤਰਕਾਰ ਬਣੇ ਸਰਕਾਰੀ ਕਰਮਚਾਰੀ ਅਪਣੇ ਵਿਭਾਗ ਵਿੱਚ ਤਨਦੇਹੀ ਨਾਲ ਕੰਮ ਨਹੀਂ ਕਰਦੇ ਹਨ। ਇਸ ਸਬੰਧੀ ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਦੇ ਨਿਯਮ ਬੜੇ ਸਪੱਸ਼ਟ ਹਨ ਜਿਨ੍ਹਾਂ ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਕੰਮ ਨਹੀਂ ਕਰਦੇ ਹਨ ਅਤੇ ਉਕਤ ਰੂਲਾਂ ਅਨੁਸਾਰ ਸਰਕਾਰ ਦਾ ਮੁਲਾਜ਼ਮ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ। ਕਿਸੇ ਵੀ ਮੁਲਾਜ਼ਮ ਵੱਲੋਂ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ। ਕਈ ਮੀਡੀਆ ਗਰੁੱਪ ਸਿੱਧੇ ਤੌਰ ਤੇ ਹੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੇ ਨਿਯੰਤਰਣ ਅਧੀਨ ਚੱਲ ਰਹੇ ਹਨ। ਬਹੁਤੇ ਮੀਡੀਆ ਕਰਮੀ ਅਜਿਹੇ ਆ ਗਏ ਹਨ ਜੋਕਿ ਸਿਰਫ ਪੈਸੇ ਦੇ ਅਧਾਰ ਤੇ ਹੀ ਪ੍ਰੈਸ ਦਾ ਨਾਮ ਵਰਤ ਰਹੇ ਹਨ। ਭਾਰਤੀ ਪ੍ਰੈਸ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਮਾਰਕੰਡੇ ਕਟਾਜੂ ਰਿਟਾਇਰਡ ਜੱਜ ਸੁਪਰੀਮ ਕੌਰਟ ਆਫ ਇੰਡੀਆ ਨੇ ਵੀ ਇੱਕ ਸੈਮੀਨਾਰ ਦੌਰਾਨ ਮੀਡੀਆ ਨੂੰ ਅਪਣੀ ਭੂਮਿਕਾ ਸਹੀ ਤਰੀਕੇ ਨਾਲ ਨਿਭਾਉਣ ਲਈ ਕਿਹਾ ਸੀ ਤਾਂ ਜੋ ਸਮਾਜ ਦੇ ਪੱਛੜੇ ਅਤੇ ਲਿਤਾੜੇ ਵਰਗਾਂ ਦੀਆਂ ਮੁਸ਼ਕਿਲਾਂ ਬਾਰੇ ਦੇਸ਼ ਅਤੇ ਆਮ ਲੋਕਾਂ ਨੂੰ ਪਤਾ ਚੱਲ ਸਕੇ। ਭਾਰਤ ਵਿੱਚ ਸਾਲ 2014 ਤੋਂ ਲੈ ਕੇ 2019 ਤੱਕ ਲੱਗਭੱਗ 80 ਪੱਤਰਕਾਰਾਂ ਦਾ ਕਤਲ ਕੀਤਾ ਗਿਆ।

ਪਿਛਲੇ ਤਿੰਨ ਸਾਲਾਂ ਦੌਰਾਨ (16 ਮਾਰਚ, 2018 ਤੋਂ 29 ਮਈ, 2021 ਤੱਕ) ਕੌਂਸਲ ਵਿੱਚ ਕੁੱਲ 5102 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਇਨ੍ਹਾਂ ਵਿੱਚੋਂ 948 ਸ਼ਿਕ-ਾਇਤਾਂ ਪ੍ਰੈੱਸ ਵੱਲੋਂ ਅਥਾਰਟੀ ਵਿਰੁੱਧ ਪ੍ਰੈੱਸ ਦੀ ਆਜ਼ਾਦੀ ਦੀ ਉਲੰਘਣਾ ਲਈ ਸਨ ਅਤੇ 4154 ਸ਼ਿਕਾਇਤਾਂ ਪੱਤਰਕਾਰੀ ਨੈ-ਤਿਕਤਾ ਦੀ ਉਲੰਘਣਾ ਲਈ ਪ੍ਰੈੱਸ ਵਿਰੁੱਧ ਸਨ। ਪਿਛਲੇ ਸਾਲ ਦੇ 532 ਮਾਮਲੇ ਪੈਡਿੰਗ ਹੋਣ ਕਾਰਨ ਕੌਂਸਲ ਕੋਲ ਕੁੱਲ 5634 ਮਾਮਲੇ ਨਿਪਟਾਰੇ ਲਈ ਸਨ। ਇਹਨਾਂ ਵਿੱਚੋਂ 4829 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਸੀ। ਸਾਲ 2021-2022 ਦੌਰਾਨ ਭਾਰਤੀ ਪ੍ਰੈਸ ਪ੍ਰੀਸ਼ਦ ਕੋਲ ਕੁੱਲ 1175 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ। ਇਹਨਾਂ ਵਿੱਚੋਂ 290 ਸ਼ਿਕਾਇਤਾਂ ਪ੍ਰੈਸ ਦੁਆਰਾ ਸਰਕਾਰ/ਪੁਲਿਸ/ਵਿਅਕਤੀਆਂ ਦੇ ਅਧਿਕਾਰੀਆਂ ਵਿਰੁੱਧ ਪ੍ਰੈੱਸ ਦੀ ਆਜ਼ਾਦੀ ਵਿੱਚ ਕਟੌਤੀ ਕਰਨ ਜਾਂ ਪ੍ਰੈਸ/ਪੱਤਰਕਾਰਾਂ/ਮੀਡੀਆ ਵਾਲਿਆਂ ਤੇ ਹਮਲੇ ਲਈ ਅਤੇ 885 ਸ਼ਿਕਾਇਤਾਂ ਪੱਤਰਕਾਰਤਾ ਦੀ ਨੈਤਿਕਤਾ ਦੀ ਉਲੰਘਣਾ ਲਈ ਪ੍ਰੈਸ ਵਿਰੁੱਧ ਨਿਰਦੇਸ਼ਿਤ ਕੀਤੀਆਂ ਗਈਆਂ ਸਨ। ਸਾਲ ਦੌਰਾਨ ਕੁੱਲ 672 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ। ਇਨ੍ਹਾਂ ਰਿਪੋਰਟਾਂ ਨੂੰ ਵੇਖਕੇ ਪਤਾ ਚੱਲਦਾ ਹੈ ਕਿ ਅੱਜ ਜਿੱਥੇ ਵੱਖ ਵੱਖ ਸਰਕਾਰੀ ਅਧਿਕਾਰੀਆਂ ਵਲੋਂ ਪ੍ਰੈਸ ਦੀ ਅਜਾਦੀ ਖਤਮ ਕਰਨ ਲਈ ਕੋਸਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਥੇ ਦੂਜੇ ਪਾਸੇ ਬਹੁਤੇ ਮੀਡੀਆ ਕਰਮੀ ਵੀ ਅਪਣੀ ਬਣਦੀ ਭੂਮਿਕਾ ਸਹੀ ਢੰਗ ਨਾਲ ਨਹੀਂ ਨਿਭਾ ਰਹੇ ਹਨ। ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਪੇਡ ਨਿਊਜ਼ ਦਾ ਵਰਣਨ ਕਿਸੇ ਵੀ ਅਜਿਹੇ ਸ਼ਬਦ ਵਜੋਂ ਕੀਤਾ ਜਾਂਦਾ ਹੈ ਜੋ ਮੀਡੀਆ ਵਿੱਚ ਦਿਖਾਈ ਦਿੰਦੇ ਹਨ, ਉਹਨਾਂ ਵਿੱਚ ਲਗਾਤਾਰ ਸਕਾਰਾਤਮਕ ਵਿਵਹਾਰ ਹੁੰਦਾ ਹੈ, ਜਾਂ ਕਿਸੇ ਵੀ ਤਰੀਕੇ ਨਾਲ ਪ੍ਰਕਾਸ਼ਨ ਤੋਂ ਪਹਿਲਾਂ ਜਾਂ ਬਾਅਦ ਵਿੱਚ ਪ੍ਰਾਪਤ ਕੀਤੇ ਭੁਗਤਾਨ ਦੇ ਬਦਲੇ ਮੀਡੀਆ ਕਵਰੇਜ ਤੋਂ ਹਟਾ ਦਿੱਤਾ ਜਾਂਦਾ ਹੈ। ਇਸ ਵਿੱਤੀ ਲੈਣ-ਦੇਣ ਨੂੰ ਸਾਬਤ ਕਰਨ ਲਈ ਠੋਸ ਸਬੂਤ ਪ੍ਰਾਪਤ ਕਰਨਾ ਚੁਣੌਤੀਪੂਰਨ ਹੈ ਕਿਉਂਕਿ ਇਹ ਧੋਖੇ ਰਾਹੀਂ ਬਣਾਇਆ ਅਤੇ ਵੰਡਿਆ ਜਾਂਦਾ ਹੈ । ਭਾਰਤੀ ਪ੍ਰੈਸ ਪ੍ਰੀਸ਼ਦ ਦੇ ਨਿਰਦੇਸ਼ਾਂ ਅਨੁਸਾਰ 6 ਮੈਂਬਰੀ ਸਬ-ਕਮੇਟੀ ਦਾ ਐਲਾਨ ਕੀਤਾ ਗਿਆ। ਇਹ ਸਬ-ਕਮੇਟੀ ਦੇਸ਼ ਦੇ ਉਹਨਾਂ ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਪੱਤਰਕਾਰੀ ਕਰਨਾ ਮੁਸ਼ਕਿਲ ਹੋ ਗਿਆ। ਇਸ ਕਮੇਟੀ ਦੀ ਰਿਪੋਰਟ ਦੇ ਅਧਾਰ ਤੇ ਭਾਰਤੀ ਪ੍ਰੈਸ ਪ੍ਰੀਸ਼ਦ ਨੇ ਲੋਕਤੰਤਰ ਦੇ ਚੋਥੇ ਥੰਮ ਦੀ ਰੱਖਿਆ ਲਈ ਸਰਕਾਰ ਨੂੰ ਸੁਝਾਅ ਦਿਤੇ ਹਨ ਕਿ ਪੱਤਰਕਾਰਾਂ ਦੀ ਸੁਰੱਖਿਆ ਲਈ ਇੱਕ ਕਨੂੰਨ ਬਣਾਇਆ ਜਾਵੇ ਜਿਸ ਵਿੱਚ ਇਹ ਸ਼ਾਮਿਲ ਕੀਤਾ ਜਾਵੇ ਕਿ ਜੋ ਵਿਅਕਤੀ ਕਿਸੇ ਕੰਮ ਕਰਦੇ ਪੱਤਰਕਾਰ ਜਾਂ ਸੰਪਾਦਕ ਤੇ ਕੋਈ ਹਮਲਾ ਕਰਦਾ ਹੈ ਤਾਂ ਉਸਨੂੰ ਸੱਖਤ ਸਜ਼ਾ ਦਿਤੀ ਜਾਵੇ, ਪੱਤਰਕਾਰਾਂ ਤੇ ਹਮਲਿਆਂ ਸਬੰਧੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਵਿੱਚ ਸੁਣਵਾਈ ਕੀਤੀ ਜਾਵੇ ਜਿੱਥੇ ਚਾਰਜ਼ਸ਼ੀਟ ਦਾਇਰ ਹੋਣ ਤੋਂ ਬਾਦ ਇੱਕ ਸਾਲ ਦੇ ਅੰਦਰ ਸੁਣਵਾਈ ਮੁਕੰਮਲ ਕੀਤੀ ਜਾਵੇ। ਜਦੋਂ ਵੀ ਕਿਸੇ ਪੱਤਰਕਾਰ ਦਾ ਕਤਲ ਹੋਵੇ ਤਾਂ ਸਾਰੀ ਜਾਂਚ ਸੀ ਬੀ ਆਈ ਤੋਂ ਕਰਵਾਈ ਜਾਵੇ ਜੋਕਿ ਤਿੰਨ ਮਹੀਨੇ ਦੇ ਵਿੱਚ ਮੁਕੰਮਲ ਕੀਤੀ ਜਾਵੇ, ਪੱਤਰਕਾਰ ਖਿਲਾਫ ਕਿਸੇ ਵੀ ਤਰਾਂ ਦੇ ਮਾਮਲੇ ਵਿੱਚ ਕਾਰਵਾਈ ਡੀ ਜੀ ਪੀ ਦੀ ਜਾਂਚ ਰਿਪੋਰਟ ਤੋਂ ਬਾਦ ਹੀ ਕੀਤੀ ਜਾਵੇ, ਜੇਕਰ ਕੋਈ ਪੱਤਰਕਾਰ ਜਾਂ ਸੰਪਾਦਕ ਮਾਰਿਆ ਜਾਦਾ ਹੈ ਤਾਂ ਰਾਜ ਸਰਕਾਰ ਉਸਦੇ ਵਾਰਿਸਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਵੇ। ਹਰ ਰਾਜ ਵਿੱਚ ਰਾਜ ਪੱਧਰ ਦੀਆਂ ਕਮੇਟੀਆਂ ਬਣਾਉਣ ਦਾ ਵੀ ਸੁਝਾਅ ਦਿਤਾ ਜਿਸ ਵਿੱਚ ਪੱਤਰਕਾਰਾਂ ਦੀਆਂ ਪ੍ਰਤੀਨਿਧ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ। ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਬਚਾਉਣ ਦੀ ਲੋੜ ਹੈ ਤਾਂ ਜੋ ਹੱਕ ਅਤੇ ਸੱਚ ਦੀ ਆਵਾਜ਼ ਬੁਲੰਦ ਰਹਿ ਸਕੇ। ਰਾਸ਼ਟਰੀ ਪ੍ਰੈਸ ਦਿਵਸ ਭਾਰਤ ਵਿੱਚ ਇੱਕ ਆਜ਼ਾਦ ਅਤੇ ਜ਼ਿੰਮੇਵਾਰ ਪ੍ਰੈਸ ਦਾ ਪ੍ਰਤੀਕ ਹੈ। ਪਹਿਲੇ ਪ੍ਰੈਸ ਕਮਿਸ਼ਨ ਨੇ ਇਹ ਸਿੱਟਾ ਕੱਢਿਆ ਸੀ ਕਿ ਪੱਤਰਕਾਰੀ ਵਿੱਚ ਪੇਸ਼ੇਵਰ ਨੈਤਿਕਤਾ ਨੂੰ ਕਾਇਮ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੋਵੇਗਾ ਕਿ ਉਹ ਸੰਵਿਧਾਨਕ ਅਥਾਰਟੀ ਵਾਲੀ ਸੰਸਥਾ ਨੂੰ ਹੋਂਦ ਵਿੱਚ ਲਿਆਏ ਅਤੇ ਇਸ ਉਦੇਸ਼ ਲਈ ਪ੍ਰੈੱਸ ਕੌਂਸਲ ਆਫ਼ ਇੰਡੀਆ ਦੀ ਸਥਾਪਨਾ ਕੀਤੀ ਗਈ ਸੀ।




16 ਨਵੰਬਰ ਦੇਸ਼ ਵਿੱਚ ਇੱਕ ਜ਼ੁੰਮੇਵਾਰ ਅਤੇ ਆਜ਼ਾਦ ਪ੍ਰੈਸ ਨੂੰ ਦਰਸਾਉਂਦਾ ਹੈ। ਜਿਵੇਂ ਕਿ ਹਾਲੀਆ ਘਟਨਾਵਾਂ ਦਰਸਾਉਂਦੀਆਂ ਹਨ ਮੀਡੀਆ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਇਸਦੇ ਆਪਣੇ ਕਾਰਜ ਨੂੰ ਖਤਰੇ ਵਿੱਚ ਪਾਉਂਦੀਆਂ ਹਨ ਜਿਸ ਵਿੱਚ ਧਰਮ ਦੇ ਨਾਮ ਤੇ ਰਾਸ਼ਟਰਵਾਦ ਦੀ ਮੌਜੂਦਾ ਪ੍ਰੀਖਿਆ, ਨਫ਼ਰਤ ਅਪਰਾਧ ਅਤੇ ਸਮਾਜਿਕ ਬੁਰਾਈਆਂ ਸ਼ਾਮਲ ਹਨ। ਜਿਆਦਾ ਮੀਡੀਆ ਨੇ ਇੱਕ ਵਿਨਾਸ਼ਕਾਰੀ ਭੂਮਿਕਾ ਨਿਭਾਈ ਹੈ ਭਾਵੇਂ ਇਹ ਧਾਰਮਿਕ ਵਿਚਾਰਧਾਰਾ ਦੇ ਪ੍ਰਚਾਰ ਰਾਹੀਂ ਹੋਵੇ, ਸੰਵੇਦਨਸ਼ੀਲ ਮਾਮਲਿਆਂ ਵਿੱਚ ਮਾੜੀ ਰਿਪੋਰਟਿੰਗ ਹੋਵੇ ਜਾਂ ਖੋਜੀ ਪੱਤਰਕਾਰੀ ਜਿਸਨੇ ਮੀਡੀਆ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਇਆ ਹੋਵੇ। ਸਮੇਂ ਦੇ ਨਾਲ ਮੀਡੀਆ ਦੇ ਆਪਣੇ ਵਿਚਾਰਾਂ, ਦ੍ਰਿਸ਼ਟੀਕੋਣਾਂ, ਸਬੂਤਾਂ ਅਤੇ ਗਿਆਨ ਨੂੰ ਪ੍ਰਸਾਰਿਤ ਕਰਨ ਦੇ ਢੰਗਾਂ ਦਾ ਵਿਸਥਾਰ ਹੋਇਆ ਹੈ। ਅੱਜਕੱਲ੍ਹ, ਬਲੌਗ, ਵਟਸਐਪ ਗਰੁੱਪ, ਯੂਟਿਊਬ ਚੈਨਲ, ਟੈਲੀਵਿਜ਼ਨ ਚੈਨਲ, ਅਖ਼ਬਾਰਾਂ, ਰਸਾਲੇ, ਸਮਾਰਟਫ਼ੋਨ ਅਤੇ ਡੈਸਕਟੌਪ ਐਪਸ ਸਮੇਤ ਕਈ ਤਰੀਕਿਆਂ ਨਾਲ ਗਿਆਨ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ। ਮੀਡੀਆ ਦੇਸ਼ ਦੇ ਸ਼ਾਸਨ ਅਤੇ ਸਮੁੱਚੇ ਵਿਕਾਸ ਲਈ ਮਹੱਤਵਪੂਰਨ ਹੈ। ਕਈ ਮੌਕਿਆਂ ਚਾਹੇ ਉਹ 1975 ਦੀ ਐਮਰਜੈਂਸੀ ਦਾ ਦੌਰ ਹੋਵੇ ਜਾਂ ਅੱਜ ਦਾ ਯੁੱਗ, ਕਿਸਾਨਾਂ ਦੇ ਵਿਆਪਕ ਵਿਰੋਧ ਦਾ ਦੌਰ, ਸੀਏਏ ਐਨਆਰਸੀ, ਮਨੀਪੁਰ, ਅਸਾਮ ਵਿੱਚ ਵਾਪਰੀਆਂ ਘਟਨਾਵਾਂ ਆਦਿ ਸਬੰਧੀ ਬਹੁਤ ਸਾਰੇ ਮੀਡੀਆ ਆਉਟਲੈਟ ਸੱਚੇ ਅਤੇ ਭਰੋਸੇਯੋਗ ਤੱਥਾਂ ਨੂੰ ਪ੍ਰਸਾਰਿਤ ਕਰਕੇ ਸ਼ਲਾਘਾਯੋਗ ਕੰਮ ਕਰ ਰਹੇ ਹਨ। ਬਹੁਤ ਸਾਰੇ ਮੀਡੀਆ ਆਉਟਲੈਟ ਪਹਿਲਾਂ ਜਾਣਕਾਰੀ ਦੀ ਤਸਦੀਕ ਕਰਨ ਨੂੰ ਤਰਜੀਹ ਨਹੀਂ ਦਿੰਦੇ ਹਨ ਅਤੇ ਇਸ ਦੀ ਬਜਾਏ ਟੀਆਰਪੀ ਹਾਸਲ ਕਰਨ ਲਈ ਆਪਣੀਆਂ 'ਬ੍ਰੇਕਿੰਗ ਨਿਊਜ਼' ਅਤੇ ਵਪਾਰਕ ਇਸ਼ਤਿਹਾਰਾਂ ਲਈ ਇਸ ਨੂੰ ਜਲਦੀ ਤੋਂ ਜਲਦੀ ਪਹੁੰਚਾਉਣ ਨੂੰ ਤਰਜੀਹ ਦਿੰਦੇ ਹਨ। ਵੱਡੀਆਂ ਕਾਰਪੋਰੇਸ਼ਨਾਂ ਅਤੇ ਸਿਆਸਤਦਾਨਾਂ ਦੁਆਰਾ ਮੀਡੀਆ ਦੇ ਨੈਤਿਕ ਅਭਿਆਸਾਂ ਨੂੰ ਅਤੀਤ ਅਤੇ ਵਰਤਮਾਨ ਵਿੱਚ ਕਮਜ਼ੋਰ ਕੀਤਾ ਗਿਆ ਹੈ।

ਮੀਡੀਆ ਨਿਗਰਾਨਾਂ ਦੁਆਰਾ ਸੰਪਾਦਕ ਨੂੰ ਚਿੱਠੀਆਂ ਅਤੇ ਕਾਲਮ ਵਰਗੀਆਂ ਵਿਧੀਆਂ ਮੀਡੀਆ ਦੀ ਪਾਰਦਰਸ਼ਤਾ ਨੂੰ ਕਾਇਮ ਰੱਖਦੀਆਂ ਹਨ। ਮੀਡੀਆ ਦੀ ਖਤਰਨਾਕ ਹੋ ਰਹੀ ਭੂਮਿਕਾ ਬਾਰੇ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਅਤੇ ਇਸਦੀ ਭੂਮਿਕਾ ਨੂੰ ਬਚਾਉਣ ਵਾਸਤੇ ਢੁੱਕਵੇਂ ਕਦਮ ਚੱਕਣੇ ਪੈਣਗੇ ਨਹੀਂ ਤਾਂ 16 ਨਵੰਬਰ ਦਾ ਦਿਹਾੜਾ ਜੋ ਕਿ ਰਾਸ਼ਟਰੀ ਪ੍ਰੈਸ ਦਿਵਸ ਵਜੋਂ ਮਨਾਇਆ ਜਾਂਦਾ ਹੈ ਸਿਰਫ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ।

# ਸਭ ਲਈ ਸਿੱਖਿਆ ਜਾਂ ਸਭ ਲਈ ਬਰਾਬਰ ਦੀ ਸਿੱਖਿਆ



ਗੁਰਮੀਤ ਪਲਾਹੀ
91-98158-02070

'ਸਭ ਲਈ ਸਿੱਖਿਆ' ਦੇਣ ਦਾ ਸੰਕਲਪ ਲਗਾਤਾਰ ਕੇਂਦਰ ਸਰਕਾਰ ਵਲੋਂ ਦੁਹਰਾਇਆ ਜਾ ਰਿਹਾ ਹੈ। ਪਰ ਸਭ ਲਈ ਬਰਾਬਰ ਦੀ ਸਿੱਖਿਆ ਦਾ ਸੰਕਲਪ ਦੇਸ਼ ਵਿਚੋਂ ਗਾਇਬ ਹੈ। ਸਿੱਖਿਆ ਖੇਤਰ 'ਚ ਦੇਸ਼ ਵਿੱਚ ਸਥਿਤੀ ਇਹ ਬਣੀ ਹੋਈ ਹੈ ਕਿ ਇੱਕ ਪਾਸੇ "ਪੰਜ ਤਾਰਾ" ਪਬਲਿਕ ਸਕੂਲ ਹਨ ਅਤੇ ਦੂਜੇ ਪਾਸੇ ਬੁਨਿਆਦੀ ਲੋੜਾਂ ਤੋਂ ਸੱਖਣੇ ਸਰਕਾਰੀ ਪ੍ਰਾਇਮਰੀ ਸਕੂਲ ਜਾਂ ਹਾਈ, ਸੀਨੀਅਰ ਸੈਕੰਡਰੀ ਸਕੂਲ ਹਨ, ਜਿਥੋਂ ਥੁੜਾਂ ਦੇ ਮਾਰੇ ਆਮ ਲੋਕਾਂ ਦੇ ਬੱਚੇ ਸਿੱਖਿਆ ਲੈਣ ਲਈ ਮਜ਼ਬੂਰ ਕਰ ਦਿੱਤੇ ਜਾਂਦੇ ਹਨ।

1990 ਵਿੱਚ ਯੂਨੈਸਕੋ, ਯੂਐਨਡੀਪੀ, ਯੂਨੀਸੈਫ, ਯੂਐਨ,ਐਫ ਪੀਏ ਅਤੇ ਵਿਸ਼ਵ ਬੈਂਕ ਦੀ ਸਾਂਝੀ ਵਿਸ਼ਵ ਕਾਨਫਰੰਸ ਵਿੱਚ ਵਿਸ਼ਵ ਦੇ ਹਰੇਕ ਨਾਗਰਿਕ, ਬੱਚੇ, ਬੁੱਢੇ, ਨੌਜਵਾਨ ਲਈ ਉੱਚ ਪੱਧਰੀ ਸਭ ਲਈ ਸਿੱਖਿਆ ਦਾ ਸੰਕਲਪ ਲਿਆ ਗਿਆ ਸੀ। ਇਹ ਮਹਿਸੂਸ ਕਰਦਿਆਂ ਕਿ ਮਨੁੱਖ ਦੀਆਂ ਸਭ ਤੋਂ ਵੱਡੀਆਂ ਲੋੜਾਂ ਵਿੱਚ ਸਿਹਤ, ਸ਼ੁੱਧ ਵਾਤਵਰਨ ਅਤੇ ਸਿੱਖਿਆ ਦਾ ਸਥਾਨ ਅਹਿਮ ਹੈ। ਪਰ ਸਿੱਖਿਆ ਹੀ ਇੱਕ ਇਹੋ ਜਿਹਾ ਅੰਗ ਹੈ, ਜੋ ਮਨੁੱਖ ਨੂੰ ਚੰਗੀ ਸਿਹਤ, ਚੰਗਾ ਆਲਾ-ਦੁਆਲਾ, ਆਪਣੀ ਚੰਗੀ ਹੋਂਦ ਸਿਰਜਨ 'ਚ ਸਹਾਇਕ ਹੁੰਦਾ ਹੈ। ਸਿੱਖਿਆ ਹੀ ਇਹੋ ਜਿਹਾ ਕਾਰਕ ਹੈ ਜੋ ਮਨੁੱਖ ਨੂੰ ਗਰੀਬੀ ਘਟਾਉਣ 'ਚ ਅਤੇ ਸਮਾਜਿਕ ਬਰਾਬਰਤਾ ਲਿਆਉਣ 'ਚ ਸਹਾਈ ਬਣਦਾ ਹੈ।

ਸਿੱਖਿਆ ਖੇਤਰ ਵਿੱਚ ਭਾਰਤ ਦੇ ਹਾਲਾਤ ਸੁਖਾਵੇਂ ਨਹੀਂ ਹਨ। ਸਲਾਨਾ ਸਟੇਟਸ ਸਿੱਖਿਆ ਰਿਪੋਰਟ (ਏ ਐਸ ਈ ਆਰ 2020) ਅਨੁਸਾਰ ਲਗਭਗ 5.5 ਫੀਸਦੀ 6 ਤੋਂ 17 ਸਾਲ ਦੀ ਉਮਰ ਦੇ ਬੱਚੇ ਦੇਸ਼ ਵਿੱਚ ਸਥਾਪਿਤ ਸਰਕਾਰੀ ਸਕੂਲਾਂ, ਪ੍ਰਾਈਵੇਟ ਸਿੱਖਿਆ ਅਦਾਰਿਆਂ ਤੋਂ ਬਾਹਰ ਹਨ। ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਦਸ਼ਾ ਬੇਹੱਦ ਖਰਾਬ ਹੈ ਅਤੇ ਸਕੂਲਾਂ ਤੋਂ ਭੱਜਣ ਵਾਲੇ ਜਾਂ ਮਜ਼ਬੂਰਨ ਸਕੂਲ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਵੱਡੀ ਹੈ। ਇਥੇ ਹੀ ਬਸ ਨਹੀਂ ਆਧੁਨਿਕ ਯੁੱਗ ਵਿੱਚ ਵੀ ਲੜਕਿਆਂ ਨਾਲੋਂ ਲੜਕੀਆਂ ਦੀ ਗਿਣਤੀ ਸਕੂਲਾਂ ਵਿੱਚ ਘੱਟ ਹੈ।

ਮੁੱਢਲੀ ਪੜ੍ਹਾਈ ਪ੍ਰਾਪਤ ਕਰਨ ਲਈ ਬੱਚਿਆਂ ਦਾ ਸਕੂਲ ਵਿੱਚ ਨਾ ਜਾਣ ਦਾ ਕਾਰਨ ਗਰੀਬੀ ਮੰਨਿਆ ਜਾਂਦਾ ਹੈ, ਕਿਉਂਕਿ ਮਾਪੇ ਰੋਜ਼ੀ, ਰੋਟੀ ਦਾ ਜੁਗਾੜ ਪੂਰਾ ਨਾ ਹੋਣ ਅਤੇ ਸਾਧਨਾਂ ਦੀ ਕਮੀ ਕਾਰਨ ਬੱਚਿਆਂ ਨੂੰ ਸਕੂਲਾਂ 'ਚ ਸਿੱਖਿਆ ਪ੍ਰਾਪਤੀ ਲਈ ਨਹੀਂ ਭੇਜਦੇ।

ਦੂਜਾ ਵੱਡਾ ਕਾਰਨ ਸਧਾਰਨ ਸਰਕਾਰੀ ਸਕੂਲਾਂ 'ਚ ਬੁਨਿਆਦੀ ਸਹੂਲਤਾਂ ਜਿਹਨਾ 'ਚ ਬੈਠਣ ਲਈ ਬੈਂਚ, ਡੈਸਕ, ਪਾਣੀ ਪੀਣ ਦੀ ਸੁਵਿਧਾ, ਲੈਟਰੀਨਾਂ ਦੀ ਸੁਵਿਧਾ ਇਥੋਂ ਤੱਕ ਕਿ ਕਮਰਿਆਂ ਦੀ ਘਾਟ ਚੰਗੇਰੀ ਸਿੱਖਿਆ ਲੈਣ/ਦੇਣ 'ਚ ਵੱਡੀ ਰੁਕਾਵਟ ਹੈ।

ਤੀਜਾ ਵੱਡਾ ਕਾਰਨ ਸਿੱਖਿਅਤ ਅਧਿਆਪਕਾਂ ਦੀ ਘਾਟ ਹੈ। ਸਰਕਾਰੀ ਸਕੂਲਾਂ 'ਚ ਨਵੀਆਂ-ਨਵੀਆਂ ਸਕੀਮਾਂ ਤਹਿਤ ਘੱਟ ਉਜਰਤ ਉਤੇ ਘੱਟ ਪੜ੍ਹੇ ਲਿਖੇ ਲੋਕਾਂ ਦੀ ਅਧਿਆਪਕਾਂ ਵਜੋਂ ਨਿਯੁੱਕਤੀ ਸਿੱਖਿਆ ਪ੍ਰਤੀ ਸਰਕਾਰ ਦੀ ਅਣਗਿਹਲੀ ਅਤੇ ਅਵੇਸਲੇਪਨ ਦੀ ਵੱਡੀ ਉਦਾਹਰਨ ਹੈ।

ਕਹਿਣ ਨੂੰ ਤਾਂ ਪਾਏਦਾਰ ਸਿੱਖਿਆ ਪ੍ਰਦਾਨ ਕਰਨ ਦੇ ਨਾਂਅ ਉਤੇ ਬਹੁਤ ਸਾਰੀਆਂ ਸਕੀਮਾਂ ਚਾਲੂ ਕੀਤੀਆਂ ਗਈਆਂ ਹਨ। ਸਰਵ ਸਿੱਖਿਆ ਅਭਿਆਨ, ਉਹਨਾ ਵਿਚੋਂ ਇੱਕ ਹੈ, ਜੋ ਉਮਰ ਗਰੁੱਪ 6 ਤੋਂ 14 ਸਾਲ ਦੇ ਸਭ ਬੱਚਿਆਂ ਲਈ ਸਿੱਖਿਆ ਦੇਣ ਦੀ ਗੱਲ ਕਰਦੀ ਹੈ। ਇਸ ਤਹਿਤ ਮੁਫ਼ਤ ਸਿੱਖਿਆ, ਪੁਸਤਕਾਂ ਆਦਿ ਸਮੇਤ ਸਰਕਾਰੀ ਸਕੂਲਾਂ 'ਚ ਦੇਣਾ ਤਹਿ ਹੈ।

ਆਰਟੀਈ (ਭਾਵ ਰਾਈਟ ਟੂ ਐਜੂਕੇਸ਼ਨ ਐਕਟ) ਵੀ ਸਰਕਾਰ ਵਲੋਂ ਪਾਸ ਕੀਤਾ ਗਿਆ ਹੈ। ਇਹ ਐਕਟ ਸਭ ਲਈ ਲਾਜ਼ਮੀ ਸਿੱਖਿਆ ਦੇਣ, ਚੰਗੀ ਪੜ੍ਹਾਈ ਦਾ ਪ੍ਰਬੰਧ ਕਰਨ, ਟਰੇਂਡ ਅਧਿਕਾਰਾਂ ਦੀ ਨਿਯੁੱਕਤੀ ਦਾ ਪ੍ਰਵਾਧਾਨ ਕਰਦਾ ਹੈ। ਬੱਚੇ ਸਕੂਲ ਆਉਣ ਅਤੇ ਸਿੱਖਿਆ ਪ੍ਰਾਪਤ ਕਰਨ ਇਸ ਵਾਸਤੇ ਦੁਪਿਹਰ ਦੇ ਭੋਜਨ ਦੀ ਵਿਵਸਥਾ ਵੀ ਕੀਤੀ ਗਈ ਹੈ।

ਕੁੱਲ ਮਿਲਾਕੇ ਦੇਸ਼ ਵਿੱਚ 15,07,708 ਸਕੂਲ ਹਨ, ਇਨ੍ਹਾਂ ਵਿੱਚੋਂ 10,32,570 ਸਕੂਲ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਚਲਾਉਂਦੀਆਂ ਹਨ ਜਦਕਿ 84,362 ਸਰਕਾਰੀ ਸਹਾਇਤਾ ਪ੍ਰਾਪਤ 3,40,753 ਗੈਰ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲ ਅਤੇ 53,277 ਹੋਰ ਸੰਸਥਾਵਾਂ ਵਲੋਂ ਚਲਾਏ ਜਾ ਰਹੇ ਹਨ।

ਸਰਕਾਰੀ ਸਕੂਲਾਂ ਵਿੱਚ 77।34 ਫੀਸਦੀ ਕੋਲ ਬਿਜਲੀ ਕੁਨੈਕਸ਼ਨ ਹੈ। ਲਗਭਗ 29,967 ਸਕੂਲਾਂ ਕੋਲ ਪਾਣੀ ਪੀਣ ਦੀ ਸੁਵਿਧਾ ਨਹੀਂ ਹੈ। 9 ਲੱਖ ਸਕੂਲਾਂ 'ਚ ਕੰਪਿਊਟਰ ਸਿੱਖਿਆ ਸੁਵਿਧਾ ਨਹੀਂ, 11 ਲੱਖ ਸਕੂਲਾਂ 'ਚ ਇੰਟਰਨੈਟ ਕੁਨੈਕਸ਼ਨ ਨਹੀਂ। ਹੈਰਾਨੀ ਦੀ ਗੱਲ ਹੈ ਕਿ 6465 ਸਕੂਲ ਇਮਾਰਤਾਂ ਤੋਂ ਬਿਨ੍ਹਾਂ ਚੱਲ ਰਹੇ ਹਨ।



ਬਾਵਜੂਦ ਇਸ ਸਭ ਕੁਝ ਦੇ ਕਿ ਬੁਨਿਆਦੀ ਸਹੂਲਤਾਂ ਦੀ ਸਕੂਲਾਂ 'ਚ ਕਮੀ ਹੈ ਕੇਂਦਰ ਸਰਕਾਰ ਵਲੋਂ 2021-22 ਦੇ ਬਜ਼ਟ 'ਚ ਸਿੱਖਿਆ ਉਤੇ ਖ਼ਰਚੇ 'ਚ 8।3 ਫੀਸਦੀ ਦੀ ਕਮੀ ਕਰ ਦਿੱਤੀ ਗਈ।

ਸਿੱਖਿਆ ਪ੍ਰਦਾਨ ਕਰਨ ਲਈ ਟਰੇਂਡ ਅਧਿਆਪਕਾਂ ਦੀ ਲੋੜ ਹੁੰਦੀ ਹੈ, ਕੇਂਦਰ ਤੇ ਸੂਬਾ ਸਰਕਾਰਾਂ ਵਲੋਂ ਸਮੇਂ ਸਮੇਂ ਤੇ ਸਕੂਲਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸ਼ਿਖਸ਼ਾ ਕਰਮੀ ਪ੍ਰਾਜੈਕਟ, ਜ਼ਿਲਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ, ਸਰਬ ਸਿੱਖਿਆ ਅਭਿਆਨ, ਨੈਸ਼ਨਲ ਪ੍ਰੋਗਰਾਮ ਆਫ ਨਿਊਟ੍ਰੀਸ਼ਨਲ ਸਪੋਰਟ ਟੂ ਪ੍ਰਾਇਮਰੀ ਐਜੂਕੇਸ਼ਨ ਜਿਹੇ ਪ੍ਰਾਜੈਕਟ ਲਿਆਂਦੇ ਅਤੇ ਅਧਿਆਪਕਾਂ ਦੀ ਨਿਯੁਕਤੀ ਇਹਨਾ ਪ੍ਰੋਗਰਾਮਾਂ ਤਹਿਤ, ਰੈਗੂਲਰ ਅਧਿਆਪਕਾਂ ਦੀ ਨਿਯੁੱਕਤੀ ਦੀ ਘਾਟ ਪੂਰੀ ਕਰਨ ਲਈ ਕੀਤੀ। ਪਰ ਦੇਸ਼ ਭਰ ਦੇ ਸਰਕਾਰੀ ਸਕੂਲਾਂ। ਵਿੱਚ ਇਸ ਸਮੇਂ 10 ਲੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਇਹ ਰਿਪੋਰਟ 31 ਦਸੰਬਰ 2022 ਤੱਕ ਦੀ ਹੈ।

ਇੱਕ ਪਾਰਲੀਮੈਂਟ ਪੈਨਲ ਨੇ ਸਰਕਾਰ ਨੂੰ 2020 'ਚ ਲਿਆਂਦੀ ਨੈਸ਼ਨਲ ਐਜੂਕੇਸ਼ਨ ਪਾਲਿਸੀ 'ਚ ਦਰਜ ਇਸ ਮੱਦ ਨੂੰ ਲਾਗੂ ਕਰਨ ਕਿ ਸਕੂਲਾਂ 'ਚ 30:1 ਦੇ ਅਨੁਪਾਤ ਅਨੁਸਾਰ ਅਧਿਆਪਕਾਂ ਦੀ ਭਰਤੀ ਹੋਣੀ ਚਾਹੀਦੀ ਹੈ, ਵੱਲ ਸਰਕਾਰ ਨੇ ਧਿਆਨ ਨਹੀਂ ਦਿੱਤਾ। ਕੁੱਲ ਮਿਲਾਕੇ ਸਕੂਲਾਂ ਵਿੱਚ 62,71,380 ਅਧਿਆਪਕਾਂ ਦੀਆਂ ਅਸਾਮੀਆਂ ਹਨ, ਜਿਹਨਾ ਵਿੱਚ 15।7 ਫੀਸਦੀ ਖਾਲੀ ਪਾਈਆਂ ਹਨ।

ਇਹ ਹੀ ਨਹੀਂ ਕਿ ਕੇਂਦਰ ਸਰਕਾਰ ਵਲੋਂ ਹੀ ਨਾਗਰਿਕਾਂ ਨੂੰ ਸਿੱਖਿਆ ਪ੍ਰਦਾਨ ਕਰਨ ਤੋਂ ਮੁੱਖ ਮੋੜਿਆ ਜਾ ਰਿਹਾ ਹੈ। ਰਾਜ ਸਰਕਾਰਾਂ ਦਾ ਵਤੀਰਾ ਵੀ ਇਹੋ ਜਿਹਾ ਹੀ ਹੈ। ਨਿੱਤ ਦਿਹਾੜੇ ਕਿਵੇਂ ਸਿਹਤ ਅਤੇ ਸਿੱਖਿਆ ਸਹੂਲਤਾਂ ਪ੍ਰਦਾਨ ਕਰਨ ਤੋਂ ਪਾਸਾ ਵੱਟਕੇ, ਨਿੱਜੀਕਰਨ ਦੀ ਪਾਲਿਸੀ ਤਹਿਤ ਪਬਲਿਕ ਸਕੂਲ, ਵੱਡੇ ਮਲਟੀ ਸਪੈਸ਼ਲਿਸਟ ਹਸਪਤਾਲ ਖੋਲ੍ਹੇ ਜਾ ਰਹੇ ਹਨ। ਉਹ ਸਰਕਾਰਾਂ ਦੀ ਇਸ ਨੀਅਤ ਨੂੰ ਸਪਸ਼ਟ ਕਰਦੇ ਹਨ ਕਿ ਸੰਵਿਧਾਨ ਦੀ ਧਾਰਾ 45 ਅਤੇ 21ਏ ਤਹਿਤ ਦਿੱਤੇ ਸਿੱਖਿਆ ਫਰਜ਼ਾਂ ਨੂੰ ਕਿਵੇਂ ਦਰਕਿਨਾਰ ਕੀਤਾ ਜਾ ਰਿਹਾ ਹੈ। ਸਭ ਲਈ ਸਿੱਖਿਆ ਪ੍ਰਦਾਨ ਕਰਨ ਦੀ ਗੱਲ ਲਾਗੂ ਕਰਨਾ ਤਾਂ ਹਾਲੇ ਦੂਰ ਹੈ ਹੀ, ਸਭ ਲਈ ਬਰਾਬਰ ਦੀ ਸਿੱਖਿਆ ਦੀ ਸੋਚ ਤਾਂ ਸਰਕਾਰਾਂ ਨੇ ਧਿਆਨ ਵਿੱਚ ਹੀ ਨਹੀਂ ਲਿਆਂਦੀ।

19 ਅਗਸਤ 2015 ਨੂੰ ਅਲਾਹਬਾਦ ਹਾਈ ਕੋਰਟ ਨੇ ਇੱਕ ਹੁਕਮ ਮੁੱਖ ਸਕੱਤਰ ਯੂਪੀ ਸਰਕਾਰ ਨੂੰ ਦਿੱਤਾ ਸੀ ਕਿ ਸਾਰੇ ਸਰਕਾਰੀ ਮੁਲਜ਼ਮ, ਅਫ਼ਸਰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਸਿੱਖਿਆ ਦੁਆਉਣ ਲਈ ਭਰਤੀ ਕਰਵਾਉਣ। ਮਾਨਯੋਗ ਅਦਾਲਤ ਦਾ ਪਹਿਲਾ ਮਨਸ਼ਾ ਸੀ ਕਿ ਗਰੀਬਾਂ, ਅਮੀਰਾਂ ਦੇ ਬੱਚੇ ਇਕੋ ਸਕੂਲ 'ਚ ਬਰਾਬਰ ਦੀ ਸਿੱਖਿਆ ਪ੍ਰਾਪਤ ਕਰਨ, ਦੂਜਾ ਸਰਕਾਰੀ ਅਫ਼ਸਰਾਂ ਨੂੰ ਇਹ ਅਹਿਸਾਸ ਹੋਵੇ ਕਿ ਸਰਕਾਰੀ ਸਕੂਲਾਂ ਦੇ ਜ਼ਮੀਨੀ ਹਾਲਾਤ ਕਿਹੋ ਜਿਹੇ ਹਨ ਅਤੇ ਉਹ ਇਹਨਾ ਹਾਲਾਤਾਂ ਦੇ ਸੁਧਾਰ ਲਈ ਨਿਤੀਗਤ ਫੈਸਲਿਆਂ ਦੇ ਨਾਲ-ਨਾਲ ਇਥੇ ਦੇ ਬੁਨਿਆਦੀ ਢਾਂਚੇ ਨੂੰ ਠੀਕ ਕਰਨ ਲਈ ਯਤਨ ਕਰਨ।

ਇਸ ਹਾਈ ਕੋਰਟ ਦੇ ਫੈਸਲੇ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ। ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਇਹ ਮੰਗ ਉਠੀ ਕਿ ਸਾਰੇ ਲੋਕਾਂ ਦੇ ਬੱਚੇ ਇਕੋ ਜਿਹੀ ਸਿੱਖਿਆ ਦੇ ਭਾਗੀਦਾਰ ਹਨ। ਉਹਨਾ ਦੇ ਬੱਚਿਆਂ ਦਾ ਵੀ ਹੱਕ ਹੈ ਕਿ ਉਹ ਚੰਗੇਰੀ ਸਿੱਖਿਆ, ਚੰਗੇਰੇ ਸਕੂਲਾਂ 'ਚ ਪ੍ਰਾਪਤ ਕਰਨ। ਕੇਂਦਰ ਸਰਕਾਰ ਨੇ ਰਾਈਟ ਟੂ ਐਜੂਕੇਸ਼ਨ ਐਕਟ ਦੇ ਤਹਿਤ ਤਹਿ ਕਰਕੇ ਸੀਬੀਐਸਈ ਮਾਨਤਾ ਪ੍ਰਾਪਤ ਪਬਲਿਕ, ਪ੍ਰਾਈਵੇਟ ਸਕੂਲਾਂ 'ਚ 15 ਫੀਸਦੀ ਸੀਟਾਂ ਆਮ ਲੋੜਬੰਦ, ਗਰੀਬ ਬੱਚਿਆਂ ਲਈ ਮੁਫ਼ਤ ਸਿੱਖਿਆ ਲਈ ਰਾਖਵੀਆਂ ਕੀਤੀਆਂ। ਪਰ ਇਸ ਹੁਕਮ ਨੂੰ ਲਾਗੂ ਨਾ ਕਰਨ ਲਈ ਆਪਣੇ ਦਾਅ ਪੇਚ ਵਰਤੇ 'ਤੇ ਸਧਾਰਨ ਪਰਿਵਾਰਾਂ ਦੇ ਬੱਚਿਆਂ ਨੂੰ ਇਹਨਾ ਸਕੂਲਾਂ 'ਚ ਦਾਖਲੇ ਲਈ ਆਨਾ-ਕਾਨੀ ਕੀਤੀ।

ਅਸਲ ਵਿੱਚ ਸਮਾਜ ਵਿੱਚ ਗਰੀਬ, ਅਮੀਰ ਦਾ ਵੱਧ ਰਿਹਾ ਪਾੜਾ, ਸਿੱਖਿਆ ਪ੍ਰਦਾਨ ਕਰਨ ਦੇ ਖੇਤਰ 'ਚ ਵੀ ਵਿਖਾਈ ਦਿੰਦਾ ਹੈ, ਜਿਥੇ ਗਰੀਬ ਬੱਚਿਆਂ ਲਈ ਚੰਗੇ ਸਕੂਲਾਂ ਦੀ ਕਮੀ ਹੈ ਅਤੇ ਸਰਕਾਰ ਵੀ ਸਕੂਲਾਂ 'ਚ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ 'ਚ ਅਸਮਰਥ ਨਜ਼ਰ ਆਉਂਦੀ ਹੈ, ਕਿਉਂਕਿ ਦੇਸ਼ ਦੀ ਅਫ਼ਸਰਸ਼ਾਹੀ ਤੇ ਵੱਡੇ ਸਿਆਸਤਦਾਨ ਲੋਕ ਭਲੇ ਹਿੱਤ ਕੰਮ ਤੋਂ ਕਿਨਾਰਾ ਕਰਕੇ ਸਿਰਫ਼ ਵੋਟ ਰਣਨੀਤੀ ਲਈ ਰਾਜਨੀਤੀ ਕਰਨ ਲੱਗੇ ਹਨ।

ਆਓ ਇਕ ਝਾਤ ਸਿੱਖਿਆ ਖੇਤਰ 'ਚ ਸਥਾਪਿਤ ਵੱਡੇ ਪ੍ਰਾਈਵੇਟ ਪਬਲਿਕ ਸਕੂਲਾਂ 'ਤੇ ਮਾਰੀਏ:-

ਪ੍ਰਾਈਵੇਟ ਸਕੂਲ ਚੰਗੀ ਸਿੱਖਿਆ ਲਈ ਜਾਣੇ ਜਾਂਦੇ ਹਨ। ਇਹਨਾਂ ਸਕੂਲਾਂ ਦੇ ਪ੍ਰਬੰਧਕਾਂ ਨੇ ਸਿੱਖਿਆ ਦਾ ਵਪਾਰੀਕਰਨ ਕੀਤਾ ਹੋਇਆ ਹੈ ਅਤੇ ਸਕੂਲਾਂ ਨੂੰ ਇੱਕ ਧੰਦੇ ਦੇ ਤੌਰ 'ਤੇ ਚਲਾਉਂਦੇ ਹਨ। ਵਿਦਿਆਰਥੀਆਂ ਲਈ ਸਕੂਲ 'ਚ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਵੱਧ ਤੋਂ ਵੱਧ ਫੀਸਾਂ ਵਿਦਿਆਰਥੀਆਂ ਤੋਂ ਅਟੇਰੀਆਂ ਜਾਂਦੀਆਂ ਹਨ। ਦੇਸ਼ 'ਚ ਕਈ ਸਕੂਲ ਤਾਂ ਇਹੋ ਜਿਹੇ ਹਨ ਜਿਹੜੇ ਪੰਜ ਤਾਰਾ, ਤਿੰਨ ਤਾਰਾ ਹੋਟਲਾਂ ਵਰਗੀਆਂ ਸਹੂਲਤਾਂ ਨਾਲ ਲੈਂਸ ਹਨ। ਇਹਨਾ ਸਕੂਲਾਂ 'ਚ ਵਧੀਆਂ ਲਾਇਬ੍ਰੇਰੀਆਂ, ਖੇਡ ਮੈਦਾਨ, ਸਾਇੰਸ ਲੈਬਾਰਟਰੀਜ਼, ਸੁਵਿਧਾਜਨਕ ਅਧਿਆਪਕ ਵਿਦਿਆਰਥੀ ਅਨੁਪਾਤ ਅਤੇ ਦਿਲ ਪ੍ਰਚਾਵੇਂ ਲਈ ਬਿਹਤਰੀਨ ਸਹੂਲਤਾਂ ਹਨ।

ਯੂਨੀਫਾਈਡ ਜ਼ਿਲਾ ਸੂਚਨਾ ਸਿਸਟਮ ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਭਰ ਵਿੱਚ 3,40,753 ਪ੍ਰਾਈਵੇਟ ਸਕੂਲ ਹਨ, ਜਦਕਿ ਸਰਕਾਰੀ ਸਕੂਲਾਂ ਦੀ ਗਿਣਤੀ 10,32,570 ਹੈ ਭਾਵ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦਾ ਅਨੁਪਾਤ ਲਗਭਗ 10:3 ਦਾ ਹੈ।

ਪ੍ਰਾਈਵੇਟ ਪਬਲਿਕ ਸਕੂਲਾਂ ਦਾ ਦੇਸ਼ 'ਚ ਬੋਲਬਾਲਾ ਹੈ। ਕੇਂਦਰ ਸਰਕਾਰ ਪ੍ਰਾਈਵੇਟ ਸਿੱਖਿਆ ਨੂੰ ਉਤਸ਼ਾਹਿਤ ਕਰ ਰਹੀ ਹੈ। ਨਵੀਂ ਸਿੱਖਿਆ ਪਾਲਿਸੀ ਤਹਿਤ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿੱਚ ਆਪਣੇ ਕੈਂਪਸ ਖੋਲ੍ਹਣ ਦਾ ਸੱਦਾ ਦਿੱਤਾ ਜਾ ਰਿਹਾ ਹੈ। ਭਾਵ ਸਿੱਖਿਆ ਦੇ ਨਿੱਜੀਕਰਨ ਅਤੇ ਵਪਾਰੀਕਰਨ ਦੇ ਦਰਵਾਜੇ ਖੋਲ੍ਹੇ ਜਾ ਰਹੇ ਹਨ ਤਾਂ ਇੱਕ ਉਹ ਵਿਦਿਆਰਥੀ, ਜਿਸਦੇ ਮਾਪਿਆਂ ਦੇ ਕਮਾਈ ਦੇ ਸਾਧਨ ਸੀਮਤ ਹਨ, ਇਹਨਾ ਅਦਾਰਿਆਂ 'ਚ ਸਿੱਖਿਆ ਕਿਵੇਂ ਪ੍ਰਾਪਤ ਕਰ ਸਕੇਗਾ? ਇਥੇ ਤਾਂ ਸਰਦੇ-ਪੁਜਦੇ ਘਰਾਂ ਦੇ ਵਿਦਿਆਰਥੀਆਂ ਦੇ ਬੱਚੇ ਹੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ।

ਸਿੱਖਿਆ ਅਤੇ ਸਿਹਤ ਕਿਸੇ ਵੀ ਲੋਕ ਹਿਤੈਸ਼ੀ , ਲੋਕ ਭਲਾਈ ਹਿੱਤ ਕੰਮ ਕਰਨ ਵਾਲੀ ਸਰਕਾਰ ਦੀ ਪਹਿਲ ਹੋਣੀ ਚਾਹੀਦੀ ਹੈ। ਇਹ ਦੋਵੇਂ ਕਾਰਕ ਮਨੁੱਖ ਨੂੰ ਜਿਆਦਾ ਸੱਭਿਅਕ ਬਨਾਉਣ ਲਈ ਕੰਮ ਕਰਦੇ ਹਨ। ਸਰਕਾਰਾਂ ਨੂੰ ਇਹ ਗੱਲ ਸਮਝਣ ਦੀ ਲੋੜ ਹੈ, "ਸਭ ਨੂੰ ਸਿੱਖਿਆ ਤਾਂ ਮਿਲੇ ਹੀ, ਪਰ ਸਭ ਲਈ ਬਰਾਬਰ ਦੀ ਸਿੱਖਿਆ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ"।

ਪਰ ਸਰਕਾਰਾਂ ਦੀ ਸਭ ਲਈ ਬਰਾਬਰ ਦੀ ਸਿੱਖਿਆ ਦੇਣ ਪ੍ਰਤੀ ਬੇਰੁਖ਼ੀ, ਆਪਣੇ ਫਰਜ਼ਾਂ ਤੋਂ ਕੋਤਾਹੀ ਸਮਾਨ ਹੈ।

### ਵਿਸ਼ਵ ਸ਼ੂਗਰ ਦਿਵਸ

# ਸ਼ੂਗਰ ਤੋਂ ਬਚਾਅ ਲਈ 30 ਸਾਲ ਤੋਂ ਵਧੇਰੇ ਉਮਰ ਦੇ ਹਰ ਵਿਅਕਤੀ ਦੀ ਸਿਹਤ ਦੀ ਜਾਂਚ ਜ਼ਰੂਰੀ: ਡਾ. ਨਵਜੋਤਪਾਲ ਸਿੰਘ ਭੁੱਲਰ

**ਤਪਾ, (ਦਲਜੀਤ ਕੌਰ)** ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ 'ਵਿਸ਼ਵ ਡਾਇਬਟੀਜ ਦਿਵਸ' ਮੌਕੇ ਸਬ ਡਵੀਜਨਲ ਹਸਪਤਾਲ ਤਪਾ ਵਿਖੇ ਲੋਕਾਂ ਨੂੰ ਸੂਗਰ ਰੋਗ ਬਾਰੇ ਜਾਗਰੂਕ ਕੀਤਾ ਗਿਆ। ਡਾ। ਭੁੱਲਰ ਨੇ ਦੱਸਿਆ ਕਿ ਸ਼ੂਗਰ ਮੈਟਾਬੋਲਿਕ ਬਿਮਾਰੀਆਂ ਦਾ ਇਕ ਸਮੂਹ ਹੈ, ਜਿਸ ਨਾਲ ਖੂਨ ਵਿੱਚ ਗੁਲੂਕੋਜ਼ ਦਾ ਪੱਧਰ ਸਾਧਾਰਨ ਨਾਲੋਂ ਜ਼ਿਆਦਾ ਹੋ ਜਾਂਦਾ ਹੈ ਅਤੇ ਇਹ ਸਰੀਰ ਦੇ ਕਿਸੇ ਵੀ ਹਿੱਸੇ ਨੂੰ ਪ੍ਰਭਾਵਿਤ ਕਰ ਸਕਦੀ ਹੈ। ਉਨ੍ਹਾਂ ਦੱਸਿਆ ਕਿ ਵਾਰ-ਵਾਰ ਪਿਸ਼ਾਬ ਆਉਣਾ, ਜ਼ਖ਼ਮ ਦਾ ਦੇਰੀ ਨਾਲ ਠੀਕ ਹੋਣਾ, ਅਚਾਨਕ ਵਜ਼ਨ ਘੱਟ ਜਾਣਾ, ਭੁੱਖ ਤੇ ਪਿਆਸ ਵਧੇਰੇ ਲੱਗਣਾ, ਹੱਥ ਪੈਰ ਸੁੰਨ੍ਹ ਹੋਣਾ ਆਦਿ ਸ਼ੂਗਰ ਦੀਆਂ ਨਿਸ਼ਾਨੀਆਂ ਹਨ ਤੇ ਅਜਿਹੇ ਨਿਸ਼ਾਨੀਆਂ ਵਾਲੇ ਮਰੀਜ਼ਾਂ ਨੂੰ ਤਰਜ਼ੀਹੀ ਤੌਰ 'ਤੇ ਆਪਣੀ ਸ਼ੂਗਰ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ 30 ਸਾਲ ਤੋਂ ਵੱਧ ਉਮਰ ਦੇ ਹਰ ਵਿਅਕਤੀ ਨੂੰ ਸਾਲ ਵਿੱਚ ਇੱਕ ਵਾਰ ਜਰੂਰ ਆਪਣੇ ਸਰੀਰ ਦੀ ਮੁਕੰਮਲ ਜਾਂਚ ਕਰਵਾਉਣੀ ਚਾਹੀਦੀ ਹੈ ਜੋ ਕਿ ਸਰਕਾਰੀ ਹਸਪਤਾਲਾਂ ਵਿਖੇ ਮੁਫਤ ਉਪਲੱਬਧ ਕਰਵਾਈ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਮਨੁੱਖੀ ਸਰੀਰ 'ਚ ਇਨਸੂਲਿਨ ਨਾਂ ਦਾ ਰਸ ਪੈਦਾ ਹੁੰਦਾ ਹੈ ਜੋ ਕਿ ਖਾਣ-ਪੀਣ ਦੀਆਂ ਚੀਜ਼ਾਂ ਤੋਂ ਪੈਦਾ ਹੋਏ ਗੁਲੂਕੋਜ਼ ਦੀ ਐਨਰਜੀ ਦੇ ਰੂਪ 'ਚ ਵਰਤੋਂ ਕਰਦਾ ਹੈ, ਪਰ ਕਈ ਵਾਰ ਸਰੀਰ 'ਚ ਇਨਸੂਲਿਨ ਘੱਟ ਬਣਦੀ ਹੈ ਜਾਂ ਫਿਰ ਬਿਲਕੁੱਲ ਹੀ ਨਹੀਂ ਬਣਦੀ, ਜਿਸ ਕਾਰਨ ਖੂਨ 'ਚ ਸ਼ੂਗਰ ਦੀ ਮਾਤਰਾ ਵੱਧਣ ਲੱਗਦੀ ਹੈ। ਇਸ ਅਵਸਥਾ ਨੂੰ ਸ਼ੂਗਰ ਕਿਹਾ ਜਾਂਦਾ ਹੈ। ਜੇਕਰ ਇਸ ਨੂੰ ਕੰਟਰੋਲ ਨਾ ਕੀਤਾ ਜਾਵੇ ਤਾਂ ਇਹ ਅੱਖਾਂ, ਕਿਡਨੀ, ਦਿਮਾਗ ਅਤੇ ਸਰੀਰ ਦੇ ਹੋਰਨਾਂ ਹਿੱਸਿਆਂ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ।



ਇਸ ਮੌਕੇ ਬਲਾਕ ਐਜੂਕੇਟਰ ਜਸਪਾਲ ਸਿੰਘ ਜਟਾਣਾ ਨੇ ਕਿਹਾ ਕਿ ਸ਼ੂਗਰ ਹੋਣ ਦਾ ਮੁੱਖ ਕਾਰਨ ਗਲਤ ਜੀਵਨ ਸ਼ੈਲੀ ਹੈ ਕਿਉਂਕਿ ਅੱਜ ਕੱਲ ਖਾਣ-ਪੀਣ ਦੇ ਤੌਰ 'ਤੇ ਖੰਡ ਜਾਂ ਮਿੱਠੇ ਤੋਂ ਬਣੀਆਂ ਚੀਜ਼ਾਂ, ਮੈਦੇ ਜਾਂ ਚਿਕਨਾਈ ਵਾਲੀਆਂ ਵਸਤੂਆਂ ਦੀ ਵਰਤੋਂ ਬਹੁਤ ਵੱਧ ਗਈ ਹੈ ਜੋ ਕਿ ਸਿਹਤ ਲਈ ਬਹੁਤ ਹਾਨੀਕਾਰਕ ਹੁੰਦੀਆਂ ਹਨ। ਇਸ ਤੋਂ ਇਲਾਵਾ ਸਰੀਰਕ ਗਤੀਵਿਧੀਆਂ ਦੀ ਘਾਟ ਵੀ ਇਸ ਦਾ ਕਾਰਨ ਬਣਦੀ ਹੈ। ਉਨ੍ਹਾਂ ਸ਼ੂਗਰ ਦੀ ਬਿਮਾਰੀ ਹੋਣ ਦੇ ਸੰਭਾਵਿਤ ਕਾਰਨਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਮੋਟਾਪਾ, ਕਸਰਤ ਨਾ ਕਰਨਾ, ਸੰਤੁਲਿਤ ਭੋਜਨ ਨਾ ਲੈਣਾ, ਜੀਵਨ ਵਿੱਚ ਤਣਾਓ, ਖਾਨਦਾਨੀ ਆਦਿ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਸ਼ੂਗਰ ਅੱਖਾਂ ਨੂੰ ਕਾਫੀ ਪ੍ਰਭਾਵਿਤ ਕਰ ਸਕਦੀ ਹੈ। ਜਿਸ ਨਾਲ ਮਰੀਜ਼ ਨੂੰ ਧੁੰਦਲਾ ਦਿਖਾਈ ਦੇਣਾ, ਕਾਲੇ ਧੱਬੇ ਦਿਖਣਾ, ਰੰਗਾਂ ਦੀ ਪਹਿਚਾਣ ਕਰਨ ਵਿੱਚ ਮੁਸ਼ਕਿਲ ਆਉਣਾ, ਅੰਨ੍ਹਾਪਣ ਹੋਣਾ ਆਦਿ ਵਰਗੀਆਂ ਸੱਮਸਿਆਵਾਂ ਹੋ ਸਕਦੀਆਂ ਹਨ। ਇਸ ਲਈ ਸ਼ੂਗਰ ਦੇ ਮਰੀਜਾਂ ਨੂੰ ਆਪਣੀ ਸਿਹਤ ਦਾ ਸਮੇਂ-ਸਮੇਂ ਚੈਕਅਪ ਕਰਵਾਉਣਾ ਜਰੂਰੀ ਹੈ।

ਉਨ੍ਹਾਂ ਦੱਸਿਆ ਕਿ ਹਰ ਇਕ ਵਿਅਕਤੀ ਨੂੰ ਰੋਜ਼ਾਨਾ ਦੀ 35-40 ਮਿੰਟ ਦੀ ਕਸਰਤ, ਸੰਤੁਲਿਤ ਅਹਾਰ, ਘੱਟ ਵਜਨ, ਪੂਰੀ ਨੀਂਦ ਲੈਣ ਅਤੇ ਤਣਾਅ ਮੁਕਤ ਜੀਵਨ ਸ਼ੈਲੀ ਅਪਣਾ ਕੇ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਇਸ ਮੌਕੇ ਡਾ। ਸ਼ਿਖਾ ਅਗਰਵਾਲ, ਡਾ। ਤਨੂੰ ਸਿੰਗਲਾ, ਐਸ।ਆਈ ਰਣਜੀਵ ਕੁਮਾਰ, ਜੂਨੀਅਰ ਸਹਾਇਕ ਬੂਟਾ ਸਿੰਘ, ਸੀ.ਐਚ.ਓ. ਸੰਦੀਪ ਕੌਰ ਮੰਗਤ ਸਿੰਘ, ਬੂਟਾ ਸਿੰਘ ਆਦਿ ਹਾਜ਼ਰ ਸਨ।

# ਆਓ ਪਿਤਾ ਦਾ ਦਿਲੋਂ ਸਤਿਕਾਰ ਕਰਨਾ ਸਿੱਖੀਏ



ਸੰਜੀਵ ਸਿੰਘ ਸੈਣੀ
7888966168

ਸਾਨੂੰ ਇਹ ਸੋਹਣਾ ਸੰਸਾਰ ਦਿਖਾਉਣ ਵਿਚ ਮਾਂ-ਬਾਪ ਦਾ ਅਹਿਮ ਰੋਲ ਹੁੰਦਾ ਹੈ।ਉਨ੍ਹਾਂ ਦੀ ਕਿਰਪਾ ਨਾਲ ਅਸੀਂ ਕੁਦਰਤ ਦੇ ਦਰਸ਼ਨ ਕਰਦੇ ਹਨ। ਜ਼ਿੰਦਗੀ ਵਿੱਚ ਕਾਮਯਾਬ ਹੋਣ ਪਿੱਛੇ ਪਿਓ ਦਾ ਸਭ ਤੋਂ ਅਹਿਮ ਰੋਲ ਹੁੰਦਾ ਹੈ। ਅਕਸਰ ਪਰਿਵਾਰਾਂ ਵਿੱਚ ਵੀ ਦੇਖਣ ਨੂੰ ਆਉਂਦਾ ਹੈ ਕਿ ਪਿਓ ਵੱਲੋਂ ਪੁੱਤਰ ਨੂੰ ਆਮ ਝਿੜਕਿਆ ਜਾਂਦਾ ਹੈ। ਤਾਂ ਜੋ ਉਹ ਕੱਲ੍ਹ ਨੂੰ ਕੋਈ ਗ਼ਲਤ ਕੰਮ ਨਾ ਕਰੇ।ਹਰ ਪਿਓ ਨੂੰ ਹੂੰਦਾ ਹੈ ਕਿ ਮੇਰਾ ਬੱਚਾ ਮੇਰੇ ਤੋਂ ਵੀ ਜਿਆਦਾ ਲਾਇਕ ਬਣੇ।ਜੇਕਰ ਅਸੀਂ ਪਿਛਲੇ 20 ਸਾਲ ਪਹਿਲਾਂ ਝਾਤ ਮਾਰ ਕੇ ਦੇਖੀਏ ਤਾਂ ਉਹ ਸਮਾਂ ਬਹੁਤ ਹੀ ਵਧੀਆ ਸੀ। ਪਿਓ ਵੱਲੋਂ ਬੱਚੇ ਨੂੰ ਝਿੜਕ ਦਿੱਤਾ ਜਾਂਦਾ ਸੀ ਤੇ ਅੱਗੋਂ ਬੱਚੇ ਬੋਲਦੇ ਵੀ ਨਹੀਂ ਸਨ। ਛਿੱਤਰਾਂ ਨਾਲ ਪਰੇਡ ਕਰ ਦਿੱਤੀ ਜਾਂਦੀ ਸੀ। ਕਈ ਵਾਰ ਤਾਂ ਬੱਚਿਆਂ ਦੀ ਛਿੱਤਰ ਪਰੇਡ ਤੱਕ ਹੋ ਜਾਂਦੀ ਸੀ। ਆਪ ਹੀ ਪਿਤਾ ਸਕੂਲ ਜਾ ਕੇ ਪ੍ਰਿੰਸੀਪਲ ਨੂੰ ਸ਼ਿਕਾਇਤ ਕਰਕੇ ਆਉਂਦੇ ਸਨ ਕਿ ਸਾਡਾ ਮੁੰਡਾ ਸਾਨੂੰ ਤੰਗ ਕਰਦਾ ਹੈ, ਜਾਂ ਘਰ ਵਿੱਚ ਬਿਲਕੁਲ ਵੀ ਪੜ੍ਹਾਈ ਨਹੀਂ ਕਰਦਾ ਹੈ। ਜੇਕਰ ਘਰ ਵਿਚ ਮੁੰਡਾ ਕੋਈ ਗ਼ਲਤ ਕੰਮ ਕਰ ਦਿੰਦਾ ਸੀ ਤਾਂ ਤਾਏ ਚਾਚਿਆਂ ਵੱਲੋਂ ਵੀ ਬੱਚੇ ਨੂੰ ਝਿੜਕ ਦਿੱਤਾ ਜਾਂਦਾ ਸੀ। ਆਮ ਸੁਣਦੇ ਹੀ ਹਨ ਕਿ ਪਿਓ ਕਦੇ ਵੀ ਆਪਣੇ ਬੱਚੇ ਦਾ ਮਾੜਾ ਨਹੀ ਸੋਚਦਾ। ਸਮਾਂ ਬਦਲਿਆ। ਅੱਜ ਦੇ ਸਮੇਂ ਜੇ ਪਿਓ ਬੱਚੇ ਨੂੰ ਝਿੜਕ ਜ਼ਿੰਦਾ ਹੈਂ ਤਾਂ ਬੱਚਾ ਕੋਈ ਗਲਤ ਕਦਮ ਉਠਾ ਲੈਂਦਾ ਹੈ। ਤੇ ਆਪਣੀ ਜ਼ਿੰਦਗੀ ਤੋਂ ਹੱਥ ਵੀ ਧੋ ਲੈਂਦਾ ਹੈ। ਅਜਿਹੀਆਂ ਵਾਰਦਾਤਾਂ ਅਸੀਂ ਆਮ ਸੁਣਦੇ ਹਨ। ਅੱਜ ਕੱਲ ਦੇ ਬੱਚੇ ਤਾਂ ਮਾਂ ਬਾਪ ਨੂੰ ਅੱਖਾਂ ਦਿਖਾਉਣ ਲੱਗ ਪਏ ਹਨ। ਬਿਲਕੁਲ ਵੀ ਉਨ੍ਹਾਂ ਨੂੰ ਡਰ ਨਹੀਂ ਰਿਹਾ ਹੈ। ਮਾਂ ਬਾਪ ਨੂੰ ਪੁੱਛੇ ਬਿਨਾਂ ਹੀ ਆਪਣੀ ਜਿੰਦਗੀ ਦੇ ਫੈਸਲੇ ਕਰਨ ਲੱਗ ਗਏ ਹਨ। ਜੇ ਭਲਾ ਉਹਨਾਂ ਬੱਚਿਆਂ ਨੂੰ ਪੁੱਛਿਆ ਜਾਵੇ ਕਿ ਮਾਂ-ਬਾਪ ਦਾ ਜਿੰਦਗੀ ਵਿੱਚ ਕੀ ਰੋਲ ਹੈ? ਅੱਜ ਤੁਸੀਂ ਮਾਂ ਬਾਪ ਤੋਂ ਬਗੈਰ ਹੀ ਆਪਣੇ ਫੈਸਲੇ ਲੈ ਰਹੇ ਹੋ।

ਕੀ ਤੁਸੀਂ ਆਪਣੇ ਮਾਂ-ਬਾਪ ਤੋਂ ਵੀ ਉੱਪਰ ਹੋ ਚੁੱਕੇ ਹੋ? ਜੋ ਤੁਸੀਂ ਆਪਣੀ ਜ਼ਿੰਦਗੀ ਦੇ ਅਹਿਮ ਫ਼ੈਸਲੇ ਲੈ ਰਹੇ ਹੋ। ਇੱਥੋਂ ਤੱਕ ਕਿ ਵਿਆਹ ਵਰਗਾ ਫ਼ੈਸਲਾ ਜੋ ਪਤੀ ਪਤਨੀ ਦਾ ਸਾਰੀ ਉਮਰ ਦਾ ਸਬੰਧ ਹੁੰਦਾ ਹੈ, ਅਜਿਹੇ ਫ਼ੈਸਲੇ ਵੀ ਅੱਜਕਲ




ਦੀ ਪੀੜ੍ਹੀ ਮਾਂ ਬਾਪ ਨੂੰ ਬਿਨਾਂ ਪੁੱਛਿਆਂ ਹੀ ਲੈ ਰਹੀ ਹੈ। ਫਿਰ ਜਦੋਂ ਕੱਲ ਨੂੰ ਕੋਈ ਤਕਰਾਰ ਪੈਦਾ ਹੁੰਦਾ ਹੈ ਜਾਂ ਮੁਸੀਬਤ ਖੜ੍ਹੀ ਹੋ ਜਾਂਦੀ ਹੈ ਤਾਂ ਮਾਂ ਬਾਪ ਨੂੰ ਚੇਤੇ ਕੀਤਾ ਜਾਂਦਾ ਹੈ। ਭਲੇ ਮਾਣਸੋ ਮਾਂ-ਬਾਪ ਆਪਣੀ ਔਲਾਦ ਦਾ ਕਦੇ ਮਾੜਾ ਥੋੜ੍ਹੀ ਸੋਚਦੇ ਨੇ। ਜੇ ਸਮਾਂ ਰਹਿੰਦਿਆਂ ਮਾਂ-ਬਾਪ ਦੀ ਫ਼ੈਸਲਿਆਂ ਵਿਚ ਰਾਏ ਲੈ ਲਈ ਜਾਵੇ ਤਾਂ ਅਜਿਹੇ ਮਾੜੇ ਦਿਨ ਫ਼ਿਰ ਦੇਖਣ ਨੂੰ ਨਹੀਂ ਮਿਲਦੇ। ਜਿਨ੍ਹਾਂ ਦੇ ਸਿਰ ਤੇ ਪਿਓ ਨਹੀਂ ਹਨ, ਉਨ੍ਹਾਂ ਨੂੰ ਪੁੱਛ ਕੇ ਦੇਖੋ ਕਿਵੇਂ ਉਹ ਆਪਣਾ ਸਮਾਂ ਗੁਜਾਰਦੇ ਹਨ। ਪਿਓ ਦੀ ਜਗਾ ਕੋਈ ਨਹੀ ਲੈ ਸਕਦਾ। ਕਈ ਵਾਰ ਦੇਖਣ ਵਿੱਚ ਵੀ ਆਉਂਦਾ ਹੈ ਕਿ ਜਿਨ੍ਹਾਂ ਦੇ ਸਿਰ ਤੇ ਪਿਤਾ ਦਾ ਸਾਇਆ ਨਹੀਂ ਹੁੰਦਾ, ਉਹਨਾਂ ਦੇ ਪਿਤਾ ਦੀ ਜਗ੍ਹਾ ਚਾਹੇ ਤਾਇਆਂ, ਚਾਚਾ ਖੜਦਾ ਵੀ ਹੈ, ਉਹ ਗੱਲ ਨਹੀਂ ਬਣਦੀ। ਵਿਆਹ ਪ੍ਰੋਗਰਾਮਾਂ ਵਿੱਚ ਪਿਤਾ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੁੰਦੀ ਹੈ । ਅਜਿਹੇ ਵੇਲਾ ਜਦੋਂ ਪਿਓ ਨਹੀਂ ਹੁੰਦਾ ,ਤਾਂ ਕਿਨਾਂ ਮਨ ਭਰਦਾ ਹੋਣਾ। ਪੁੱਛ ਕੇ ਦੇਖੋ ਅਜਿਹੇ ਲੋਕਾਂ ਨੂੰ ਜਿਨ੍ਹਾਂ ਨੂੰ ਹਰ ਪਲ ਪਿਤਾ ਦੀ ਕਮੀ ਮਹਿਸੂਸ ਹੁੰਦੀ ਰਹਿੰਦੀ ਹੈ।

ਪਿਤਾ ਹਮੇਸ਼ਾ ਚਾਹੁੰਦਾ ਹੈ ਕਿ ਮੇਰਾ ਬੱਚਾ ਮੇਰੇ ਨਾਲੋਂ ਵਧੀਆ ਮੁਕਾਮ ਹਾਸਲ ਕਰੇ। ਜੇ ਪਿਤਾ ਚਾਰ ਗੱਲਾਂ ਕਹਿ ਵੀ ਲੈਂਦਾ ਹੈ ਤਾਂ ਬੱਚਿਆਂ ਨੂੰ ਆਪਣੇ ਪਿਤਾ ਦੇ ਮੂਹਰੇ ਬਿਲਕੁਲ ਵੀ ਨਹੀਂ ਬੋਲਣਾ ਚਾਹੀਦਾ। ਕੋਈ ਵੀ ਕਿੰਤੂ ਪ੍ਰੰਤੂ ਨਹੀਂ ਕਰਨੀ ਚਾਹੀਦੀ। ਪਿਤਾ ਦੀ ਸ਼ਖਤੀ ਨੂੰ ਬਰਦਾਸ਼ ਕਰਨਾ ਸਿੱਖੋ। ਹਮੇਸ਼ਾ ਬੱਚਿਆਂ ਨੂੰ ਆਪਣੇ ਪਿਤਾ ਦੀਆਂ ਗੱਲਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।ਮਾਂ ਪਿਉ ਦੇ ਸਾਹਮਣੇ ਹਮੇਸ਼ਾ ਸ਼ਹਿਣਸ਼ੀਲ ਹੀ ਰਹਿਣਾ ਚਾਹੀਦਾ ਹੈ। ਹਮੇਸ਼ਾ ਆਪਣੇ ਪਿਉ ਦਾ ਸਨਮਾਨ ਕਰਨਾ ਚਾਹੀਦਾ ਹੈ। ਜੋ ਅੱਜ-ਕੱਲ ਦੇ ਬੱਚੇ ਹਨ, ਉਹਨਾਂ ਨੂੰ ਆਪਣੇ ਪਿਤਾ ਦਾ ਹਰ ਹੁਕਮ ਮੰਨਣਾ ਚਾਹੀਦਾ ਹੈ। ਸਵੇਰੇ ਸਵੇਰੇ ਉਠਦੇ ਸਾਰ ਹੀ ਬੱਚਿਆਂ ਨੂੰ ਆਪਣੇ ਪਿਤਾ ਦੇ ਚਰਨ ਸਪਰਸ਼ ਕਰਨੇ ਚਾਹੀਦੇ ਹਨ। ਹਮੇਸ਼ਾ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਨਾਲ ਜੀ ਕਹਿ ਕੇ ਗੱਲ ਕਰਨੀ ਚਾਹੀਦੀ। ਜਦੋ ਵੀ ਕਈ ਵਾਰ ਪਿਤਾ ਨੂੰ ਗੁੱਸਾ ਆ ਜਾਂਦਾ ਹੈ ਤਾਂ ਬੱਚਿਆਂ ਨੂੰ ਸ਼ਾਂਤ ਰਹਿਣਾ ਚਾਹੀਦਾ ਹੈ। ਆਪਣੀਆਂ ਨਜ਼ਰਾਂ ਨੂੰ ਪਿਤਾ ਦੀਆਂ ਨਜ਼ਰਾਂ ਨਾਲ ਨਹੀਂ ਮਿਲਾਉਣਾ ਚਾਹੀਦਾ। ਅਕਸਰ ਆਮ ਵੀ ਕਿਹਾ ਜਾਂਦਾ ਹੈ ਕਿ ਮਾਂ ਦੇ ਪੈਰਾਂ ਵਿਚ ਸਵਰਗ ਹੁੰਦਾ ਹੈ। ਪਰ ਜੋ ਪਿਓ ਹੁੰਦਾ ਹੈ, ਉਹ ਸਵਰਗ ਦਾ ਦਰਵਾਜ਼ਾ ਹੁੰਦਾ ਹੈ। ਪਿਉ ਹਮੇਸ਼ਾ ਆਪਣੇ ਬੱਚੇ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਚਾਹੇ ਆਪ ਠੰਡ ਵਿੱਚ ਟੁੱਟੀ ਹੋਈ ਜੁੱਤੀਆਂ ਪਾਵੇ, ਪਰ ਪਿਓ ਆਪਣੀ ਔਲਾਦ ਨੂੰ ਹਮੇਸ਼ਾ ਹੀ ਵਧੀਆ ਜੁੱਤੀ ਲੈ ਕੇ ਦਿੰਦਾ ਹੈ। ਆਪਣੇ ਬੱਚਿਆਂ ਨੂੰ ਪਿਓ ਵਧੀਆ ਖਾਣ-ਪੀਣ ਦੀਆਂ ਚੀਜ਼ਾਂ ਮੁਹੱਈਆ ਕਰਵਾਉਂਦਾ ਹੈ। ਸਿਰਫ ਇੱਕ ਮਾਂ ਪਿਓ ਹੀ ਹਨ ਜੋ ਆਪਣੇ ਬੱਚਿਆਂ ਨੂੰ ਪਿਆਰ ਕਰਦੇ ਹਨ। ਤਾਏ ਚਾਚੇ, ਮਾਮੇ ਕੋਈ ਵੀ ਲਾਡ ਪਿਆਰ ਨਹੀਂ ਕਰ ਸਕਦਾ। ਸੋ ਬੱਚਿਓ! ਆਪਣੇ ਪਿਤਾ ਦੀ ਸ਼ਕਤੀ ਨੂੰ ਬਰਦਾਸ਼ਤ ਕਰੋ। ਕਹਾਵਤ ਵੀ ਹੈ ਕਿ ਸੂਰਜ ਗਰਮ ਜ਼ਰੂਰ ਹੁੰਦਾ ਹੈ, ਜੇ ਡੁੱਬ ਜਾਏ ਤਾਂ ਹਨੇਰਾ ਛਾ ਜਾਂਦਾ ਹੈ। ਪਿਆਰੇ ਬੱਚਿਓ ਜਿਸ ਤਰ੍ਹਾਂ ਵੀ ਤੁਹਾਡਾ ਪਿਓ ਤੁਹਾਨੂੰ ਕਹਿੰਦਾ ਆਪਣੇ ਪਿਓ ਦੀ ਗੱਲ ਨੂੰ ਖਿੜੇ ਮੱਥੇ ਪ੍ਰਵਾਨ ਕਰੋ।

---



## ਕਹਾਣੀ

# "ਸੁਪਨਾ ਨਹੀ ਹਕੀਕਤ ਸੀ ਹਕੀਕਤ"

ਰਾਜਿੰਦਰ ਸਿੰਘ ਰਾਜਨ ਪਠਾਨਕੋਟ
91-94174-27656

ਤਨਦੇਹੀ ਅਤੇ ਪਾਰਦਰਸ਼ੀ ਨਾਲ ਕੀਤੀ ਮਿਹਨਤ ਵਾਲੇ ਇਨਸਾਨ ਨੂੰ ਉਹ ਮਾਲਕ ਜਿੰਦਗੀ ਦੇ ਉਸ ਮੁਕਾਮ ਤੱਕ ਕਦੋਂ ਪਹੁੰਚਾ ਦਿੰਦਾ ਹੈ, ਸਮਾਂ ਆਉਣ ਤੇ ਉਸ ਦੀਆਂ ਆਉਣ ਵਾਲੀਆ ਪੁਸਤਾ ਇਕ ਦਿਨ ਇਸ ਗੱਲ ਦਾ ਅਹਿਸਾਸ ਜਰੂਰ ਕਰਦੀਆਂ ਹਨ। ਇਸੇ ਤ੍ਰਰਾਂ ਦੇ ਸੁਭਾਅ ਦਾ ਇੱਕ ਸ਼ਹਿਰ ਦਾ ਨਾਮੀ ਰੁਲਦੂ ਹਲਵਾਈ ਜੋ ਹਰ ਕਿਸੇ ਨਾਲ ਮਿੱਠਬੋਲੜਾ, ਹੱਕ-ਹਲਾਲ ਦੀ ਕਮਾਈ ਕਰਨ ਵਾਲਾ, ਪ੍ਰਮਾਤਮਾ ਵਿੱਚ ਪੂਰਨ ਭਰੋਸਾ ਤੇ ਵਿਸ਼ਵਾਸ ਰੱਖਣ ਵਾਲਾ, ਹਰ ਛੋਟੇ-ਵੱਡੇ ਨਾਲ ਪਿਆਰ ਨਾਲ ਬੋਲਣ ਵਰਗੇ ਅਹਿਮ ਗੁਣ ਰੱਖਦਾ ਸੀ ਜਿਸ ਦੇ ਮਿਠਾਸ ਭਰੇ ਗੁਣਾ ਕਾਰਨ ਜਿਹੜਾ ਵਿਆਕਤੀ ਇਕ ਵਾਰ ਦੁਕਾਨ ਤੇ ਆ ਜਾਂਦਾ ਮੁੜ ਦੂਜੇ ਪਾਸੇ ਧਿਆਨ ਨਾ ਕਰਦਾ। ਪਰਾਤ ਵਾਲੀ ਬਰਫ਼ੀ, ਗਰਮ ਗਰਮ ਚਾਸਣੀ ਵਾਲੇ ਰਸਗੁਲੇ ਅਤੇ ਛੋਟੇ ਛੋਟੇ ਖ਼ਸਤਾ ਸਮੋਸੇ ਦੇਖਕੇ ਬਦੋ ਬਦੀ ਮੂੰਹ ਵਿੱਚ ਪਾਣੀ ਆ ਜਾਂਦਾ। ਸਵੇਰੇ 11 ਵੱਜੇ ਤੋਂ ਬਾਅਦ ਦੁਪਹਿਰ 4 ਵੱਜੇ ਤੱਕ ਲਭਿਆ ਨਾ ਲੱਭਦੇ ਗਰਮ ਗਰਮ ਚਾਸਣੀ ਵਾਲੇ ਰਸਗੁਲੇ, ਪਰਾਂਤ ਵਾਲੀ ਬਰਫ਼ੀ ਅਤੇ ਛੋਟੇ ਛੋਟੇ ਖ਼ਸਤਾ ਸਮੋਸੇ।

ਰੁਲਦੂ ਹਲਵਾਈ ਦਾ ਇਕਲੌਤਾ ਪੁੱਤਰ ਬੂਟੀ ਰਾਮ ਪੱੜਨ ਵਿੱਚ ਅੱਵਲ ਦਰਜੇ ਦਾ ਪੜਾਕੂ ਸੀ। ਰੁਲਦੂ ਰਾਮ ਆਪਣੇ ਬੇਟੇ ਨੂੰ ਅਫ਼ਸਰ ਦੇਖਣਾ ਚਾਹੁਦਾ ਸੀ ਜਿਸ ਕਾਰਣ ਉਸ ਨੂੰ ਵੱਧ ਤੋਂ ਵੱਧ ਪੜ੍ਹਨ ਦੀ ਸਲਾਹ ਦਿਆ ਕਰਦਾ। ਉਸ ਦਾ ਬੇਟਾ ਬੂਟੀ ਰਾਮ ਇਸ ਗੱਲ ਦੇ ਬਾਵਜੂਦ ਵੀ ਪੜ੍ਹਨ ਦੇ ਨਾਲ ਨਾਲ ਬਾਪ ਨਾਲ ਹੱਥ ਵਿਟਾਉਣਾ ਆਪਣਾ ਕਰਤੱਵ ਸਮਜਦਾ ਸੀ। ਬੂਟੀ ਰਾਮ ਚੰਗੇ ਨੰਬਰ ਲੈਕੇ ਬੀ ਏ ਦੀ ਪੜਾਈ ਪਾਸ ਕਰ ਗਿਆ। ਬੈਂਕ ਵਿੱਚ ਪ੍ਰੋਬੇਸ਼ਨਰੀ ਅਫਸਰ (ਪੀ.ਓ.) ਦਾ ਟੈਸਟ ਪਾਸ ਕਰਕੇ ਸਹਾਇਕ ਬੈਂਕ ਮੈਨੇਜਰ ਤੈਨਾਤ ਹੋ ਗਿਆ। ਘਰ ਵਿੱਚ ਖ਼ੁਸ਼ੀ ਦਾ ਮਾਹੌਲ, ਰੂਲਦੂ ਹਲਵਾਈ ਤੇ ਉਸ ਦੀ ਪੱਤਨੀ ਰਾਣੀ ਫੁੱਲੇ ਨਹੀ ਸੀ ਸਮਾਅ ਰਹੇ। ਗਲੀ ਮੁਹੱਲੇ ਵਿੱਚ ਵੀ ਰੁਲਦੂ ਰਾਮ ਦੀਆਂ ਨੇਕ ਨੀਤੀਆਂ ਦੇ ਚਰਚੇ ਛਿੜੇ "ਕਿ ਇਹ ਹੈ ਹੱਕ ਹਲਾਲ ਦੀ ਕਮਾਈ"। ਬੂਟੀ ਰਾਮ ਆਪਣੇ ਪਿਤਾ ਰੁਲਦੂ ਹਲਵਾਈ ਦਾ ਚੰਗਾ ਸੰਸਕਾਰੀ ਬੱਚਾ ਸੀ। ਉਸ ਨੂੰ ਬੈਂਕ ਵਿੱਚ ਨੌਕਰੀ ਮਿਲਣ ਨਾਲ ਚੰਗੇ ਰਿਸ਼ਤੇ ਆਉਣੇ ਸ਼ੁਰੂ ਹੋ ਗਏ। ਜਿਸ ਤਰ੍ਹਾਂ ਦੀ ਘਰੇਲੂ ਕੰਮ-ਕਾਜ ਵਾਲੀ ਉਹ ਲੜਕੀ ਚਾਹੁੰਦੇ ਸਨ, ਕਿਸੇ ਵਿਚੋਲੇ ਰਾਹੀ ਰੁਲਦੂ ਹਲਵਾਈ, ਉਸ ਦੀ ਪੱਤਨੀ ਰਾਣੀ ਤੇ ਉਨ੍ਹਾਂ ਦਾ ਬੇਟਾ ਬੂਟੀ ਰਾਮ ਲੜਕੀ ਵਾਲਿਆ ਦੇ ਘਰ ਦੇਖਣ ਲਈ ਪਹੁੰਚ ਗਏ। ਤਿੰਨਾ ਨੂੰ ਲੜਕੀ ਪਸੰਦ ਆ ਗਈ। ਜਦੋਂ ਰੁਲਦੂ ਹਲਵਾਈ ਨੇ ਲੜਕੀ ਦੇ ਪਿਤਾ ਨੂੰ ਬਾਕੀ ਦੇ ਪ੍ਰੀਵਾਰ ਦੀ ਜਾਂਣ ਪਛਾਣ ਪੁਛੀ ਤਾਂ ਉਸ ਨੇ ਦੱਸਿਆ ਕਿ ਮੇਰੀ ਪੱਤਨੀ ਤੋਂ ਇਲਾਵਾ ਮੇਰੀਆਂ ਚਾਰ ਧੀਆਂ ਹਨ। ਇਹ ਸੁਣਕੇ ਬੂਟੀ ਰਾਮ ਦੀ ਮਾਂ ਰਾਣੀ ਦੇ ਚੇਹਰੇ ਦੇ ਹਾਵ-ਭਾਵ ਬੱਦਲਦੇ ਦੇਖ, ਲੱੜਕੀ ਦਾ ਪਿਤਾ ਹੱਥ ਜੋੜ ਕੇ ਰੁਲਦੂ ਹਲਵਾਈ ਨੂੰ ਕਹਿਣ ਲੱਗਾ, ਮੇਰੀਆ ਚਾਰ ਧੀਆਂ ਹੋਣ ਕਾਰਨ ਹਰ ਬੰਦਾ ਨਾਂਹ ਕਰਕੇ ਚਲਿਆ ਜਾਂਦਾ ਹੈ। ਰੁਲਦੂ ਹਲਵਾਈ ਉਸ ਦੀ ਇਹ ਗੱਲ ਸੁਣਕੇ ਫੱਟ ਬੋਲਿਆ, ਅੱਛਾ ! ਜੇ ਇਹ ਗੱਲ ਹੈ ਤਾਂ ਇਹ ਰਿਸ਼ਤਾ ਪੱਕਾ ਸਮਝ ਤੇ ਬੂਟੀ ਰਾਮ ਦਾ ਕਰ ਮੂੰਹ ਮਿੱਠਾ। ਦਿਆਨਤਦਾਰੀ ਦਾ ਇਹ ਵੀ ਇਕ ਪਹਿਲੂ ਸੀ ਰੁਲਦੂ ਰਾਮ ਦਾ।

ਮੈਨੇਜਰ ਬੂਟੀ ਰਾਮ ਦਾ ਵਿਆਹ ਬਹੁਤ ਸਾਦੇ ਢੰਗ ਨਾਲ ਕੀਤਾ ਗਿਆ।ਸਮੇ ਦੀ ਰਫ਼ਤਾਰ ਨਾਲ ਜਿੰਦਗੀ ਦੇ ਸਫ਼ਰ ਵਿੱਚ ਰੁਲਦੂ ਹਲਵਾਈ ਤੇ ਉਸ ਦੀ ਪੱਤਨੀ ਰਾਣੀ ਨੂੰ ਦੋ ਪੋਤਰਿਆਂ ਦੇ ਮੂੰਹ ਦੇਖਣੇ ਵੀ ਨਸੀਬ ਹੋਏ। ਬੈਂਕ ਵਿੱਚ ਵਧੀਆ ਸੇਵਾਵਾ ਸਦਕਾ ਬੂਟੀ ਰਾਮ ਮੁੱਖ ਪ੍ਰਬੰਧਕ ਤੇ ਫਿਰ ਚੀਫ ਮੈਨੇਜਰ ਬਣਿਆ। ਘਰ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਗਿਆ।

ਕੁਝ ਸਾਲਾ ਬਾਅਦ ਰੁਲਦੂ ਹਲਵਾਈ ਦੀ ਪੱਤਨੀ ਰਾਣੀ ਦਿਲ ਦਾ ਦੌਰੇ ਨਾਲ ਚੱਲ ਵੱਸੀ। ਘਰ ਵਿੱਚ ਮਾਤਮ ਛਾਇਆ ਰਿਹਾ। ਪੂਰੇ ਇਕ ਸਾਲ ਬਾਅਦ ਮਾਮੂਲੀ ਬੁਖਾਰ ਕਾਰਨ ਰੁਲਦੂ ਹਲਵਾਈ ਅੱਲਾ ਨੂੰ ਪਿਆਰਾ ਹੋ ਗਿਆ। ਦੇਖਦੇ ਹੀ ਦੇਖਦੇ ਦੁਕਾਨ ਨੂੰ ਤਾਲੇ ਲੱਗ ਗਏ। ਸ਼ਹਿਰ ਵਿੱਚ ਪਰਾਤ ਵਾਲੀ ਬਰਫ਼ੀ, ਗਰਮ ਗਰਮ ਚਾਸਣੀ ਵਾਲੇ ਰਸਗੁਲੇ ਅਤੇ ਛੋਟੇ ਛੋਟੇ ਖਸਤਾ ਸਮੋਸਿਆ ਤੋਂ ਲੋਕ ਵਾਂਝੇ ਹੋ ਗਏ।



ਜ ਦੋਂ ਖੁਲੀ ਜੀਪ ਵਿੱਚ ਸਵਾਰ ਫੁੱਲ ਮਲਾਵ ਨਾਲ ਲੱਦਿਆ, ਅਕਾਸ਼ ਵਿੱਚ ਗੂੰਜਾ ਪਾਉਂਦੇ ਮੋਹਰੇ-ਮੋਹਰੇ ਢੋਲ ਦੇ ਡਗੇ ਦੀ ਆਵਾਜ਼, ਆਲੇ ਦੁਆਲੇ ਸਕੇ-ਸਬੰਧੀ, ਦੋਸਤਾ ਦੀ ਚਹਿਲ - ਪਹਿਲ ਨਾਲ ਗੱਲੀਉ ਗਲੀ ਆਪਣੇ ਘਰ ਵੱਲ ਬੂਟੀ ਰਾਮ ਜਾ ਰਿਹਾ ਸੀ ਤਾਂ ਰਸਤੇ ਵਿੱਚ ਲੋਕ ਖੱੜ ਖੱੜ ਦੇਖਣ ਤੇ ਇਕ ਦੂਜੇ ਨੂੰ ਪੁੱਛਣ ਕਿ ਚੋਣਾ ਤਾਂ ਹੋ ਗਈਆ ਹਨ, ਇਹ ਕਿਹੜਾ ਰਾਜ ਨੇਤਾ ਹੈ,ਤੇ ਜਦੋਂ ਇਹ ਪਤਾ ਲੱਗੇ ਕਿ ਇਹ ਮਸ਼ਹੂਰ ਰੁਲਦੂ ਹਲਵਾਈ ਦਾ ਮੁੰਡਾ ਹੈ ਜੋ ਅੱਜ ਚੀਫ ਮੈਨੇਜਰ ਦੇ ਅਹੁੱਦੇ ਤੋਂ ਸੇਵਾ ਮੁਕਤ ਹੋਕੇ ਆਪਣੇ ਘਰ ਜਾ ਰਿਹਾ ਹੈ ਤਾਂ ਪੁੱਛਣ ਵਾਲੇ ਲੋਕ ਅੱਛਾ - ਅੱਛਾ ਕਹਿਕੇ ਚਲਦੇ ਬਣਦੇ। ਘਰ ਪਹੁੰਚਦਿਆ ਹੀ ਬੂਹੇ ਮੋਹਰੇ ਗੇਟ ਤੇ ਆਉ ਜੀ, "ਜੀ ਆਇਆ ਨੂੰ" ਸੱਜ ਵਿਆਹੀ ਦੁਲਹਨ ਵਾਂਗ ਸਿਜਾਇਆ ਹੋਇਆ ਝਿਲਮਿਲ ਝਿਲਮਿਲ ਕਰ ਰਿਹਾ ਸੀ,ਦੂਸ਼ਰੇ ਪਾਸੇ ਘਰ ਦੇ ਨਾਲ ਖਾਲੀ ਪਲਾਟ ਨੂੰ ਵਧੀਆ ਤੰਬੂ-ਕਨਾਤਾ ਨਾਲ ਸਿਜਾਇਆ ਵੀ ਖੂਬਸੂਰਤੀ ਦਾ ਪ੍ਰਤੀਕ ਸੀ, ਜਿਸ ਦੇ ਅੰਦਰ ਵੱਖ ਵੱਖ ਤ੍ਰਰਾਂ ਦੇ ਪੱਕਵਾਨ,ਤੱਤੇ-ਠੰਡੇ ਤੇ ਮਿਸਠਾਨ ਦੇ ਮੱਜੇ ਲੈ ਕੇ ਚੀਫ ਮੈਨੇਜਰ ਬੂਟੀ ਰਾਮ ਲੋਕਾਂ ਦੀ ਵਾਹ ਵਾਹ ਖੱਟ ਰਿਹਾ ਤੇ ਵਧਾਈ ਕਬੂਲ ਰਿਹਾ ਸੀ। ਚੀਫ ਮੈਨੇਜਰ ਬੂਟੀ ਰਾਮ ਦਾ ਇਕ ਕਮਰਾ ਤਾਂ ਸਕੇ-ਸਬੰਧੀ, ਦੋਸਤਾ ਵੱਲੋਂ ਲਿਆਂਦੇ ਤੋਹਫਿਆ ਨਾਲ ਹੀ ਭੱਰ ਗਿਆ। ਘਰ ਵਿੱਚ ਪੂਰੇ ਚਾਅ ਜਿਵੇਂ ਜੰਝ ਢੁਕੀ ਹੋਵੇ। ਡੀਜੇ ਵਾਲੇ ਦੇ ਕਮਾਲ ਨੇ ਸੱਕੇ ਸਬੰਧੀਆਂ ਤੇ ਯਾਰਾ ਦੋਸਤਾਂ ਨੂੰ ਝੂਮਣੇ ਲਾ ਲਿਆ। ਖੂਬ ਰੌਣਕਾ ਲੱਗੀਆ।

ਚੀਫ ਮੈਨੇਜਰ ਬੂਟੀ ਰਾਮ ਦੀ ਪੱਤਨੀ ਸਤੋ ਦੇਵੀ ਉਨ੍ਹਾਂ ਦੇ ਦੋ ਬੇਟੇ ਇੰਜੀ: ਬਿੱਟੂ ਤੇ ਇੰਜੀ: ਪੱਪੂ ਬੀਟੈਕ ਕਰਕੇ ਆਮ ਨੌਜੁਆਨ ਵਾਂਗ ਨੌਕਰੀ ਤੋਂ ਵਾਂਝੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿੜ ਰਹੇ, ਵੀ ਲੋਕਾਂ ਦੀ ਆਉ ਭਗਤ ਵਿੱਚ ਲੱਗੇ ਖੁਸ਼ੀ ਦੇ ਮਹੌਲ ਵਿੱਚ ਫੁੱਲੇ ਨਹੀ ਸੀ ਸਮਾਅ ਰਹੇ।

ਸੇਵਾ ਮੁਕਤੀ ਦੀ ਸਮਾਪਤੀ ਤੋਂ ਬਾਅਦ ਮੈਨੇਜਰ ਬੂਟੀ ਰਾਮ ਹੁਣ ਰਾਤ ਨੂੰ ਲੇਟਣ ਸਮੇਂ ਇਹ ਸੋਚ ਰਿਹਾ ਸੀ ਕਿ ਜਿਵੇਂ ਉਹ ਵੀ ਆਪਣੇ ਬੱਚਿਆ ਵਾਂਗ ਬੇਰੁਜ਼ਗਾਰ ਹੋ ਗਿਆ ਹੋਵੇ। ਬੱਚਿਆ ਦੀ ਪੜਾਈ ਤੇ ਲੱਖਾ ਰੁਪਏ ਖਰਚ ਕਰਨ ਉਪਰੰਤ ਵੀ ਉਹ ਬੇਰੁਜ਼ਗਾਰ ਦੀ ਮਾਰ ਝੱਲ ਰਹੇ ਸਨ। ਕਿਵੇਂ ਅਗਾਂਹ ਬੱਚਿਆ ਦੇ ਅਧੂਰੇ ਕਾਰਜ ਕਰਨੇ ਹਨ, ਹੁਣ ਬੱਚਿਆ ਦੇ ਸਾਰੇ ਕਾਰਜ ਚੀਫ ਮੈਨੇਜਰ ਬੂਟੀ ਰਾਮ ਦੇ ਸਿਰ ਤੇ ਮੰਡਰਾਉਣ ਲੱਗੇ। ਉਹ ਇਹ ਵੀ ਸੋਚ ਰਿਹਾ ਸੀ ਕਿ ਉਹ ਵੀ ਦਿਨ ਸੀ ਜਦੋਂ ਸ਼ਹਿਰ ਅੰਦਰ ਮੇਰੇ ਪਿਤਾ ਦੇ ਨਾਮ ਦੀ ਕਦੇ ਤੂਤੀ ਬੋਲਦੀ ਸੀ। ਇਹ ਸੋਚਦੇ ਸੋਚਦੇ ਮੈਨੇਜਰ ਬੂਟੀ ਰਾਮ ਦੀ ਅੱਖ ਲੱਗ ਗਈ ਤੇ ਸੁਪਨਿਆਂ ਅੰਦਰ ਖੋਅ ਗਿਆ। ਸੁਪਨੇ ਵਿੱਚ ਕੀ ਦੇਖਦਾ ਹੈ ਕਿ ਪਿਤਾ ਰੁਲਦੂ ਹਲਵਾਈ ਉਸ ਨੂੰ ਆਕੇ ਕਹਿਣ ਲੱਗਿਆ ਕਿ ਬੇਟਾ ਮੇਰੀ ਹਲਵਾਈ ਵਾਲੀ ਦੁਕਾਨ ਕਈ ਸਾਲਾਂ ਤੋਂ ਬੰਦ ਪਈ ਏ ਤੇ ਇੰਝ ਕਰ ਕਿ ਜਿੰਨ੍ਹਾਂ ਪੈਸਾ ਰਿਟਾਇਰਮੈਂਟ ਤੇ ਮਿਲਿਆ ਹੈ ਸਾਰਾ ਉਥੇ ਲਗਾਕੇ ਵਧੀਆ ਦਿਖ ਵਾਲੀ ਸਵੀਟ ਸਾਪ ਖੋਲ੍ਹ ਲੈ, ਤੈਨੂੰ ਕੋਈ ਸਮੱਸਿਆ ਨਹੀ ਆਏਗੀ ਕਿਉਂਕਿ ਸਾਰਾ ਕੰਮ-ਕਾਜ ਕਰਨਾ ਤਾਂ ਤੈਨੂੰ ਵਿਰਸ਼ੇ ਚ ਮਿਲਿਆ ਹੀ ਹੈ। ਇਹ ਸੁਪਨਾ ਦੇਖ ਮੈਨੇਜਰ ਬੂਟੀ ਰਾਮ ਇਕ ਦੱਮ ਉਠਕੇ ਬੈਠ ਗਿਆ ਤੇ ਆਪਣੇ ਬਾਪ ਦੀ ਯਾਦ ਵਿੱਚ ਮਨ ਭਰ ਲੈਂਦਾ ਹੈ ਤਾਂ ਕਹਿਣ ਲੱਗਿਆ ਕਿ ਜਦੋਂ ਮੈ ਕਹਿੰਦਾ ਸੀ ਕਿ ਮੈ ਹੁਣ ਬਾਰਵੀ ਜਮਾਤ ਚੰਗੇ ਨੰਬਰ ਲੈਕੇ ਪਾਸ ਕਰ ਲਈ ਹੈ ਤਾਂ ਹੁਣ ਮੈ ਹਿਸਾਬ ਕਿਤਾਬ ਵਿੱਚ ਟਰੇਂਡ ਹੋ ਗਿਆ ਹਾਂ, ਪਾਪਾ ਤੁਹਡੇ ਨਾਲ ਹੱਥ ਵਿਟਾਉਣ ਦੇ ਕਾਬਲ ਹੋ ਗਿਆ ਹਾਂ, ਉਸ ਸਮੇਂ ਤਾਂ ਪਾਪਾ ਤੁਸੀ ਮੈਨੂੰ ਅਫ਼ਸਰ ਦੇਖਣਾ ਚਾਹੁੰਦੇ ਸੀ,ਹੁਣ ਅਫ਼ਸਰ ਤੋ ਰਿਟਾਇਰਡ ਹੋਇਆ ਹਾਂ ਤਾਂ ਮੈਨੂੰ ਹੁਣ ਹਲਵਾਈ ਬਣਨਾ ਦੇਖਣਾ ਚਾਹੁੰਦੇ ਹੋ--! ਖੈਰ, ਤੁਹਾਡੇ ਪੈਰ ਚਿੰਨ੍ਹ ਤੇ ਚਲਦਾ ਹੋਇਆ ਤੁਹਾਡੇ ਸੁਪਨੇ ਦੀ ਇਹ ਖਾਹਿਸ਼ ਵੀ ਪੂਰੀ ਕਰਾਂਗਾ।

ਦਿਨ ਚੜਦੇ ਹੀ ਮੈਨੇਜਰ ਬੂਟੀ ਰਾਮ ਨੇ ਆਪਣੀ ਪੱਤਨੀ,ਦੋਵੇ ਬੇਟਿਆਂ ਨੂੰ ਉਠਾਇਆ ਤੇ ਰਾਤ ਆਇਆ ਸੁਪਨਾ ਸੁਣਾਇਆਂ। ਸਾਰਿਆ ਨੇ ਮੈਨੇਜਰ ਬੂਟੀ ਰਾਮ ਨੂੰ ਜਿਸ ਤ੍ਰਰਾਂ ਠੀਕ ਲੱਗਦਾ ਹੈ, ਦੀ ਸਹਿਮਤੀ ਜਿੱਤਾਈ। ਸਾਰੇ ਜਾਣੇ ਸਵੇਰ ਦਾ ਭੋਜਨ ਖਾਣ ਉਪਰੰਤ ਰੁਲਦੂ ਹਲਵਾਈ ਦੀ ਤਸਵੀਰ ਨੂੰ ਮੱਥਾ ਟੇਕਿਆ ਤੇ ਨਿਕਲ ਤੁਰੇ ਆਪਣੀ ਬੰਦ ਪਈ ਦੁਕਾਨ ਤੇ। ਦੁਕਾਨ ਤੇ ਪਹੁੰਚ ਕੇ ਦੁਕਾਨ ਖੋਲ੍ਹਕੇ ਸਾਰਿਆ ਮਾਲਕ ਨੂੰ ਯਾਦ ਕਰਦਿਆ ਮੱਥਾ ਟੇਕਿਆ। ਆਲੇ ਦੁਆਲੇ ਦੇ ਦੁਕਾਨਦਾਰ ਜਿਵੇਂ ਸੱਪ ਸੁਗ ਗਿਆ ਹੋਵੇ, ਵਿੱਚੋ ਇੱਕਾ-ਦੂਕਾ ਨੇ "ਸੁਕਰ ਹੈ, ਤੁਸੀ ਵੀ ਦੁਕਾਨ ਦਾ ਬੂਹਾ ਖੋਲਿਆ ! ਕਹਿਕੇ ਖੁਸ਼ੀ ਸਾਂਝੀ ਕੀਤੀ।

ਕੁੱਝ ਮਹੀਨਿਆਂ ਵਿੱਚ ਯੋਜਨਾਬੱਧ ਤਰੀਕੇ ਨਾਲ ਖ਼ੂਬਸੂਰਤ ਦੁਕਾਨ ਤਿਆਰ ਕਰਕੇ ਉਸ ਵਿੱਚ ਰੁਲਦੂ ਹਲਵਾਈ ਦੀ ਤਸਵੀਰ ਲਗਾਕੇ ਫੱਲ ਮਲਾਵਾ ਅਰਪਣ ਕਰਦਿਆਂ ਦੁਕਾਨ ਦਾ ਮੁਹਰਤ ਕਰ ਦਿੱਤਾ। "ਰੁਲਦੂ ਸਵੀਟ" ਤੇ ਲੱਗੇ ਕਾਰੀਗਰਾਂ ਨੂੰ ਮੈਨੇਜਰ ਬੂਟੀ ਰਾਮ ਨੇ ਆਪਣੇ ਪਿਤਾ ਰੁਲਦੂ ਤੋਂ ਸਿਖੇ ਗੁਰ ਅਨੁਸਾਰ ਪਰਾਤ ਵਾਲੀ ਬਰਫ਼ੀ, ਗਰਮ ਗਰਮ ਚਾਸਣੀ ਵਾਲੇ ਰਸਗੁਲੇ ਅਤੇ ਛੋਟੇ ਛੋਟੇ ਖਸਤਾ ਸਮੋਸੇ ਅਤੇ ਹੋਰ ਅਨੇਕਾ ਮਿਸਠਾਨ ਤਿਆਰ ਕਰਕੇ ਦੁਕਾਨ ਵਧੀਆ ਢੰਗ ਨਾਲ ਸਜਾ ਦਿੱਤੀ। ਸ਼ਹਿਰ ਵਿੱਚ ਰੁਲਦੂ ਹਲਵਾਈ ਦੀ ਦੁਕਾਨ ਖੁਲ੍ਹਣ ਦੀ ਚਰਚਾ ਛਿੜੀ ਤਾਂ ਦੁਕਾਨ ਤੇ ਲੋਕਾਂ ਦਾ ਤਾਂਤਾ ਲੱਗਣ ਲੱਗਾ। ਕੁੱਝ ਹੀ ਮਹੀਨਿਆਂ ਵਿੱਚ ਸ਼ਹਿਰ ਵਾਸੀਆਂ ਦੀ ਭੀੜ ਉਮੜੀ ਦੇਖ ਦੁਕਾਨ ਦਾ ਪਸਾਰ ਹੋਰ ਕਰ ਲਿਆ ਗਿਆ। ਮੈਨੇਜਰ ਬੂਟੀ ਰਾਮ, ਉਸ ਦੀ ਪੱਤਨੀ ,ਦੋ ਬੇਟਿਆਂ ਸਮੇਤ ਕਰੀਬ ਦਰਜਨ ਮੁਲਾਜ਼ਮ ਇਸ ਦੁਕਾਨ ਵਿੱਚ ਕੰਮ ਕਰਦੇ। ਦੁਕਾਨ ਦੇ ਵਾਰੇ ਨਿਆਰੇ ਹੁੰਦੇ ਦੇਖ ਮੈਨੇਜਰ ਬੂਟੀ ਰਾਮ ਦੇ ਦੋਵੇ ਬੇਟੇ ਬਿੱਟੂ ਤੇ ਪੱਪੂ ਦਾ ਨਾਂ ਵੀ ਆਪਣੇ ਦਾਦੇ ਵਾਂਗ ਮਸ਼ਹੂਰ ਹੋ ਗਿਆ। ਹੁਣ ਬੂਟੀ ਰਾਮ ਦੀ ਤ੍ਹਰਾਂ ਬੇਟਾ ਬਿੱਟੂ ਤੇ ਪੱਪੂ ਦੇ ਰਿਸ਼ਤੇ ਵੀ ਅੱਗੇ ਪਿੱਛੇ ਭੱਜਣ ਲੱਗੇ ਤੇ ਦੋਵਾਂ ਦੇ ਵਿਆਹ ਸ਼ਾਨੋ-ਸ਼ੌਕਤ ਨਾਲ ਕੀਤੇ ਗਏ।

ਮੈਨੇਜਰ ਬੂਟੀ ਰਾਮ ਹਰ ਰੋਜ ਦੀ ਤਰ੍ਹਾਂ ਆਪਣੇ ਈਸਟ ਅਤੇ ਬਾਪ ਦੀ ਤਸਵੀਰ ਮੋਹਰੇ ਮੱਥਾ ਟੇਕਣ ਉਪਰੰਤ ਘਰ ਦੇ ਬਗੀਚੇ ਵਿੱਚ ਤੱੜਕ-ਸਾਰ ਸੈਰ ਕਰਦਾ ਕਰਦਾ ਆਪਣੇ ਬਾਪ ਦਾ ਆਇਆ ਸੁਪਨਾ "ਬੇਟਾ ਮੇਰੀ ਹਲਵਾਈ ਵਾਲੀ ਬੰਦ ਦੁਕਾਨ ਖੋਲ੍ਹ, ਜਿੰਨ੍ਹਾਂ ਪੈਸਾ ਰਿਟਾਇਰਮੈਂਟ ਤੇ ਮਿਲਿਆ ਹੈ ਸਾਰਾ ਉੱਥੇ ਲਗਾਦੇ" ਨੂੰ ਯਾਦ ਕਰਦਾ ਕਰਦਾ ਸ਼ੋਚ ਰਿਹਾ ਸੀ ਕਿ ਬਾਪ ਦਾ ਆਇਆ ਉਹ ਸੁਪਨਾ ਆਖ਼ਿਰ "ਸੁਪਨਾ ਨਹੀ ਹਕੀਕਤ ਸੀ ਹਕੀਕਤ" ਜਿਸ ਨੇ ਅੱਜ ਮੈਨੂੰ ਤੇ ਮੇਰੇ ਪਰਿਵਾਰ ਨੂੰ ਬੁਲੰਦੀਆ ਤੇ ਲਿਆ ਖੜਾ ਕੀਤਾ ਹੈ।

# ਗਦਰ ਪਾਰਟੀ ਦਾ ਸਭ ਤੋਂ ਘੱਟ ਉਮਰ ਦਾ ਫਾਂਸੀ ਤੇ ਚੜਨ ਵਾਲਾ ਯੋਧਾ- ਸ਼ਹੀਦ ਕਰਤਾਰ ਸਿੰਘ ਸਰਾਭਾ

ਭਾਰਤ ਦੀ ਅਜ਼ਾਦੀ ਦੇ ਇਤਿਹਾਸ ਵਿੱਚ 16 ਨਵੰਬਰ ਦਾ ਦਿਨ ਇਸ ਲਈ ਮਹੱਤਵ ਪੂਰਨ ਹੈ, ਕਿਉਂਕਿ ਇਸ ਦਿਨ ਅਜ਼ਾਦੀ ਲਹਿਰ ਦੇ ਸਭ ਤੋਂ ਛੋਟੀ ਉਮਰ ਦੇ, ਗਦਰ ਪਾਰਟੀ ਦੇ ਯੋਧੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 107ਵਾਂ ਸ਼ਹੀਦੀ ਦਿਹੜਾ ਹੈ, ਸ਼ਹੀਦ ਕਰਤਾਰ ਸਿੰਘ ਸਰਾਭਾ ਇੱਕ ਵਿਅੱਕਤੀ ਨਹੀ ਬਲਕਿ ਸੋਚ ਦਾ ਨਾਮ ਹੈ। ਅਜ਼ਾਦੀ ਦੀ ਲਹਿਰ ਵਿੱਚ ਕੁੱਦਣ ਲਈ ਸ਼ਹੀਦ ਭਗਤ ਸਿੰਘ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਅਦਰਸ਼ ਮੰਨਦਾ ਸੀ। ਕਹਿੰਦੇ ਨੇ ਕਿ ਕਰਤਾਰ ਸਿੰਘ ਸਰਾਭਾ ਦੀ ਤਕਰੀਰ ਇੰਨੀ ਭਰਭਾਵਸ਼ਾਲੀ ਸੀ ਕਿ ਉਹ ਹਰਇੱਕ ਦਾ ਦਿੱਲ ਜਿੱਤ ਲੈਂਦਾ ਸੀ, ਇਹੀ ਕਾਰਨ ਸੀ ਕਿ ਉਸਨੇ ਫੌਜੀ ਬੈਰਕਾਂ ਵਿੱਚੋਂ ਬਹੁਤ ਸਾਰੇ ਫੌਜੀਆਂ ਨੂੰ ਗਦਰ ਕਰਨ ਲਈ ਪ੍ਰੇਰਿਆ ਸੀ।

1896 ਵਿੱਚ ਪਿੰਡ ਸਰਾਭਾ (ਲੁਧਿਆਣਾ ਜ਼ਿਲ੍ਹੇ ਵਿੱਚ) ਵਿੱਚ ਪੈਦਾ ਹੋਏ, ਕਰਤਾਰ ਸਿੰਘ ਦਾ ਪਾਲਣ-ਪੋਸ਼ਣ ਬਹੁਤ ਪਿਆਰ ਅਤੇ ਲਾਡ ਨਾਲ ਹੋਇਆ। ਬਹੁਤ ਹੀ ਕੋਮਲ ਉਮਰ ਵਿੱਚ ਆਪਣੇ ਪਿਤਾ ਨੂੰ ਗੁਆਉਣ ਤੋਂ ਬਾਅਦ, ਉਸਦੇ ਦਾਦਾ, ਸਰਦਾਰ ਮੰਗਲ ਸਿੰਘ ਨੇ ਉਸਨੂੰ ਪਾਲ਼ਿਆ। ਪਿੰਡ ਦੇ ਸਕੂਲ ਵਿੱਚ ਮੁੱਢਲੀ ਸਿੱਖਿਆ ਤੋਂ ਬਾਅਦ ਕਰਤਾਰ ਸਿੰਘ ਨੇ ਖ਼ਾਲਸਾ ਸਕੂਲ ਲੁਧਿਆਣਾ ਵਿੱਚ ਦਾਖ਼ਲਾ ਲੈ ਲਿਆ।

ਅਕਾਦਮਿਕ ਤੌਰ 'ਤੇ, ਉਹ ਇੱਕ ਔਸਤ ਵਿਦਿਆਰਥੀ ਸੀ, ਦੋਸਤਾਂ ਨਾਲ ਹਾਸਾ ਮਜ਼ਾਕ ਕਰਨਾਂ ਉਸਦਾ ਸੁਭਾਅ ਸੀ, ਅਤੇ ਉਸਨੂੰ ਉਸ ਦੇ ਸਹਿਪਾਠੀਆਂ ਦੁਆਰਾ 'ਅਫਲਾਤੂਨ' ਕਿਹਾ ਜਾਂਦਾ ਸੀ। ਉਹ ਹਰ ਕਿਸੇ ਨੂੰ ਪਿਆਰ ਕਰਨ ਵਾਲਾ ਇਨਸਾਨੀਅਤ ਨੂੰ ਪ੍ਰਣਾਇਆ ਵਿਦਿਆਰਥੀ ਸੀ। ਇੱਕ ਵੱਖਰੇ ਸੁਭਾਅ ਦਾ ਮਾਲਕ, ਆਪਣੇ ਸਕੂਲ ਵਿੱਚ ਇੱਕ ਮੋਹਰੀ ਖਿਡਾਰੀ ਸੀ। ਉਸ ਵਿਚ ਲੀਡਰ ਵਾਲੇ ਸਾਰੇ ਗੁਣ ਸਨ। 9ਵੀਂ ਜਮਾਤ ਤੱਕ ਪੜ੍ਹਾਈ ਕਰਨ ਤੋਂ ਬਾਅਦ ਉਹ ਆਪਣੇ ਚਾਚੇ ਕੋ.ਲ ਰਹਿਣ ਲਈ ਉੜੀਸਾ ਚਲਾ ਗਿਆ। ਉੱਥੇ ਆਪਣੀ ਦਸਵੀਂ ਦੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ, ਉਸਨੇ 1912 ਵਿੱਚ ਕਾਲਜ ਵਿੱਚ ਦਾਖਲਾ ਲਿਆ। ਕਰਤਾਰ ਸਿੰਘ ਨੇ ਆਪਣੇ ਹੈੱਡਮਾਸਟਰ, ਸ਼੍ਰੀ ਬੇਨੀ ਮਾਧਵ ਦਾਸ, ਜਿਸਨੂੰ ਉਸਦੇ ਇੱਕ ਸਾਲ ਦੇ ਜੂਨੀਅਰ ਸੁਭਾਸ਼ ਚੰਦਰ ਬੋਸ ਨੇ ਆਪਣੇ ਗੁਰੂ, ਇੱਕ ਦੇਸ਼ਭਗਤ ਵਜੋਂ ਸਤਿਕਾਰਿਆ, ਦੁਆਰਾ ਪ੍ਰਭਾਵਤ ਸੀ । ਇਸ ਤੋਂ ਇਲਾਵਾ, ਉਹ ਅਮਰੀਕਾ ਜਾਣਾ ਚਾਹੁੰਦਾ ਸੀ, ਅਤੇ ਉਸਦੇ ਪਰਿਵਾਰ ਨੇ ਇਸ ਫੈਸਲੇ 'ਤੇ ਉਸਦਾ ਸਮਰਥਨ ਕੀਤਾ। ਅਮਰੀਕਾ ਆਉਣ ਤੋਂ ਤੁਰੰਤ ਬਾਅਦ, ਉਸਨੇ ਪਾਰਟ-ਟਾਈਮ ਨੌਕਰੀਆਂ ਦੇ ਨਾਲ ਇੱਕ ਸਕੂਲ ਵਿੱਚ ਦਾਖਲਾ ਲੈ ਲਿਆ ਪਰ ਜਲਦੀ ਹੀ ਦੂਜੇ ਭਾਰਤੀ ਪ੍ਰਵਾਸੀਆਂ ਵਾਂਗ ਉਸਨੂੰ ਵੀ ਅਹਿਸਾਸ ਹੋਇਆ ਕਿ ਸਭ ਤੋਂ ਪਹਿਲਾਂ ਆਪਣੇ ਵਤਨ ਭਾਰਤ ਨੂੰ ਆਜ਼ਾਦੀ ਦਵਾਉਣੀ ਹੈ, ਜਿਸ ਲਈ ਗ਼ਦਰ ਪਾਰਟੀ ਦਾ ਜਨਮ ਹੋਇਆ। ਅਪ੍ਰੈਲ 1913 ਵਿਚ, ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ ਅਤੇ ਸਾਥੀਆਂ ਦੇ ਸਮਰਪਣ ਅਤੇ ਅਣਥੱਕ ਯਤਨਾਂ ਸਦਕਾ ਯੁਗਾਂਤਰ ਆਸ਼ਰਮ ਸਾਨਫਰਾਂਸਿਸਕੋ ਤੋਂ ਗ਼ਦਰ ਹਫਤਾਵਾਰੀ ਪਰਚੇ ਦੀ ਸ਼ੁਰੂਆਤ ਨਾਲ 1 ਨਵੰਬਰ, 1913 ਨੂੰ ਪੂਰੀ ਤਰ੍ਹਾਂ ਸਰਗਰਮ ਹੋ ਗਿਆ।

ਓਹਨੀਂ ਦਿਨੀਂ ਜਦੋਂ ਵੀ ਕੋਈ ਭਾਰਤੀ ਅਮਰੀਕਾ ਪਹੁੰਚਦਾ ਸੀ ਤਾਂ ਇਮੀਗ੍ਰੇਸ਼ਨ ਵਿਭਾਗ ਦੇ ਅਧਿਕਾਰੀ ਅਕਸਰ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਗੁੰਝਲਦਾਰ ਅਤੇ ਅਜੀਬ ਸਵਾਲ ਕਰਦੇ ਸਨ, ਜੋ ਜਾਣ-ਬੁੱਝ ਕੇ ਉਨ੍ਹਾਂ ਦੀ ਨਾਮਨਜ਼ੂਰੀ ਨੂੰ ਜਾਇਜ਼ ਠਹਿਰਾਉਣ ਲਈ ਤਿਆਰ ਕੀਤੇ ਜਾਂਦੇ ਸਨ, ਜਿਸ ਨਾਲ ਉਸ ਵਿਅਕਤੀ ਦਾ ਭਾਰੀ ਮਾਲੀ ਨੁਕਸਾਨ ਹੁੰਦਾ ਸੀ ਅਤੇ ਅਕਸਰ ਉਨ੍ਹਾਂ ਨੂੰ ਨਿਰਾਸ਼ ਅਤੇ ਜ਼ਲੀਲ ਹੋ ਕੇ ਵਾਪਸ ਜਾਣ ਲਈ ਮਜਬੂਰ ਹੋਣਾ ਪੈਂਦਾ ਸੀ।

1912 ਵਿੱਚ, ਸੈਨਫਰਾਂਸਿਸਕੋ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ, ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸਨੂੰ ਵਿਸ਼ੇਸ਼ ਪੁੱਛਗਿੱਛ ਲਈ ਅਲੱਗ ਕਰ ਲਿਆ। ਅਫ਼ਸਰ ਵੱਲੋਂ ਪੁੱਛੇ ਜਾਣ 'ਤੇ ਉਸ ਨੇ ਜਵਾਬ ਦਿੱਤਾ: "ਮੈਂ ਇੱਥੇ ਪੜ੍ਹਾਈ ਲਈ ਆਇਆ ਹਾਂ।" ਅਫ਼ਸਰ ਨੇ ਕਿਹਾ, "ਕੀ ਤੁਹਾਨੂੰ ਭਾਰਤ ਵਿੱਚ ਪੜ੍ਹਨ ਲਈ ਕੋਈ ਥਾਂ ਨਹੀਂ ਮਿਲੀ?" ਉਸਨੇ ਜਵਾਬ ਦਿੱਤਾ, "ਮੈਂ ਉਚੇਰੀ ਪੜ੍ਹਾਈ ਲਈ ਆਇਆ ਹਾਂ ਅਤੇ ਇਸ ਮਕਸਦ ਲਈ ਕੈਲੀਫੋਰਨੀਆਂ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਦਾ



ਇਰਾਦਾ ਰੱਖਦਾ ਹਾਂ। ਅਧਿਕਾਰੀ ਨੇ ਮੋੜਵਾਂ ਸਵਾਲ ਕੀਤਾ "ਜੇਕਰ ਤੁਹਾਨੂੰ ਇੱਥੇ ਉਤਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ? ਇਸ 'ਤੇ ਕਰਤਾਰ ਸਿੰਘ ਨੇ ਜਵਾਬ ਦਿੱਤਾ: 'ਮੈਂ ਇਸ ਨੂੰ ਘੋਰ ਬੇਇਨਸਾਫ਼ੀ ਸਮਝਾਂਗਾ। ਜੇਕਰ ਵਿਦਿਆਰਥੀਆਂ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕੀਤੀਆਂ ਜਾਣ ਤਾਂ ਦੁਨੀਆਂ ਦੀ ਤਰੱਕੀ ਰੁਕ ਜਾਵੇਗੀ। ਹੋ ਸਕਦਾ ਹੈ ਕਿ ਮੈਂ ਅਮਰੀਕਾ ਵਿੱਚ ਪੜ੍ਹਾਈ ਕਰਕੇ ਦੁਨੀਆ ਲਈ ਕੋਈ ਮਹਾਨ ਕਾਰਜ਼ ਕਰ ਜਾਵਾਂ। ਜੇਕਰ ਮੈਨੂੰ ਉਤਰਨ ਦੀ ਮਨਾਹੀ ਹੈ, ਤਾਂ ਹੋ ਸਕਦਾ ਮੈਂ ਉਹ ਮਹਾਨ ਕਾਰਜ਼ ਕਰਨ ਤੋਂ ਵਾਂਝਾਂ ਰਹਿ ਜਾਵਾਂ। ਉਸ ਦੇ ਜਵਾਬ ਤੋਂ ਪ੍ਰਭਾਵਿਤ ਹੋ ਕੇ, ਅਫਸਰ ਨੇ ਉਸ ਨੂੰ ਉਤਰਨ ਦੀ ਇਜਾਜ਼ਤ ਦਿੱਤੀ।

ਭਾਰਤ ਦੀ ਕ੍ਰਾਂਤੀਕਾਰੀ ਲਹਿਰ ਬਾਰੇ ਪੰਜਾਬ-ਅਧਾਰਤ ਇਤਿਹਾਸਕਾਰ, ਮਲਵਿੰਦਰਜੀਤ ਸਿੰਘ ਵੜੈਚ ਨੇ ਆਪਣੀ ਸਰਾਭਾ ਦੀ ਜੀਵਨੀ ਵਿੱਚ ਲਿਖਿਆ: "ਆਪਣੇ ਦੇਸ਼ ਪ੍ਰਤੀ ਸਤਿਕਾਰ ਦੀ ਘਾਟ ਨੇ ਉਸਨੂੰ ਪਰੇਸ਼ਾਨ ਕੀਤਾ। ਇੱਕ ਗੁਲਾਮ-ਬੇੜੀ, ਬੇਇੱਜ਼ਤ, ਲਾਚਾਰ, ਨਪੁੰਸਕ ਭਾਰਤ ਦੀ ਤਸਵੀਰ ਅਕਸਰ ਉਸ ਦੀਆਂ ਅੱਖਾਂ ਦੇ ਸਾਹਮਣੇ ਆ ਜਾਂਦੀ ਸੀ। ਆਪਣੇ ਦੇਸ਼ ਨੂੰ ਵਿਦੇਸ਼ੀ ਹਕੂਮਤ ਤੋਂ ਆਜ਼ਾਦ ਕਰਵਾਉਣ ਦਾ ਇਰਾਦਾ ਉਸਨੇ ਪੱਕਾ ਬਣਾ ਰੱਖਿਆ ਸੀ। ਦੇਸ਼ ਨੂੰ ਆਜ਼ਾਦੀ ਕਿਵੇਂ ਮਿਲੇਗੀ..? ਇਹ ਉਸ ਦੇ ਸਾਹਮਣੇ ਮੁੱਖ ਚੁਣੌਤੀ ਸੀ।

ਅਤੇ, ਬਹੁਤ ਕੁਝ ਸੋਚਣ ਤੋਂ ਬਾਅਦ ਉਸਨੇ ਅਮਰੀਕਾ ਵਿੱਚ ਭਾਰਤੀ ਮਜ਼ਦੂਰਾਂ ਨੂੰ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ, ਉਹਨਾਂ ਵਿੱਚ ਆਜ਼ਾਦੀ ਲਈ ਪਿਆਰ ਪੈਦਾ ਕੀਤਾ। ਉਹ ਹਰੇਕ ਵਿਅਕਤੀ ਨਾਲ ਘੰਟਿਆਂ ਬੰਧੀ ਸਮਾਂ ਬਿਤਾਇਆ ਕਰਦਾ ਸੀ। ਉਹਨਾਂ ਅੰਦਰ ਇਹ ਗੱਲ ਭਰੀ ਕਿ ਮੌਤ ਇੱਕ ਗੁਲਾਮ ਤੇ ਅਪਮਾਨਜਨਕ ਜੀਵਨ ਨਾਲੋਂ ਕਈ ਗੁਣਾਂ ਜ਼ਿਆਦਾ ਚੰਗੀ ਹੈ।

ਇਸ ਕਾਰਜ ਦੇ ਸ਼ੁਰੂ ਹੋਣ ਤੋਂ ਬਾਅਦ, ਹੋਰ ਬਹੁਤ ਸਾਰੇ ਲੋਕ ਸਰਾਭੇ ਦਾ ਸਾਥ ਦੇਣ ਲੱਗੇ, ਅਤੇ ਮਈ 1912 ਵਿੱਚ, ਛੇ ਵਿਅਕਤੀਆਂ ਦੁਆਰਾ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੇ ਸਰੀਰ ਅਤੇ ਆਤਮਾ ਦੀ ਕੁਰਬਾਨੀ ਦੇਣ ਦਾ ਪ੍ਰਣ ਕੀਤਾ। ਇਸ ਤੋਂ ਬਾਅਦ, ਪ੍ਰਚਾਰ ਦੇ ਉਦੇਸ਼ਾਂ ਲਈ ਇੱਕ ਪੇਪਰ ਦੀ ਲੋੜ ਮਹਿਸੂਸ ਕੀਤੀ ਗਈ। ਗਦਰ ਨਾਂ ਦਾ ਅਖ਼ਬਾਰ ਸ਼ੁਰੂ ਕੀਤਾ ਗਿਆ। ਇਸ ਪੇਪਰ ਦਾ ਪਹਿਲਾ ਐਡੀਸ਼ਨ ਨਵੰਬਰ 1913 ਵਿੱਚ ਛਪਿਆ ਸੀ ਅਤੇ ਕਰਤਾਰ ਸਿੰਘ ਸਰਾਭਾ ਸੰਪਾਦਕੀ ਬੋਰਡ ਦੇ ਮੈਂਬਰ ਸਨ। ਕਰਤਾਰ ਸਿੰਘ ਸਰਾਭਾ ਦੇ ਕਾਰਜਾਂ ਵਿੱਚ ਉਰਦੂ ਪੇਪਰ ਦਾ ਸੰਪਾਦਨ ਅਤੇ ਉਰਦੂ ਭਾਸ਼ਾ ਦਾ ਗੁਰਮੁਖੀ ਲਿਪੀ ਵਿੱਚ ਅਨੁਵਾਦ ਕਰਨਾ ਅਤੇ ਪ੍ਰਿੰਟਿੰਗ ਪ੍ਰੈਸ ਦਾ ਕੰਮ ਵੀ ਸ਼ਾਮਲ ਸੀ। ਉਹ ਬੜੀ ਬੇਚੈਨੀ ਨਾਲ ਲਿਖਦਾ ਅਤੇ ਹੈਂਡ-ਪ੍ਰੈਸ 'ਤੇ ਖੁਦ ਛਾਪਦਾ। ਜਦੋਂ ਹੈਂਡ-ਪ੍ਰੈਸ 'ਤੇ ਕੰਮ ਕਰਕੇ ਥੱਕ ਜਾਂਦਾ ਸੀ, ਤਾਂ ਉਹ ਇਹ ਪੰਜਾਬੀ ਗੀਤ ਗਾਉਂਦਾ ਸੀ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿੰਨਾਂ ਦੇਸ਼ ਸੇਵਾ ਵਿੱਚ ਪੈਰ ਪਾਇਆ,
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਭਗਤ ਸਿੰਘ ਦੀ ਮਾਤਾ, ਮਾਤਾ ਵਿਦਿਆਵਤੀ ਨੇ ਕਰਤਾਰ ਸਿੰਘ ਸਰਾਭਾ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਯਾਦ ਕੀਤਾ: "ਭਗਤ ਸਿੰਘ ਦੀ ਗ੍ਰਿਫਤਾਰੀ ਵੇਲੇ, ਉਸ ਕੋਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਬਰਾਮਦ ਹੋਈ ਸੀ।ਉਹ ਇਹ ਫੋਟੋ ਹਮੇਸ਼ਾ ਆਪਣੀ ਜੇਬ 'ਚ ਰੱਖਦਾ ਸੀ। ਅਕਸਰ, ਭਗਤ ਸਿੰਘ ਮੈਨੂੰ ਉਹ ਫੋਟੋ ਦਿਖਾਉਂਦੇ ਅਤੇ ਕਹਿੰਦੇ, 'ਪਿਆਰੀ ਮਾਂ, ਇਹ ਮੇਰਾ ਨਾਇਕ, ਦੋਸਤ ਅਤੇ ਸਾਥੀ ਹੈ। ਭਗਤ ਸਿੰਘ ਦੀ ਮਾਤਾ, ਮਾਤਾ ਵਿਦਿਆਵਤੀ ਉਹਨਾਂ ਦੀ ਸੰਗਤ ਨੂੰ ਯਾਦ ਕਰਦੇ ਹੋਏ ਕਹਿੰਦੇ ਨੇ ਕਿ ਕਰਤਾਰ ਸਿੰਘ ਸਰਾਭਾ ਇੱਕ ਜੋਸ਼ੀਲਾ ਬਾਗ਼ੀ ਨੌਜਵਾਨ ਸੀ।

ਸਤੰਬਰ 1914 ਵਿਚ, ਜਦੋਂ ਕਾਮਾਗਾਟਾਮਾਰੂ ਜਹਾਜ਼ ਨੂੰ ਬੇਰਹਿਮ ਗੋਰੇ ਨੌਕਰਸ਼ਾਹੀ ਦੇ ਹੱਥੋਂ ਭਾਰੀ ਤਕਲੀਫ਼ ਝੱਲਣ ਤੋਂ ਬਾਅਦ ਵਾਪਸ ਮੁੜਨਾ ਪਿਆ, ਓਦੋਂ ਕਰਤਾਰ ਸਿੰਘ ਸਰਾਭਾ ਆਪਣੇ ਇਕ ਹੋਰ ਕ੍ਰਾਂਤੀਕਾਰੀ,ਸ਼੍ਰੀ ਗੁਪਤਾ ਨਾਲ ਜਪਾਨ ਲਈ ਰਵਾਨਾ ਹੋ ਗਿਆ ਸੀ। ਫਰਵਰੀ 1914 ਵਿਚ ਹੀ ਕੈਲੀਫੋਰਨੀਆਂ ਦੇ ਸ਼ਹਿਰ ਸਟਾਕਟਨ ਵਿਚ ਇਕ ਜਨਤਕ ਮੀਟਿੰਗ ਵਿਚ ਗਦਰ ਪਾਰਟੀ ਦਾ ਤਿਰੰਗਾ ਝੰਡਾ ਲਹਿਰਾਇਆ ਗਿਆ ਅਤੇ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਨਾਂ 'ਤੇ ਵਾਅਦੇ ਲਏ ਗਏ। ਫਰਵਰੀ 1915 ਵਿਚ ਉਹ ਭਾਰਤ ਵਾਪਸ ਪਰਤਿਆ, ਗਦਰੀਆਂ ਨੂੰ ਬ੍ਰਿਟਿਸ਼ ਰਾਜ ਦੇ ਵਿਰੁੱਧ ਗਦਰ ਕਰਨ ਲਈ ਪ੍ਰੇਰਿਆ, ਉਹ ਜਾਣਦਾ ਸੀ ਕਿ ਗ੍ਰਿਫਤਾਰੀ ਦੇ ਰੂਪ ਵਿਚ ਉਸਨੂੰ ਕਿੰਨੀ ਵੱਡੀ ਕੀਮਤ ਅਦਾ ਕਰਨੀ ਪੈ ਸਕਦੀ ਹੈ।



ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"

2 ਮਾਰਚ 1915 ਨੂੰ ਸਰਗੋਧਾ (ਪਾਕਿਸਤਾਨ) ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜਦੋਂ ਮੁਕੱਦਮਾ ਸ਼ੁਰੂ ਹੋਇਆ ਤਾਂ ਕਰਤਾਰ ਸਿੰਘ ਸਿਰਫ਼ ਸਾਢੇ 18 ਸਾਲ ਦਾ ਸੀ। ਉਹ ਸਾਰੇ ਮੁਲਜ਼ਮਾਂ ਵਿੱਚੋਂ ਸਭ ਤੋਂ ਛੋਟਾ ਸੀ। ਹਾਲਾਂਕਿ, ਜੱਜ ਨੇ ਲਿਖਿਆ ਕਿ ਉਹ ਇਹਨਾਂ 61 ਦੋਸ਼ੀਆਂ ਵਿੱਚੋਂ ਨਾਬਾਲਗ ਅਤੇ ਨਿਆਣਪੁਣੇ ਵਿੱਚ ਇਸ ਲਹਿਰ ਵਿੱਚ ਕੁੱਦ ਪਿਆ। ਜੱਜ ਨੇ ਕਿਹਾ ਕਿ ਸਾਜਿਸ਼ ਦਾ ਸਰੋਤ ਅਮਰੀਕਾ ਅਤੇ ਸਮੁੰਦਰੀ ਸਫ਼ਰ ਹੈ, ਜਦੋਂਕਿ ਭਾਰਤ ਵਿਚ ਇਸ ਸਾਜ਼ਿਸ਼ ਦਾ ਅਮਲੀ ਤੌਰ 'ਤੇ ਕੋਈ ਅਧਾਰ ਨਹੀ ਬਣਦਾ, ਜਿਸਦੇ ਅਧਾਰ ਤੇ ਸਰਾਭੇ ਤੇ ਭਾਰਤ ਵਿੱਚ ਕੋਈ ਢੁੱਕਵਾਂ ਮਕੱਦਮਾਂ ਨਹੀ ਬਣਦਾ।

ਕਰਤਾਰ ਸਿੰਘ ਨੇ ਬੇਝਿਜਕ ਹੋ ਕੇ ਕਿਹਾ, "ਤੁਸੀਂ ਮੈਨੂੰ ਫਾਂਸੀ ਦਿਓਗੇ? ਹੋਰ ਕੀ? ਅਸੀਂ ਇਸ ਤੋਂ ਨਹੀਂ ਡਰਦੇ.. ਮੇਰੇ ਜੁਰਮ ਲਈ, ਮੈਨੂੰ ਜਾਂ ਤਾਂ ਉਮਰ ਕੈਦ ਜਾਂ ਫਾਂਸੀ ਹੋਵੇਗੀ। ਪਰ ਮੈਂ ਫਾਂਸੀ ਨੂੰ ਤਰਜੀਹ ਦੇਵਾਂਗਾ ਤਾਂ ਜੋ ਮੈਂ ਜਲਦੀ ਹੀ ਮੁੜ ਜਨਮ ਲਵਾਂ ਅਤੇ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਦੁਬਾਰਾ ਗਦਰ ਕਰ ਸਕਾਂ। ਜਦੋਂ ਤੱਕ ਭਾਰਤ ਨੂੰ ਆਜ਼ਾਦੀ ਨਹੀਂ ਮਿਲਦੀ, ਮੈਂ ਵਾਰ-ਵਾਰ ਜਨਮ ਲੈ ਕੇ ਫਾਂਸੀ ਦੇ ਤਖ਼ਤੇ 'ਤੇ ਜਾਣ ਦੀ ਇੱਛਾ ਰੱਖਦਾ ਹਾਂ। ਅਤੇ ਜੇਕਰ ਮੈਂ ਆਪਣੇ ਅਗਲੇ ਜਨਮ ਵਿੱਚ ਇੱਕ ਔਰਤ ਦੇ ਰੂਪ ਵਿੱਚ ਪੈਦਾ ਹੋਇਆ , ਤਾਂ ਮੈਂ ਅਜਿਹੇ ਕ੍ਰਾਂਤੀਕਾਰੀਆਂ ਨੂੰ ਜਨਮ ਦੇਵਾਂਗੀ, ਜੋ ਗੋਰੇ ਸਾਮਰਾਜ ਦੀਆਂ ਜੜ੍ਹਾਂ ਉਖੇੜ ਦੇਣਗੇ।

ਉਸਦੀ ਗ੍ਰਿਫਤਾਰੀ ਤੋਂ ਬਾਅਦ, ਜਦੋਂ ਕਰਤਾਰ ਦੇ ਦਾਦਾ ਜੀ ਉਸਨੂੰ ਮਿਲਣ ਗਏ, ਓਦੋਂ ਉਹ ਜੇਲ੍ਹ ਦੀ ਕਾਲ-ਕੋਠੜੀ ਵਿੱਚ ਬੰਦ ਸੀ। ਉਸਨੇ ਕਰਤਾਰ ਸਿੰਘ ਨੂੰ ਪੁੱਛਿਆ: "ਪੁੱਤਰਾ ਕੀ ਹੋਇਆ ਕਿ ਤੂੰ ਜਿਊਣ ਤੋਂ ਹਟਕੇ ਮੌਤ ਦੀ ਦੇਵੀ ਦਾ ਉਪਾਸ਼ਕ ਬਣ ਗਿਆਂ..? ਜਿਨ੍ਹਾਂ ਲਈ ਤੂੰ ਆਪਣੀ ਜਾਨ ਦੇ ਰਿਹਾ, ਉਹ ਤੈਨੂੰ ਤਰਾਂ ਤਰਾਂ ਦੇ ਨਾਮ ਲੈਕੇ ਬੁਲਾਉਂਦੇ ਨੇ। ਮੈਨੂੰ ਨਹੀਂ ਲੱਗਦਾ ਤੇਰੀ ਮੌਤ ਨਾਲ ਦੇਸ਼ ਨੂੰ ਕੁਝ ਹਾਸਲ ਹੋਵੇਗਾ..?

ਕਰਤਾਰ ਸਿੰਘ ਨੇ ਨਿਮਰਤਾ ਨਾਲ ਪੁੱਛਿਆ, "ਦਾਦਾ ਜੀ, ਉਹ ਬੰਦਾ ਕਿੱਥੇ ਹੈ?

"ਜੋ ਪਲੇਗ ਨਾਲ ਮਰ ਗਿਆ।"

"ਕਿੱਥੇ ਹੈ..?

"ਜੋ ਹੈਜ਼ੇ ਨਾਲ ਮਰ ਗਿਆ।"

"ਕੀ ਤੁਸੀਂ ਚਾਹੁੰਦੇ ਹੋ ਕਿ ਕਰਤਾਰ ਸਿੰਘ ਸਰਾਭਾ ਬਿਸਤਰ 'ਤੇ ਪਿਆ ਹੋਵੇ ਅਤੇ ਦਰਦ ਨਾਲ ਚੀਕ ਰਿਹਾ ਹੋਵੇ ਜਾਂ ਕਿਸੇ ਅਜਿਹੀ ਬਿਮਾਰੀ ਕਾਰਨ ਮਰ ਜਾਵੇ? ਕੀ ਇਹ ਮੌਤ ਇਸ ਤਰ੍ਹਾਂ ਦੀ ਮੌਤ ਨਾਲੋਂ ਚੰਗੀ ਨਹੀਂ ਹੈ?" ਉਸ ਦੇ ਦਾਦਾ ਜੀ ਸੁਆਲ ਸੁਣਕੇ ਸੁੰਨ ਹੋ ਗਏ। 16 ਨਵੰਬਰ 1915 ਨੂੰ ਸੈਂਟਰਲ ਜੇਲ੍ਹ ਲਹੌਰ ਵਿੱਚ ਕਰਤਾਰ ਸਿੰਘ ਸਰਾਭੇ ਨੂੰ ਉਸਦੇ ਛੇ ਸਾਥੀਆਂ ਸਮੇਤ ਫਾਂਸੀ ਲਾਕੇ ਸ਼ਹੀਦੀ ਦਿੱਤਾ ਗਿਆ।

ਫਾਂਸੀ ਦੇ ਸਮੇਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਉਮਰ ਮਹਿਜ਼ 19 ਸਾਲ ਦੀ ਸੀ।

## 'ਕਥਨ ਸਿਆਣਿਆਂ ਦੇ'

ਨਿਰਨੇ ਕਾਲਜੇ ਪੂਰਾ ਪੀਏ ਪਾਣੀ,
ਪੀਏ ਘੁੱਟ ਘੁੱਟ ਕਰਕੇ।
ਕਹਿੰਦੇ ਹਮੇਸ਼ਾ ਬਹਿਕੇ ਪੀਏ,
ਕਦੇ ਨਾ ਪੀਏ ਖੜਕੇ।
ਦਰਦ ਗੋਡਿਆਂ ਦਾ ਕਦੇ ਨਾ ਜਾਣਾ,
ਬੈਠ ਜਾਣਾ ਮੰਜਾਂ ਫੜਕੇ।
ਕਥਨ ਸਿਆਣਿਆਂ ਦੇ,
ਰੱਖੀਏ ਚੇਤੇ ਕਰਕੇ।
ਕਥਨ ਸਿਆਣਿਆਂ ਦੇ...
ਬੱਤੀ ਦੰਦ ਦਿੱਤੇ ਮਾਲਕ ਨੇ,
ਬੁਰਕੀ ਖਾਈਏ ਬੱਤੀ ਵਾਰ ਚਬਾਕੇ।
ਥੋੜਾ ਮੋਟਾ ਤੁਰ ਫਿਰ ਲਈਏ,
ਸ਼ਾਮ ਨੂੰ ਰੋਟੀ ਖਾਕੇ।
ਸਹਿਤ ਲਈ ਹੈ ਫਾਇਦਾ ਕਹਿੰਦੇ
ਵੇਖ ਲਿਓ ਅਜਮਾਕੇ ।
ਕਥਨ ਸਿਆਣਿਆਂ ਦੇ
ਰੱਖੀਏ ਪੱਲੇ ਪਾਕੇ
ਕਥਨ ਸਿਆਣਿਆਂ ਦੇ...
ਖਾਈਏ ਪੀਏ ਮਨ ਨੂੰ ਭਾਉਂਦਾ,
ਸਭਨਾਂ ਨੂੰ ਸਮਝਾਈਏ
ਸਿਹਤ ਲਈ ਜੋ ਹੋਵੇ ਮਾੜਾ,
ਕਦੇ ਨਾ ਮੂੰਹ ਨੂੰ ਲਾਈਏ।
ਬਾਹਰ ਜਾਕੇ ਖਾਈਏ ਥੋੜਾ,
ਨਾ ਲੋੜੋਂ ਵਧਕੇ ਖਾਈਏ
ਕਥਨ ਸਿਆਣਿਆਂ ਦੇ,
ਕਦੇ ਨਾ ਮਨੋਂ ਭੁਲਾਈਏ।
ਕਥਨ ਸਿਆਣਿਆਂ ਦੇ...

**-ਮੇਜਰ ਸਿੰਘ 'ਬੁਢਲਾਡਾ'**
**91-94176-42327**



## ਕਾਵਿ ਵਿਅੰਗ
## ਮਾਣਹਾਨੀ ਕਾਹਦੀ?

ਪਹਿਲਾਂ ਬੋਲਣ ਤੋਂ ਕਦੇ ਵੀ ਤੋਲਦੇ ਨਾ
'ਕਿੱਸੇ' ਮਾਤ ਪਾ ਦੇਣ ਨਾਦਾਨੀਆਂ ਦੇ।

ਅੱਗੇ ਮਾਈਕ ਦੇ ਆਉਂਦਿਆਂ ਫੁੱਟ ਪੈਂਦੇ
ਫੋਲਣ 'ਪੋਤੜੇ' ਦਾਦੀਆਂ ਨਾਨੀਆਂ ਦੇ।

ਮਾਫ਼ੀ ਦੂਜਿਆਂ ਕੋਲ਼ੋਂ ਮੰਗਵਾਉਣ ਵਾਲ਼ੇ
ਰਹਿੰਦੇ ਬੋਲਦੇ ਬੋਲ 'ਸ਼ੈਤਾਨੀਆਂ' ਦੇ।

ਨਾਢੂ ਖਾਂਹ ਇਹ ਸਮਝਦੇ ਆਪ ਤਾਈਂ
ਲੋਕੀ ਕਹਿੰਦੇ ਐ ਬੰਦੇ 'ਦੁਆਨੀਆਂ' ਦੇ।

ਮਾਣ ਜਿਨ੍ਹਾਂ ਦਾ ਲੋਕਾਂ ਦੇ ਵਿੱਚ ਹੈ ਨਹੀਂ
ਕਰਦੇ 'ਕੇਸ' ਫਿਰਦੇ ਮਾਣਹਾਨੀਆਂ ਦੇ।

'ਡਾਕਟ੍ਰੇਟ' ਹੈ ਇਨ੍ਹਾਂ ਨੇ ਕਰੀ ਲਗਦੀ
ਵਿਸ਼ੇ 'ਬੇਹਿਆਈ ਤੇ ਬੇਈਮਾਨੀਆਂ' ਦੇ !

**-ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**



## ਅੰਮ੍ਰਿਤਸਰ ਵਿਕਾਸ ਮੰਚ ਵਲੋਂ ਨਾਮਵਰ ਅਫ਼ਸਰ ਤੇ ਪੰਜਾਬੀ ਲੇਖਕ ਨ੍ਰਿਪਇੰਦਰ ਸਿੰਘ ਰਤਨ ਦੇ ਅਕਾਲ ਚਲਾਣੇ 'ਤੇ ਦੁਖ਼ ਦਾ ਪ੍ਰਗਟਾਵਾ

**ਅੰਮ੍ਰਿਤਸਰ-** ਅੰਮ੍ਰਿਤਸਰ ਵਿਕਾਸ ਮੰਚ ਵਲੋਂ ਨਾਮਵਰ ਅਫ਼ਸਰ ਤੇ ਪੰਜਾਬੀ ਲੇਖਕ ਨ੍ਰਿਪਇੰਦਰ ਸਿੰਘ ਰਤਨ ਦੇ ਅਕਾਲ ਚਲਾਣੇ 'ਤੇ ਡੂੰਘੇ ਦੁਖ਼ ਦਾ ਪ੍ਰਗਟਾਵਾ ਕੀਤਾ ਗਿਆ।ਪ੍ਰੈਸ ਨੂੰ ਜਾਰੀ ਇਕ ਸਾਂਝੇ ਬਿਆਨ ਵਿਚ ਮੰਚ ਦੇ ਸਰਪ੍ਰਸਤ ਪ੍ਰੋਫ਼ੈਸਰ ਮੋਹਨ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਸ. ਮਨਮੋਹਨ ਸਿੰਘ ਬਰਾੜ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਤੇ ਸ. ਹਰਦੀਪ ਸਿੰਘ ਚਾਹਲ, ਪ੍ਰਧਾਨ ਇੰਜ. ਹਰਜਾਪ ਸਿੰਘ ਔਜਲਾ, ਸੀਨੀਅਰ ਮੀਤ ਡਾ। ਇੰਦਰਜੀਤ ਸਿੰਘ ਗੋਗੋਆਣੀ ਤੇ ਜਨਰਲ ਸਕੱਤਰ ਸ. ਸੁਰਿੰਦਰਜੀਤ ਸਿੰਘ ਬਿੱਟੂ ਤੇ ਸਮੂਹ ਮੈਂਬਰਾਨ ਵੱਲੋਂ ਵਲੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਹ ਨੇਕ ਤੇ ਮਿਹਨਤੀ ਅਧਿਕਾਰੀ ਵੱਜੋਂ ਜਾਣੇ ਜਾਂਦੇ ਸਨ।ਉਨ੍ਹਾਂ ਨੇ ਮੁਢਲੀ ਸਿੱਖਿਆਂ ਸ੍ਰੀ ਗੁਰੂ ਰਾਮ ਦਾਸ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਇਨ੍ਹਾਂ ਦੇ ਪਿਤਾ ਗਿਆਨੀ ਮਹਿੰਦਰ ਸਿੰਘ ਰਤਨ ਗੁਰਬਾਣੀ ਦੇ ਵੱਡੇ ਵਿਦਵਾਨ ਸਨ। ਇਨ੍ਹਾਂ ਦਾ ਸਾਰਾ ਪਰਿਵਾਰ ਪੜ੍ਹਨ ਲਿਖਣ ਵਾਲਾ ਸੀ। ਮੁੱਢਲੇ ਤੌਰ 'ਤੇ ਇਹ ਪਰਿਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਛਾਪਣ ਦਾ ਕੰਮ ਕਰਦਾ ਸੀ। ਉਨ੍ਹਾਂ ਨੇ ਬਤੌਰ ਅਫ਼ਸਰ ਵੱਖ ਵੱਖ ਆਹੁਦਿਆਂ 'ਤੇ ਕੰਮ ਕੀਤਾ। ਜਦ ਸਾਕਾ ਨੀਲਾ ਤਾਰਾ ਹੋਇਆ ਤਾਂ ਉਹ ਉਸ ਸਮੇਂ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਸਨ। ਉਨ੍ਹਾਂ ਨੇ ਉਸ ਸਮੇਂ ਬੜਾ ਉਸਾਰੂ ਰੋਲ ਨਿਭਾਇਆ। ਜਦ 8 ਜੂਨ 1984 ਨੂੰ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਰਬਾਰ ਸਾਹਿਬ ਆਏ ਤਾਂ ਆਪ ਉਸ ਸਮੇਂ ਦਰਬਾਰ ਸਾਹਿਬ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਨੇ ਆਪਣੀ ਪੁਸਤਕ ਉਪਰੇਸ਼ਨ ਬਲਿਊ ਸਟਾਰ 84 ਵਿੱਚ ਇਸ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ। ਉਹ ਪੰਨਾ 38 ਵਿਚ ਲਿਖਦੇ ਹਨ ਕਿ ਜਦ ਕਾਫ਼ਲਾ ਕਿਲ੍ਹੇ (ਭਾਵ ਕਿਲ੍ਹਾ ਗੋਬਿੰਦ ਗੜ੍ਹ) ਗਿਆ ਤਾਂ ਉੱਥੇ ਫ਼ੌਜ ਨੇ ਸਾਰੇ ਫੜੇ ਹਥਿਆਰ ਦਿਖਾਉਣ ਲਈ ਰਖੇ ਸਨ, ਕਈ ਐੱਸ ਐਲਆਜ਼, ਚੀਨੀ ਮਸ਼ੀਨਗੰਨ, ਰਸ਼ੀਅਨ ਰਾਈਫਲਾਂ, ਚੈਕੋਸਲਾਵਾਕੀਅਨ ਬੁਲੈਟ ਬੈਲਟਸ ਹੋਰ ਕੀ ਕੁਝ ਨਹੀਂ ਸੀ।



# ਕਹਾਣੀ
# ਪੱਥਰ ਦੇ ਪੈਰ



ਅਮਰ ਗਰਗ ਕਲਮਦਾਨ
91-98143-41746

ਲਗਭਗ 1985 ਦੀ ਗੱਲ ਹੈ, ਪਿਚਕਿਆ ਜਾ ਇੱਕ ਮਜਦੂਰ ਕਰਤਾਰਾ ਸਿੰਘ ਮੇਰੇ ਕੋਲ ਸਵੇਰੇ-ਸਵੇਰੇ ਆਇਆ, ਆਖਣ ਲੱਗਾ,"ਕਾਮਰੇਡ ਜੀ, ਮੈਨੇ ਇੱਕ ਚੋਰ ਫੜ ਲਿਆ ਹੈ, ਇਸ ਦਾ ਹੁਣ ਕੀ ਕਰਾਂ।" ਮੈਂ ਪੁੱਛਿਆ,"ਚੋਰ ਕੀ ਚੁੱਕਣ ਆਇਆ ਸੀ?" ਉਸਨੇ ਕਿਹਾ, "ਚੋਰ ਦੀ ਨਜ਼ਰ ਮੇਰੇ ਸੂਰਾਂ ਉੱਪਰ ਸੀ, ਮੇਰੇ ਕੋਲ ਛੋਟੇ ਵੱਡੇ 30 ਸੂਰ ਹਨ।" ਅਸੀਂ ਦੋਵੇ ਠਾਣੇ ਵੱਲ ਤੁਰ ਪਏ ਅਤੇ ਇਤਲਾਹ ਦੇ ਦਿੱਤੀ। ਸੂਰਾਂ ਦੇ ਕੋਲ ਚੋਰ ਇੱਕ ਥਮਲੇ ਨਾਲ਼ ਬੰਨ੍ਹਿਆਂ ਸੀ, ਪੁਲਿਸ ਚੋਰ ਨੂੰ ਫੜ੍ਹ ਕੇ ਲੈ ਗਈ। ਮੈਂ ਆਪਣੀ ਸਮਝ ਮੁਤਾਬਿਕ ਕਰਤਾਰੇ ਨੂੰ ਸਲਾਹ ਦਿੱਤੀ,"ਦੇਖ ਤੂੰ ਕਮਿਊਨਿਸਟ ਪਾਰਟੀ ਨਾਲ਼ ਜੁੜਿਆ ਹੈ,"ਤੈਥੋਂ ਸੂਰਾਂ ਦੀ ਰਾਖੀ ਨਹੀਂ ਹੋਣੀ, ਬਾਕੀ ਤੇਰਾ ਘਰ ਚੱਲਦੀ ਸੜਕ ਉੱਪਰ ਹੈ, ਮੇਰੀ ਸਲਾਹ ਹੈ, ਇਨ੍ਹਾਂ ਸੂਰਾਂ ਨੂੰ ਵੇਚ ਕੇ ਢੂਲੇ ਦਾ ਸਮਾਨ ਪਾ ਲੈ।" ਮੇਰੀ ਸਲਾਹ ਉਸਨੂੰ ਜਚ ਗਈ। ਉਸ ਵੇਲੇ ਸਾਰੇ ਸੂਰ ਪੱਚੀ ਹਜਾਰ ਦੇ ਬਿਕ ਗਏ, ਸੂਰਾਂ ਵਾਲੇ ਵੱਡੇ ਕਮਰੇ ਵਿੱਚ ਹੀ ਢੂਲੇ ਦਾ ਸਮਾਨ ਪਾ ਲਿਆ। ਮਿਹਨਤ ਅਤੇ ਇਮਾਨਦਾਰੀ ਦੇ ਜੋੜ ਨੇ ਕੰਮ ਰੋੜ੍ਹ ਦਿੱਤਾ।

ਕਰਤਾਰੇ ਦੇ ਘਰ ਦੇ ਸਾਹਮਣੇ ਕਿਸਾਨ ਦਾ ਇੱਕ ਵੱਡਾ ਖੇਤ ਸੀ। ਉਸਨੇ ਉਸ ਵਿੱਚੋਂ ਇੱਕ ਟੁਕੜਾ ਖਰੀਦ ਕੇ ਆਰਾ ਮਸ਼ੀਨ ਲਗਾ ਲਈ। ਆਰੇ ਉੱਪਰ ਭਾਰੀ ਲੱਕੜ ਚੀਰਨ ਲਈ, ਗੱਡੀ ਦੀ ਲਾਈਨ ਵੀ ਪਾ ਲਈ। ਕਰਤਾਰਾ ਮੈਨੂੰ ਕਹਿਣ ਲੱਗਾ," ਅੱਜ ਇਸ ਕਹਾਵਤ ਦਾ ਅਸਲੀ ਅਰਥਾਂ ਵਿੱਚ ਅਹਿਸਾਸ ਹੋ ਰਿਹਾ ਹੈ, ਅੱਜ ਤੱਕ ਤਾਂ ਗਲਤ ਅਰਥ ਹੀ ਕੱਢਦੇ ਰਹੇ।" ਮੈਂ ਪੁੱਛਿਆ ਕਿਹੜੀ ਕਹਾਵਤ? ਉਹ ਬੋਲਿਆ,"ਜਿਸਦਾ ਮਿੱਤਰ ਬਾਣੀਆਂ ਉਸਨੂੰ ਦੁਸ਼ਮਣ ਦੀ ਕੀ ਲੋੜ? ਤੇਰੀ ਦਿੱਤੀ ਰਾਇ ਕਾਰਨ ਹੀ ਅੱਜ ਇੱਥੇ ਪਹੁੰਚਿਆ ਹਾਂ।" ਮੈਂ ਕਿਹਾ, " ਲੈ ਅੱਜ ਇੱਕ ਹੋਰ ਸਲਾਹ ਦਿੰਦਾ ਹਾਂ, ਜੇਕਰ ਕਿਸਾਨ ਜਗ੍ਹਾ ਵੇਚੇ ਤਾਂ ਆਰੇ ਦੇ ਨਾਲ਼ ਲੱਗਦੀ ਹੋਰ ਲੈ ਲਵੀਂ, ਜਿਹੜੇ ਭਾਅ ਮਰਜੀ ਮਿਲੇ।" ਪੰਜਾਬ ਵਿੱਚ ਅੱਤਵਾਦ ਪੂਰੇ ਜੋਰਾਂ ਤੇ ਸੀ, ਕਰਤਾਰੇ ਦੇ ਬੁੱਢੇ ਮਾਂ-ਬਾਪ ਅਤੇ ਇੱਕ ਭਾਈ ਮੋਤਾ ਸਿੰਘ ਸ਼ਹਿਰ ਤੋਂ ਸੱਤ ਮੀਲ ਦੂਰ ਪਿੰਡ ਘਨੌਰਕਲਾਂ ਰਹਿੰਦੇ ਸਨ। ਨੇੜਲੇ ਪਿੰਡ ਦੇ ਇੱਕ ਵੱਡੇ ਅੱਤਵਾਦੀ ਨੇ ਘਨੌਰਕਲਾਂ ਦੇ ਮਜਦੂਰਾਂ ਨੂੰ ਪਰਿਵਾਰ ਸਮੇਤ ਖ਼ਤਮ ਕਰਨ ਦੀ ਧਮਕੀ ਦੇ ਦਿੱਤੀ, ਇਹ ਮਜਦੂਰ ਕਾਮਰੇਡ ਕਹਾਉਂਦੇ ਸਨ। ਇਹ ਸਾਰੇ ਮਜਦੂਰ ਕਰਤਾਰੇ ਦੇ ਸਰੀਕੇ ਵਿੱਚੋਂ ਸਨ। ਕਰਤਾਰਾ ਸਾਰੇ ਮਜਦੂਰਾਂ ਨੂੰ ਨਾਲ਼ ਲੈ ਕੇ ਸਵੇਰੇ-ਸਵੇਰੇ ਮੇਰੇ ਕੋਲ ਆ ਪਹੁੰਚਿਆ।

ਮੈਂ ਦੁਵਿਧਾ ਵਿੱਚ ਪੈ ਗਿਆ, ਇਸ ਦਾ ਕੀ ਹੱਲ ਹੋ ਸਕਦਾ ਹੈ? ਮੈਂ ਕਿਹਾ, "ਇਹ ਅੱਤਵਾਦ ਦਾ ਦੌਰ ਸਦੀਵੀ ਨਹੀਂ ਰਹਿਣਾ, ਦੋ ਚਾਰ ਸਾਲਾਂ ਤੱਕ ਆਪਣੇ-ਆਪ ਖ਼ਤਮ ਹੋ ਜਾਵੇਗਾ, ਤੁਹਾਡੇ ਪਿੰਡ ਦੇ ਕੁਝ ਮੋਹਤਵਰ ਬੰਦੇ ਵਿੱਚ ਪਾ ਕੇ, ਮੁਆਫੀ ਮੰਗਣ ਚ ਕੋਈ ਹਰਜ਼ ਨਹੀਂ ਹੈ, ਜਾਨ ਵਚੇ ਤੋਂ ਲਾਖੋਂ ਪਾਏ।" ਪਰ ਉਹ ਇਸ ਗੱਲ ਲਈ ਸਹਿਮਤ ਨਾ ਹੋਏ, ਕਹਿਣ ਲੱਗੇ, ਬੁਰਾਈ ਅੱਗੇ ਝੁਕਣ ਦਾ ਸਵਾਲ ਹੀ ਨਹੀਂ ਬਣਦਾ, ਬੁਰਾਈ ਨਾਲ਼ ਤਾਂ ਲੜਨਾ ਹੋਵੇਗਾ।" ਮੈਨੇ ਉਨ੍ਹਾਂ ਦਾ ਉੱਤਰ ਸੁਣ ਕੇ ਕਿਹਾ, "ਚੱਲੋ ਮੈਂ ਤੁਹਾਨੂੰ ਠਾਣੇਦਾਰ ਦੇ ਸਾਹਣੇ ਪੇਸ਼ ਕਰ ਦਿੰਦਾ ਹਾਂ, ਉਹ ਤੁਹਾਡੇ ਵਿਹੜੇ ਵਿੱਚ ਸੁਰੱਖਿਆ ਗਾਰਡ ਲਗਾ ਸਕਦੇ ਹਨ।" ਮੇਰੇ ਸਾਹਮਣੇ ਤਾਂ ਉਹ ਸੁਰੱਖਿਆ ਗਾਰਡਾਂ ਲਈ ਮੰਨ ਗਏ, ਪਰ ਠਾਣੇਦਾਰ ਦੇ ਸਾਹਮਣੇ ਕਹਿਣ ਲੱਗੇ,"ਸਾਨੂੰ ਸੁਰੱਖਿਆ ਗਾਰਡਾਂ ਤੇ ਭਰੋਸਾ ਨਹੀਂ ਹੈ, ਅਸੀਂ ਤਾਂ ਅੱਤਵਾਦੀਆਂ ਦਾ ਮੁਕਾਬਲਾ ਖੁਦ ਕਰਾਂਗੇ। ਉਨ੍ਹਾਂ ਦੀ ਇਹ ਬਹਾਦੁਰੀ ਦੇਖ ਕੇ ਠਾਣੇਦਾਰ ਖੁਸ਼ ਹੋ ਗਿਆ, ਉਹ ਸਾਰੇ ਵੀਹ ਦੇ ਲਗਭਗ ਮਜਦੂਰਾਂ ਨੂੰ ਠਾਣੇ ਦੇ ਖੁਲ੍ਹੇ ਵਿਹੜੇ ਵਿੱਚ ਲੈ ਗਿਆ। ਉਨ੍ਹਾਂ ਨੂੰ ਇੱਕ ਘੰਟਾ ਬੰਦੂਕ ਚਲਾਉਣ ਦੀ ਸਿਖਲਾਈ ਦਿੱਤੀ ਗਈ। ਠਾਣੇਦਾਰ ਨੇ ਉਹਨਾ ਨੂੰ ਅੱਧਾ ਗੱਟਾ ਗੋਲੀਆਂ ਦਾ ਅਤੇ ਵੀਹ ਬੰਦੂਕਾਂ ਦੇ ਦਿੱਤੀਆਂ, ਇੱਕ ਟੈਂਪੂ ਵਿੱਚ ਬਿਠਾ ਕੇ ਪਿੰਡ ਰਵਾਨਾ ਕਰ ਦਿੱਤੇ। ਇਲਾਕੇ ਵਿੱਚ ਧੁੰਮਾਂ ਪੈ ਗਈਆਂ, ਅੱਤਵਾਦੀਆਂ ਦੀ ਜੁਰਹਤ ਨਾਂ ਹੋਈ ਉਨ੍ਹਾਂ ਵੱਲ ਦੇਖਣ ਦੀ।

ਮੇਰੇ ਦਿਲ ਵਿੱਚ ਕਰਤਾਰੇ ਲਈ ਇੱਕ ਵਧੀਆ, ਸੱਚ ਲਈ ਡਟ ਕੇ ਖੜਣ ਵਾਲੇ ਇਨਸਾਨ ਦੀ ਤਸਵੀਰ ਬਣ ਚੁੱਕੀ ਸੀ। ਸ਼ੁਰੂ ਤੋਂ ਹੀ ਉਹ ਅਡਬੰਰਾਂ ਨੂੰ ਕੋਸਦਾ ਰਹਿੰਦਾ ਸੀ। ਇੱਕ ਦਿਨ ਸਵੇਰੇ ਇੱਕ ਟੈਂਪੂ ਉਸਦੀ ਦੁਕਾਨ ਅੱਗੇ ਆ ਕੇ ਰੁਕਿਆ। ਟੈਂਪੂ ਵਿੱਚ ਫੱਟਿਆਂ ਦੀ ਛੱਤ ਪਾਉਣੀ ਸੀ, ਟੈਂਪੂ ਕਿਸੇ ਬਾਬੇ ਦੇ ਡੇਰੇ ਨੂੰ ਚੱਲਿਆ ਸੀ। ਕਰਤਾਰੇ ਨੇ ਛੱਤ ਪਾਉਣ ਤੋਂ ਜਵਾਬ ਦੇ ਦਿੱਤਾ, ਨਾਲੇ ਸਮਝਾਉਣ ਲੱਗ ਪਿਆ,"ਤੁਸੀਂ ਕਿਰਤ ਕਰਦੇ ਹੋ, ਬਾਬਾ ਤੁਹਾਡੀ ਕਿਰਤ ਅਤੇ ਦਿਮਾਗਾਂ ਨੂੰ ਲੁੱਟ ਰਿਹਾ ਹੈ, ਜੇ ਦਿਮਾਗ ਹੀ ਲੁੱਟੇ ਗਏ ਤਾਂ ਆਪਣੇ ਕੋਲ ਬਚੇਗਾ ਕੀ?" ਟੈਂਪੂ ਦੀਆਂ ਸਵਾਰੀਆਂ ਉਸਦੇ ਗਲ ਪੈ ਗਈਆਂ। ਮੈਨੇ ਮਸਾਂ ਹੀ ਉਨ੍ਹਾਂ ਨੂੰ ਸ਼ਾਂਤ ਕਰਕੇ ਉੱਥੋਂ ਭੇਜਿਆ। ਮੇਰੇ ਕਹਿਣ ਤੇ ਵੀ ਕਰਤਾਰੇ ਨੇ ਟੈਂਪੂ ਵਿੱਚ ਛੱਤ ਨਹੀਂ ਪਾਈ। ਕਰਤਾਰੇ ਦਾ ਜਿੰਦਗੀ ਜਿਉਣ ਦਾ ਇੱਕੋ-ਇੱਕ ਤਰੀਕਾ ਸੀ, ਲੋਕ ਬੁਰਾ ਮੰਨ ਦੇ ਹੋਣ ਜਾਂ ਆਪਣਾ ਆਰਥਿਕ ਨੁਕਸਾਨ ਹੁੰਦਾ ਹੋਵੇ, ਪਰ ਸੱਚੇ ਵਿਚਾਰਾਂ ਦਾ ਅਮਲ ਜੀਵਨ ਵਿੱਚ ਵੀ ਦਿਖਣਾ ਚਾਹੀਦਾ ਹੈ।

ਭਾਵੇਂ ਕਰਤਾਰਾ ਮਜਦੂਰ ਜਮਾਤ ਨਾਲ਼ ਸੰਬੰਧ ਰੱਖਦਾ ਸੀ, ਪਰ ਉਹਦਾ ਲੈਣ ਦੇਣ ਇੰਨ੍ਹਾਂ ਸਾਫ ਸੁਥਰਾ ਸੀ, ਇਹੋ ਗੁਣ ਉਸਦੀ ਆਰਥਿਕ ਤਰੱਕੀ ਵਿੱਚ ਰੀੜ੍ਹ ਦੀ ਹੱਡੀ ਸਾਬਿਤ ਹੋਇਆ। ਉਸਨੇ ਪੰਜ ਸੱਤ ਸਾਲਾਂ ਵਿੱਚ ਹੀ, ਆਰੇ ਦੇ ਨਾਲ਼ ਲੱਗਦੀ ਟੁਟਵੇਂ ਭਾਗਾਂ ਵਿੱਚ ਲੈ ਕੇ ਕੁੱਲ ਛੱਬੀ ਵਿਸਵੇ ਜਗ੍ਹਾ ਬਣਾ ਲਈ। ਬੱਕਰੀਆਂ ਤੋਂ ਲੈ ਕੇ ਮੱਝਾਂ ਤੱਕ ਪਸ਼ੂ ਵੀ ਰੱਖ ਲਏ। ਜਦੋਂ ਉਸਨੇ ਮਿਲਣਾ ਸਦਾ ਵਾਤਾਵਰਣ ਦੀ ਰੱਖਿਆ ਦੀ ਗੱਲ ਕਰਨੀ, ਦਰਖਤ ਲਾਉਣ ਦੀ ਗੱਲ ਕਰਨੀ। ਆਪਣੀ ਇਸੇ ਸੋਚ ਨੂੰ ਅਮਲ ਵਿੱਚ ਲਿਆਉਣ ਲਈ ਉਸਨੇ ਆਪਣੀ ਸਾਰੀ ਜਮੀਨ ਉੱਪਰ ਇੱਕ ਸੌ ਦੇ ਲਗਭਗ ਦਰੱਖਤ ਲਗਾ ਦਿੱਤੇ, ਦਰਖਤਾਂ ਦੇ ਵਿਚਕਾਰ ਉਹ ਮੱਝਾਂ ਲਈ ਹਰਾ ਚਾਰਾ ਬੀਜ ਦਿੰਦਾ ਸੀ, ਹਰੇ ਚਾਰੇ ਦੀਆਂ ਜੜਾਂ ਵਿੱਚੋਂ ਦਰਖਤਾਂ ਨੂੰ ਖਾਦ ਮਿਲਦੀ ਰਹਿੰਦੀ ਸੀ, ਜਿਸ ਕਾਰਨ ਛੇਤੀ ਹੀ ਉਹ ਆਸਮਾਨ ਨੂੰ ਛੂਹਣ ਲੱਗ ਪਏ।

ਜਦੋਂ ਮੈਂ ਉਸ ਕੋਲ ਸਵੇਰ ਵੇਲੇ ਜਾਂਦਾ ਤਾਂ ਸਦਾ ਉਹ ਦਰਖਤਾਂ ਦੇ ਵਿਚਕਾਰ ਹੀ ਮਿਲਦਾ, ਦਰਖਤਾਂ ਦੀ ਕਾਂਟ ਛਾਂਟ ਕਰਨੀ, ਜੜਾਂ ਤੋਂ ਘਾਹ ਪੁੱਟਣਾ, ਲੱਗਿਆ ਹੀ ਰਹਿੰਦਾ ਸੀ। ਪੰਛੀਆਂ ਦੀਆਂ ਅਵਾਜਾਂ ਵਿੱਚ ਉਨ੍ਹਾਂ ਨਾਲ਼ ਗੱਲਾਂ ਕਰਨੀਆਂ ਉਸ ਦਾ ਸ਼ੌਂਕ ਬਣ ਚੁੱਕਾ ਸੀ। ਸ਼ਹਿਰ ਵਿੱਚ ਮੈਂ ਕਿਤੇ ਉੱਲੂ ਬੈਠੇ ਨਹੀਂ ਦੇਖੇ, ਪਰ ਕਰਤਾਰੇ ਦੇ ਬਗੀਚੇ ਵਿੱਚ ਉੱਲੂ ਬੈਠੇ ਆਮ ਦੇਖੇ ਜਾ ਸਕਦੇ ਸਨ। ਇੱਕ ਉੱਚੇ ਸਫੈਦੇ ਉੱਪਰ ਚਮਗਾਦੜ ਪੁੱਠੇ ਲਟਕ ਰਹੇ ਸਨ। ਮੈਨੇ ਕਹਿਣਾ,"ਵਾਹ ! ਕਰਤਾਰ ਸਿੰਘ ਤੂੰ ਵਾਤਾਵਰਣ ਦੀ ਸੁਰੱਖਿਆ ਦਾ ਸੱਚਾ ਸਿਪਾਹੀ ਹੈ, ਤੂੰ ਹਰ ਪੱਖੋਂ ਪੂਰਨ ਹੈਂ । ਵੱਡੀ ਕੁੜੀ ਦੇ ਵਿਆਹ ਵੇਲੇ ਮੁੰਡੇ ਵਾਲਿਆਂ ਨੂੰ ਕਹਿਣ ਲੱਗਾ, ਕੇਵਲ ਦਾਲ ਨਾਲ਼ ਰੋਟੀ ਖਵਾਵਾਂਗਾ, ਹਾਰਾਂ ਦੀ ਰਸਮ ਨਾਲ਼ ਵਿਆਹ ਪੂਰਨ ਹੋਵੇਗਾ। ਵਿਆਹ ਵੇਲੇ ਮੈਂ ਮੌਕੇ ਤੇ ਹਾਜਰ ਸੀ, ਇੰਜ ਹੀ ਹੋਇਆ। ਬਰਾਬਰਤਾ ਨੂੰ ਪੇਸ਼ ਕਰਦੇ ਹੋਏ, ਕਰਤਾਰੇ ਨੇ ਤਿੰਨੋਂ ਕੁੜੀਆਂ ਦੇ ਨਾਮ ਦੋ-ਦੋ ਵਿਸਵੇ ਜਗ੍ਹਾ ਲਗਵਾ ਦਿੱਤੀ।

ਸਰਦੀਆਂ ਦੇ ਦਿਨ ਸਨ। ਮੇਰੇ ਕੋਲ ਸੁਨੇਹਾ ਆਇਆ,"ਕਰਤਾਰੇ ਦੀ ਮਾਂ ਦਾ ਦੇਹਾਂਤ ਹੋ ਗਿਆ, ਅੰਤਿਮ ਸੰਸਕਾਰ ਪਿੰਡ ਘਨੌਰਕਲਾਂ ਵਿਖੇ 10 ਵਜੇ ਹੋਵੇਗਾ।" ਮੈਂ ਤੇ ਕਾਮਰੇਡ ਉੱਦਮ ਸਿੰਘ ਸਿੱਧੇ ਪਿੰਡ ਦੇ ਸ਼ਮਸ਼ਾਨ ਘਾਟ ਵਿਖੇ ਪਹੁੰਚ ਗਏ। ਮਾਤਾ ਦਾ ਸੰਸਕਾਰ ਹੋ ਗਿਆ। ਕਰਤਾਰੇ ਨੇ ਇੱਕ ਲੱਕੜੀ ਦਾ ਡੱਕਾ ਚੁੱਕਿਆ, ਅਗਨੀ ਵਿੱਚ ਪਾ ਕੇ ਮੱਥਾ ਟੇਕ ਦਿੱਤਾ। ਪੰਚਾਇਤ ਨੂੰ ਕਹਿਣ ਲੱਗਾ, "ਭਰਾਵੋ, ਮੇਰੀ ਮਾਂ ਅਗਨੀ ਦੇ ਵਿੱਚ ਮਿਲਕੇ ਅਗਨੀ ਹੋ ਗਈ, ਇਸ ਦੀ ਜੋਤ ਸਾਡੇ ਦਿਲਾਂ ਅਤੇ ਮਨਾਂ ਵਿੱਚ ਸਦਾ ਜਗਦੀ ਰਹੇਗੀ, ਹੁਣ ਕੀ ਬਚਿਆ ਹੈ? ਇਹੋ ਅੰਤਿਮ ਸੰਸਕਾਰ ਹੈ, ਇਹੋ ਭੋਗ ਹੈ, ਜਿਸਨੇ ਵੀ ਕਿਸੇ ਕਿਸਮ ਦਾ ਮੱਥਾ ਟੇਕਣਾ ਹੈ, ਇੱਥੇ ਹੀ ਟੇਕ ਲਵੋ। ਇਸਤੋਂ ਬਿਨ੍ਹਾਂ ਕੋਈ ਰਸਮ ਨਹੀਂ ਹੋਵੇਗੀ।" ਇਹ ਗੱਲ ਸੁਣ ਕੇ ਸਭ ਤੋਂ ਪਹਿਲਾਂ ਗੁਲਾਬੀ ਪੱਗ ਵਾਲਾ ਫੁੱਫੜ ਬੁੜ੍ਹਕ ਪਿਆ,"ਤੂੰ ਕੌਣ ਹੁੰਦਾ, ਭੋਗ ਨਾ ਪਾਉਣ ਵਾਲਾ, ਅਸੀਂ ਤਾਂ ਪਾਵਾਂਗੇ।" ਅੱਗੋਂ ਕਰਤਾਰਾ ਬੋਲਿਆ,"ਜਾ ਪਾ ਲਵੋ ਆਪਣੇ ਘਰੇ। ਫੇਰ ਇੱਕ ਹੋਰ ਫੁੱਫੜ ਉੱਠਿਆ,"ਤੂੰ ਅਧਰਮੀ ਹੈ, ਕਾਮਰੇਡ ਤਾਂ ਹੁੰਦੇ ਹੀ ਅਧਰਮੀ ਹਨ, ਪਿੰਡ ਵਾਲਿਓ ਤੁਸੀਂ ਕਿਉਂ ਨਹੀਂ ਬੋਲਦੇ ? ਪਿੰਡ ਵਾਲੇ ਵੀ ਬੁੜ-ਬੁੜ ਕਰਨ ਲੱਗ ਪਏ। ਪਿੰਡ ਦੀ ਪੰਚਾਇਤ ਨੇ ਪਾਰਟੀ ਦੇ ਮੋਹਤਵਰ ਹੋਣ ਕਾਰਨ ਗੱਲ ਮੇਰੇ ਅਤੇ ਉੱਦਮ ਸਿੰਘ ਤੇ ਸੁੱਟ ਦਿੱਤੀ। ਉੱਦਮ ਮੇਰੇ ਕੋਲ ਆ ਕੇ ਕਹਿਣ ਲੱਗਾ,"ਭੋਗ ਤਾਂ ਕਰਤਾਰੇ ਨੇ ਹੀ ਪਾਉਣਾ, ਆਪਾਂ ਕੌਣ ਹੁੰਦੇ ਹਾਂ ਭੋਗ ਪਾਉਣ ਵਾਲੇ, ਨਾਲੇ ਮੈਨੂੰ ਨੀ ਲੱਗਦਾ ਆਪਣੇ ਕਹਿਣ ਤੇ ਕਰਤਾਰਾ ਭੋਗ ਪਾਉਣ ਲਈ ਮੰਨ ਜਾਵੇਗਾ। ਹੁਣ ਤੂੰ ਹੀ ਦੱਸ ਆਪਾਂ ਪੰਚਾਇਤ ਨੂੰ ਕੀ ਕਹੀਏ ?" ਮੈਂ ਉੱਦਮ ਨੂੰ ਕਿਹਾ,"ਕਰਤਾਰੇ ਦਾ ਬਾਪੂ ਹਾਜਰ ਹੈ, ਕਿਉਂ ਨਾ ਆਪਾਂ, ਇਹੋ ਫੈਸਲਾ ਬਾਪੂ ਤੇ ਸੁੱਟ ਦੇਈਏ।" ਉੱਦਮ ਨੂੰ ਗੱਲ ਜਚ ਗਈ, ਪੰਚਾਇਤ ਨੂੰ ਹੱਥ ਜੋੜ ਕੇ ਕਹਿਣ ਲੱਗਾ,"ਜਦੋਂ ਬਾਪੂ ਹਾਜਰ ਹੈ, ਤਾਂ ਭੋਗ ਬਾਰੇ ਫੈਸਲਾ ਲੈਣ ਦਾ ਹੱਕ ਵੀ ਉਸਦਾ ਹੀ ਬਣਦਾ ਹੈ।" ਸਾਰਿਆਂ ਨੇ ਬਾਪੂ ਤੇ ਸਹਿਮਤੀ ਦੇ ਦਿੱਤੀ। ਬਾਪੂ ਖੜਾ ਹੋਇਆ, ਦੋ ਟੁੱਕ ਕਹਿ ਦਿੱਤਾਂ,"ਮੈਂ ਤਾਂ ਆਪਣੇ ਕਰਤਾਰੇ ਨਾਲ਼ ਹਾਂ।" ਕਰਤਾਰਾ ਬੋਲਿਆ,"ਭੋਗ ਤਾਂ ਮੈਂ ਦਸ ਪਾ ਦੇਵਾਂ, ਮੈਂ ਤਾਂ ਗਰੀਬ ਲੋਕਾਂ ਲਈ ਰਸਤਾ ਬਣਾ ਰਿਹਾ ਹਾਂ। ਸਾਰੇ ਲੋਕ ਚਿਤਾ ਵਿੱਚ ਲੱਕੜੀ ਦਾ ਟੋਟਾ ਸੁੱਟ ਕੇ ਘਰਾਂ ਨੂੰ ਵਾਪਸ ਪਰਤ ਗਏ।

ਮਾਂ ਦੀ ਮੌਤ ਨੂੰ ਦਸ ਦਿਨ ਹੋ ਚੁੱਕੇ ਸਨ। ਮੁਹੱਲੇ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਬੰਦ ਹੋਣ ਦੇ ਕੰਢੇ ਤੇ ਆ ਗਿਆ। ਪਤਾ ਲੱਗਿਆ ਛੱਤਾਂ ਗਿਰਣ ਵਾਲੀਆਂ ਨੇ। ਬੱਚਿਆਂ ਨੂੰ ਖ਼ਤਰਾ ਹੋ ਸਕਦਾ ਹੈ। ਮੁਹੱਲਾ ਨਿਵਾਸੀ ਅਤੇ ਮਾਸਟਰ ਕਰਤਾਰੇ ਕੋਲ ਮਦਦ ਲਈ ਆਏ। ਕਰਤਾਰੇ ਨੇ ਸਰਕਾਰੀ ਸਕੂਲ ਵਿੱਚ ਨਿਰੋਲ ਆਪਣੇ ਖਰਚੇ ਤੇ ਲੈਂਟਰ ਪਾ ਦਿੱਤਾ। ਉਸ ਵੇਲੇ ਛੱਤਾਂ ਉੱਪਰ ਕੋਈ ਸੱਤਰ ਹਜਾਰ ਦਾ ਖਰਚਾ ਆਇਆ। ਮੈਂ ਉੱਦਮ ਨੂੰ ਕਿਹਾ,"ਲੈ ਵਈ, ਮਾਂ ਦਾ ਅਸਲੀ ਭੋਗ ਤਾਂ ਕਰਤਾਰੇ ਨੇ ਹੀ ਪਾਇਆ ਹੈ, ਬਾਕੀ ਤਾਂ ਸ਼ੋਹਰਤ ਦੇ ਅਡੰਬਰ ਰਚਾਉਂਦੇ ਹਨ।"

ਅੱਤਵਾਦ ਖ਼ਤਮ ਹੋ ਚੁੱਕਾ ਸੀ, ਚਾਰੇ ਪਾਸੇ ਅਜ਼ਾਦੀ ਦਾ ਮਾਹੌਲ ਸੀ। ਘਨੌਰ ਵਾਲਿਆਂ ਨੇ ਬੰਦੂਕਾਂ ਵਾਪਸ ਕਰ ਦਿੱਤੀਆਂ ਸਨ। ਜਦੋਂ ਮੈਂ ਕਰਤਾਰੇ ਕੋਲ ਜਾਂਦਾ, ਉਹ ਮੈਨੂੰ ਆਪਣੇ ਸੜਕ ਵਾਲੇ ਘਰ ਚਾਹ ਪੀਣ ਲਈ ਲੈ ਕੇ ਜਾਂਦਾ, ਉੱਪਰ ਚੁਬਾਰਿਆਂ ਵਿੱਚ ਰਿਹਾਇਸ਼ ਸੀ, ਮੈਂ ਦੇਖਿਆ ਚੁਬਾਰਿਆਂ ਦੀ ਉਚਾਈ ਮਸਾਂ ਅੱਠ-ਨੌਂ ਫੁੱਟ ਹੈ। ਮੈਂ ਉਸਨੂੰ ਪੁੱਛਿਆ, ਇਹ ਛੱਤਾਂ ਐਨੀਆਂ ਨੀਵੀਆਂ ਕਿਉਂ ਨੇ ? ਕਰਤਾਰੇ ਨੇ ਦਿਖਾਇਆ, ਚੁਬਾਰਿਆਂ ਉੱਪਰ ਦੀ ਬਿਜਲੀ ਦੀਆਂ ਵੱਡੀਆਂ ਤਾਰਾਂ ਜਾਂਦੀਆਂ ਸਨ। ਇਸੇ ਕਰਕੇ ਕਰਤਾਰੇ ਨੂੰ ਇਹ ਪਲਾਟ ਅੱਧ ਮੁੱਲ ਚ ਮਿਲ ਗਿਆ ਸੀ। ਮੈਂ ਕਰਤਾਰੇ ਵੱਲੋਂ ਉਸ ਵੇਲੇ ਦੇ ਮੁੱਖ ਮੰਤਰੀ ਨੂੰ ਘਰ ਤੋਂ ਤਾਰਾਂ ਹਟਾਉਣ ਦੀ ਚਿੱਠੀ ਪਾ ਦਿੱਤੀ। ਚਿੱਠੀ ਵਿੱਚ ਕਰਤਾਰੇ ਦੀ ਜੀਵਨ ਗਾਥਾ ਦਾ ਬਿਆਨ ਵੀ ਕਰ ਦਿੱਤਾ। ਚਿੱਠੀ ਪਾਉਣ ਤੋਂ ਦਸ ਦਿਨਾਂ ਵਿੱਚ ਹੀ ਬਿਜਲੀ ਮਹਿਕਮੇਂ ਵਾਲਿਆਂ ਨੇ ਦੂਸਰਾ ਖੰਭਾ ਗੱਡ ਕੇ ਤਾਰਾਂ ਨੂੰ ਘਰ ਤੋਂ ਦੂਰ ਕਰ ਦਿੱਤਾ ।

ਕਰਤਾਰੇ ਦੀਆਂ ਕੁੜੀਆਂ ਤੋਂ ਛੋਟੇ ਮੁੰਡੇ ਤੇਜਪਾਲ ਨੇ ਬਾਰ੍ਹਵੀਂ ਕਰਨ ਉਪਰੰਤ ਟੈਕਸਟਾਈਲ ਦਾ ਡਿਪਲੋਮਾ ਕਰ ਲਿਆ। ਉਹ ਗੁਜਰਾਤ ਵਿੱਚ ਜਾ ਕੇ ਇੱਕ ਵੱਡੀ ਫੈਕਟਰੀ ਵਿੱਚ ਨੌਕਰੀ ਲੱਗ ਪਿਆ। ਉੱਥੇ ਜਾ ਕੇ ਉਸਨੂੰ ਦਾਰੂ ਦੀ ਭੈੜੀ ਲੱਤ ਲੱਗ ਗਈ। ਥੋੜੇ ਸਮੇਂ ਬਾਅਦ ਹੀ ਉਸ ਨੂੰ ਘਰ ਵਾਪਿਸ ਬੁਲਾ ਲਿਆ ਅਤੇ ਉਸਦਾ ਵਿਆਹ ਇੱਕ ਉੱਚ ਦਰਜਾ ਪੜ੍ਹੀ ਲਿਖੀ ਅਤੇ ਖੂਬਸੂਰਤ ਕੁੜੀ ਨਾਲ਼ ਹੋ ਗਿਆ। ਪਾਲ ਨੇ ਨਾ ਹੀ ਉਸਦੀ ਵਿੱਦਿਆ ਦੀ ਅਤੇ ਨਾ ਹੀ ਉਸਦੀ ਖੂਬਸੂਰਤੀ ਦੀ ਕੋਈ ਕਦਰ ਕੀਤੀ। ਇੱਕ ਕਰੇਲਾ, ਦੂਜਾ ਨਿੰਮ ਚੜ੍ਹਿਆ, ਘਰ ਦੇ ਸਾਹਮਣੇ ਹੀ ਠੇਕਾ ਖੁੱਲ੍ਹ ਗਿਆ। ਪਾਲ ਰਾਤ ਨੂੰ ਡੱਕ ਕੇ ਦਾਰੂ ਪੀ ਲੈਂਦਾ, ਫੇਰ ਕਲੇਸ਼ ਕਰਦਾ ਅਤੇ ਆਪਣੀ ਮਾਂ ਅਤੇ ਬਹੂ ਦੀ ਕੁੱਟਮਾਰ ਕਰਦਾ। ਮੈਂ ਤੇ ਉੱਦਮ ਕਈ ਵਾਰ ਪਾਲ ਨੂੰ ਸਮਝਾਉਣ ਜਾਂਦੇ। ਉੱਦਮ ਕਹਿਣ ਲੱਗਾ, "ਐਸ਼ਪ੍ਰਸਤੀ ਵਾਲੀ ਬਿਨਾ ਸੰਘਰਸ਼ ਦੇ ਜਿੰਦਗੀ ਵਿੱਚ ਭੈੜ ਆਉਣੇ ਆਮ ਦੇਖੇ ਜਾ ਸਕਦੇ ਹਨ, ਇਹੋ ਪਾਲ ਨਾਲ਼ ਹੋਇਆ ਹੈ।"

ਕਰਤਾਰੇ ਦੇ ਬਾਪੂ ਦਾ ਦੇਹਾਂਤ ਹੋ ਗਿਆ, ਦਾਹ ਸੰਸਕਾਰ ਵੇਲੇ ਹੀ ਅੰਤਿਮ ਕਿਰਿਆ ਸੰਪੰਨ ਹੋਈ। ਹੁਣ ਕਿਸੇ ਰਿਸ਼ਤੇਦਾਰ ਨੇ ਭੋਗ ਪਾਉਣ ਦੀ ਗੱਲ ਨਹੀਂ ਕੀਤੀ।

ਦਰਖਤ ਵੱਡੇ ਹੁੰਦੇ ਗਏ, ਦਰਖਤਾਂ ਦੇ ਨਾਲ਼-ਨਾਲ਼ ਕਰਤਾਰਾ ਵੀ ਬੁੱਢਾ ਹੋ ਚੱਲਿਆ। ਹੁਣ ਕਰਤਾਰਾ ਸੱਤਰਾਂ ਨੂੰ ਢੁੱਕ ਚੁੱਕਾ ਸੀ। ਪਰ ਦਰਖਤਾਂ ਦੀ ਸੰਗਤ ਕਾਰਨ ਸਦਾ ਹੌਂਸਲੇ ਅਤੇ ਉਮੰਗ ਨਾਲ਼ ਜਿਉਂਦਾ ਸੀ। ਮੈਂ ਪੱਕੇ ਵਿਸਵਾਸ਼ ਨਾਲ਼ ਲਿਖ ਰਿਹਾ ਹਾਂ ਕਿ ਦਰਖਤਾਂ ਨੂੰ ਉਸਦੀ ਮੌਜੂਦਗੀ ਦਾ ਅਹਿਸਾਸ ਹੁੰਦਾ ਸੀ, ਉਹ ਉਸ ਦੀ ਹਾਜਰੀ ਵਿੱਚ ਦੂਣੇ ਬਲ ਨਾਲ਼ ਝੂਮਦੇ।

ਕਰਤਾਰੇ ਨੂੰ ਆਸ ਸੀ ਕਿ ਉਸਦਾ ਮੁੰਡਾ ਪਾਲ ਲਾਇਕ ਬਣੇਗਾ ਅਤੇ ਉਸਦੇ ਕੰਮ ਨੂੰ ਸੰਭਾਲ ਲਵੇਗਾ। ਇੱਕ ਦਿਨ ਆਰੇ ਵਿੱਚ ਪਾਲ ਦਾ ਅੰਗੂਠਾ ਆ ਗਿਆ, ਵੱਡੇ ਡਾਕਟਰ ਨੇ ਤਾਰਾਂ ਪਾ ਕੇ ਉਸਨੂੰ ਹੱਥ ਨਾਲ਼ ਜੋੜਿਆ। ਮੁੜਕੇ ਉਹ ਆਰੇ ਕੋਲ ਨਾ ਲੱਗਿਆ।

ਹੁਣ ਕਰਤਾਰੇ ਕੋਲ ਕੰਮ ਨੂੰ ਸੰਭਾਲਣ ਦੀ ਸ਼ਕਤੀ ਨਹੀਂ ਬਚੀ ਸੀ। ਜਦੋਂ ਉਹ ਮੰਜੇ ਤੇ ਹੀ ਪੈ ਗਿਆ ਤਾਂ ਆਰਾ ਵੀ ਖੜ੍ਹ ਗਿਆ। ਪਸ਼ੂ ਵੀ ਬਿਕ ਗਏ, ਢੂਲੇ ਦਾ ਸਮਾਨ ਵੀ ਵੇਚ ਦਿੱਤਾ। ਆਪਣੇ ਜਿਉਂਦੇ ਜੀ ਪਰਿਵਾਰ ਉੱਪਰ ਇੱਕ ਵੀ ਪੈਸਾ ਕਰਜਾ ਨਹੀਂ ਚੜ੍ਹਨ ਦਿੱਤਾ। ਡਾਕਟਰਾਂ ਨੇ ਗਦੂਦਾਂ ਦੇ ਕੈਂਸਰ ਦੀ ਪੁਸ਼ਟੀ ਕਰ ਦਿੱਤੀ। ਆਪਣਾ ਮੰਜਾਂ ਦਰਖਤਾਂ ਦੇ ਵਿਚਕਾਰ ਡਹਾ ਲਿਆ। ਕਰਤਾਰੇ ਨੇ ਮੈਨੂੰ ਅਤੇ ਉੱਦਮ ਨੂੰ ਸੱਦਿਆ ਅਤੇ ਵਸੀਅਤ ਲਿਖਣ ਲਈ ਕਿਹਾ। ਆਪਣੇ ਭਾਈ ਮੋਤਾ ਸਿੰਘ ਅਤੇ ਮੁੰਡੇ ਪਾਲ ਵਿੱਚ ਬਰਾਬਰ ਥਾਂ ਵੰਡ ਦਿੱਤੀ। ਕੁੜੀਆਂ ਦਾ ਹਿੱਸਾ ਕੁੜੀਆਂ ਨੂੰ ਦੇ ਦਿੱਤਾ। ਗਵਾਹ ਦੇ ਤੌਰ ਤੇ ਅਸੀਂ ਵੀ ਦਸਤਖਤ ਕਰ ਦਿੱਤੇ।

ਆਖਰੀ ਸਮੇਂ ਕਰਤਾਰਾ ਦਰਖਤਾਂ ਅਤੇ ਚਿੜੀਆਂ ਨਾਲ਼ ਗੱਲਾਂ ਕਰਦਾ ਰਹਿੰਦਾ। ਸਵੇਰੇ ਪੰਜ ਵਜੇ ਮੇਰੇ ਕੋਲ ਮੋਤੇ ਦਾ ਫੋਨ ਆਇਆ ਕਹਿਣ ਲੱਗਾ, ਕਰਤਾਰਾ ਚੱਲ ਵੱਸਿਆ, ਦਸ ਵਜੇ ਸ਼ਹਿਰ ਵਾਲੇ ਰਾਮ ਬਾਗ ਵਿੱਚ ਸੰਸਕਾਰ ਹੋਵੇਗਾ। ਮੈਂ ਉੱਦਮ ਨੂੰ ਸੁਨੇਹਾ ਲਗਾ ਦਿੱਤਾ। ਪਵਨ ਹਰਚੰਦਪੁਰੀ ਵੀ ਪਹੁੰਚ ਗਿਆ। ਕਰਤਾਰੇ ਦੀ ਦੇਹ ਉੱਪਰ ਦਾਤੀ ਹਥੌੜੇ ਵਾਲਾ ਝੰਡਾ ਪਾਇਆ ਗਿਆ। ਇੱਕ ਜਣੇ ਨੇ ਨਾਹਰਾ ਲਾਇਆ, ਕਰਤਾਰ ਸਿੰਘ ਅਮਰ ਰਹੇ। ਦੂਸਰੇ ਨੇ ਲਾਇਆ ਕਰਤਾਰੇ ਤੇਰੀ ਸੋਚ ਤੇ ਪਹਿਰਾਂ ਦੇਵਾਂਗੇ, ਠੋਕ ਕੇ।

ਕਰਤਾਰਾ ਅਗਨੀ ਵਿੱਚ ਰਲ ਅਗਨੀ ਹੋ ਗਿਆ। ਇੱਕ ਵਾਰ ਫੇਰ ਭੋਗ ਦੀ ਗੱਲ ਚੱਲ ਪਈ। ਹੁਣ ਕਰਤਾਰੇ ਦੇ ਵਿਚਾਰਾਂ ਉੱਪਰ ਪਹਿਰਾਂ ਦੇਣ ਵਾਲਾ ਕੋਈ ਨਹੀਂ ਸੀ। ਉੱਦਮ ਬੋਲਿਆ,"ਭੋਗ ਦਾ ਨਿਰਣਾ ਤੁਸੀਂ ਪਰਿਵਾਰ ਵਾਲਿਆਂ ਜਾਂ ਰਿਸ਼ਤੇਦਾਰਾਂ ਨੇ ਲੈਣਾ ਹੈ, ਅਸੀਂ ਤਾਂ ਤੁਹਾਡੇ ਫੈਸਲੇ ਤੇ ਫੁੱਲ ਚੜਾਵਾਂਗੇ। ਕਰਤਾਰੇ ਦਾ ਭਾਈ ਮੋਤਾ ਸਿੰਘ ਕਹਿਣ ਲੱਗਾ, ਕਰਤਾਰੇ ਦੇ ਵਿਚਾਰ ਕਰਤਾਰੇ ਨਾਲ਼ ਹੀ ਚਲੇ ਗਏ, ਹੁਣ ਅਸੀਂ ਆਪਣੀ ਜਿੰਦਗੀ ਆਪਣੇ ਢੰਗ ਨਾਲ਼ ਜੀਵਾਂਗੇ। ਮੇਰਾ ਵਿਚਾਰ ਹੈ ਸਾਨੂੰ ਲੋਕਾਂ ਵਿੱਚ ਆਪਣਾ ਬਣਦਾ ਸਨਮਾਨ ਪਾਉਣ ਲਈ ਭੋਗ ਪਾਉਣਾ ਚਾਹੀਦਾ ਹੈ। ਵੱਡਾ ਫੁੱਫੜ ਇੱਕ ਦਮ ਬੋਲਿਆ, ਧਾਰਮਿਕ ਰਵਾਇਤਾਂ ਮੁਤਾਬਿਕ ਭੋਗ ਪਾਉਣਾ ਚਾਹੀਦਾ ਹੈ। ਦੂਜੇ ਫੁੱਫੜ ਨੇ ਵੀ ਭੋਗ ਦੇ ਹਾਂ ਵਿੱਚ ਹਾਂ ਮਿਲਾਈ। ਸਾਰਿਆਂ ਨੇ ਰਲ ਕੇ ਪਾਲ ਨੂੰ ਕਿਹਾ,"ਅਸਲ ਜਿੰਮੇਵਾਰੀ ਤੇਰੇ ਤੇ ਹੈ, ਪੱਗ ਦਾ ਹੱਕਦਾਰ ਵੀ ਤੂੰ ਹੈਂ, ਭੋਗ ਪਾਉਣ ਦੀ ਜਿੰਮੇਵਾਰੀ ਵੀ ਤੈਨੇ ਨਿਭਾਉਣੀ ਹੈ।" ਨੀਵਾਂ ਸਿਰ ਕੀਤਿਆਂ, ਬੈਠੇ ਪਾਲ ਨੇ ਹਾਂ ਭਰ ਦਿੱਤੀ। ਅਗਲੇ ਦਿਨ ਫੁੱਲ ਚੁਗ ਲਏ ਗਏ, ਸਵਾਹ ਅਤੇ ਹੱਡੀਆਂ ਨੂੰ ਬੱਬਨਪੁਰ ਵਾਲੀ ਨਹਿਰ ਵਿੱਚ ਵਹਾ ਦਿੱਤਾ।

ਦੋ ਦਿਨ ਤਾਂ ਪਾਲ ਨੇ ਦਾਰੂ ਨਹੀਂ ਪੀਤੀ। ਜਦੋਂ ਭੋਗ ਪਾਉਣ ਦਾ ਬੋਝ ਸਤਾਉਣ ਲੱਗਾ, ਤਾਂ ਰੱਜ ਕੇ ਦਾਰੂ ਪੀ ਲਈ। ਪਰ ਚਿੰਤਾ ਵਿੱਚ ਡੁੱਬਿਆ, ਛੇਤੀ ਹੀ ਉੱਤਰ ਗਈ। ਸੋਚਣ ਲੱਗਾ, ਮੈਂ ਭੋਗ ਕਿਵੇਂ ਪਾਵਾਂਗਾ, ਪੈਸਾ ਤਾਂ ਘਰੇ ਇੱਕ ਨੀਂ, ਰਿਸ਼ਤੇਦਾਰ ਤਾਂ ਤੁਰਦੇ ਬਣੇ, ਫੇਰ ਦਾਰੂ ਪੀ ਲਈ, ਟੱਲੀ ਹੋਇਆ, ਲੱਗ ਪਿਆ ਗਾਲਾਂ ਕੱਢਣ, ਨੇ ਮੈਨੂੰ ਫਸਾ ਦਿੱਤਾ, ਅਸੀਂ ਕੋਈ ਭੋਗ-ਭੁਗ ਨਹੀਂ ਪਾਉਣਾ, ਜਦੋਂ ਸਾਡੇ ਬਾਪ ਨੇ ਆਪਣੇ ਮਾਂ-ਬਾਪ ਦਾ ਭੋਗ ਨਹੀਂ ਪਾਇਆ ਸੀ ਤਾਂ ਕਿਹੜਾ ਬੰਬ ਆ ਡਿੱਗਿਆ ਸੀ। ਦਸ ਦਿਨਾਂ ਬਾਅਦ ਸਾਰੇ ਰਿਸ਼ਤੇਦਾਰ ਬੋਲਣ ਲੱਗ ਪਏ ਸੀ, ਸੱਠ ਹਜਾਰ ਦਾ ਖਰਚਾ ਹੈ, ਮੈਂ ਕਿੱਥੋਂ ਲੈ ਕੇ ਆਵਾਂ।" ਅਗਲੇ ਦਿਨ ਤੜਕ ਸਾਰ ਰਿਸ਼ਤੇਦਾਰ ਫੇਰ ਇਕੱਠੇ ਹੋ ਗਏ, ਪਾਲ ਨੂੰ ਪਲੋਸਕੇ ਕਹਿਣ ਲੱਗੇ, "ਤੂੰ ਫਿਕਰ ਨਾ ਕਰ, ਖਰਚੇ ਦਾ ਇੰਤਜਾਮ ਹੋ ਜਾਵੇਗਾ।"

ਅਗਲੇ ਦਿਨ ਬਿਜਲੀ ਵਾਲੀ ਆਰੀ ਨੇ ਪਾਲ ਦੇ ਹਿੱਸੇ ਵਾਲੀ ਜਗ੍ਹਾ ਦੇ ਸਾਰੇ ਦਰਖਤ ਦੁਪਹਿਰ ਤੱਕ ਵੱਢ ਸੁੱਟੇ। ਕੁੱਲ ਸੱਤਰ ਹਜਾਰ ਹੱਥ ਵਿੱਚ ਆ ਗਏ। ਭੋਗ ਤੇ ਬੋਲਦਿਆਂ ਉੱਦਮ ਸਿੰਘ ਕਹਿਣ ਲੱਗਾ,"ਅਸਲ ਵਿੱਚ ਆਤਮਾ ਹੀ ਵਿਚਾਰਾਂ ਦੀ ਰੁਪਾਂਤਰ ਹੁੰਦੀ ਹੈ, ਕਰਤਾਰੇ ਦੇ ਵਿਚਾਰਾਂ ਨੇ ਉਸਦੀ ਆਤਮਾ ਨੂੰ ਅਮਰ ਕਰ ਦਿੱਤਾ ਹੈ ਅਤੇ ਉਸਦੇ ਪੈਰ ਪੱਥਰ ਦੇ ਸਨ, ਜਿਹੜੇ ਅੰਗਦ ਵਾਂਗ ਇਸ ਧਰਤੀ ਤੇ ਸਦਾ ਗੁੜੇ ਰਹਿਣਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 'ਅਕਾਲ ਰਾਈਡਰਜ਼' ਵੱਲੋਂ ਹੇਸਟਿੰਗ ਵਿਖੇ 'ਚੌਥੇ ਪੰਜਾਬੀ ਭਾਸ਼ਾ' ਹਫ਼ਤੇ ਸਬੰਧੀ ਵਿਸ਼ੇਸ਼ ਸਮਾਗਮ 3 ਨੂੰ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਹੇਸਟਿੰਗਜ਼ ਵਿਖੇ 'ਅਕਾਲ ਰਾਈਡਰਜ਼ ਨਿਊਜ਼ੀਲੈਂਡ' ਅਤੇ 'ਸਿੰਘ ਸਪੋਰਟਸ ਐਂਡ ਕਲਚਰਲ ਕਲੱਬ' ਵੱਲੋਂ ਪੰਜਾਬੀ ਭਾਸ਼ਾ ਦੇ ਚੌਥੇ ਹਫ਼ਤੇ ਸਬੰਧੀ ਇਕ ਵਿਸ਼ੇਸ਼ ਸਮਗਾਮ 3 ਦਸੰਬਰ ਨੂੰ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ 'ਅਸੈਂਬਲੀ ਹਾਲ, ਟੋਇਟੋਇ ਮਿਊਂਸੀਪਲ ਬਿਲਡਿੰਗ ਹੇਸਟਿੰਗਜ਼ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਹਾਲ ਕਮਾਲ ਦਾ ਹਾਲ ਹੈ ਅਤੇ ਇਥੇ ਹੇਸਟਿੰਗਜ਼ ਦੇ ਉਚ ਮਾਪਦੰਢਾਂ ਵਾਲੇ ਸਮਾਗਮ ਹੁੰਦੇ ਹਨ। 660 ਵਰਗ ਮੀਟਰ ਦਾ ਇਹ ਆਲੀਸ਼ਾਨ ਹਾਲ ਬੇਹੱਦ ਖ਼ੂਬਸੂਰਤੀ ਦੇ ਨਾਲ ਸਜਾਇਆ ਗਿਆ ਹੈ। ਇਥੇ 500 ਵਿਅਕਤੀ ਆਰਾਮ ਦੇ ਨਾਲ ਬੈਠ ਸਕਦੇ ਹਨ। ਇਸ ਆਲੀਸ਼ਾਨ ਹਾਲ ਦੇ ਵਿਚ ਪੰਜਾਬੀ ਸਮਾਗਮ ਹੋਣਾ ਆਪਣੇ ਆਪ ਵਿਚ ਇਕ ਮਾਣ ਵਾਲੀ ਗੱਲ ਹੈ। ਇਸਦੀ ਸਟੇਜ ਅਤੇ ਸਕਰੀਨ ਦੇ ਉਤੇ ਪੰਜਾਬੀ ਦੀਆਂ ਗੱਲਾਂ ਅਤੇ ਗੀਤ ਚੱਲਣਗੇ ਤਾਂ ਮਾਹੌਲ ਵੱਖਰਾ ਸਿਰਜਿਆ ਜਾਵੇਗਾ। ਇਸ ਸਬੰਧੀ ਸ. ਸੁਖਦੀਪ ਸਿੰਘ, ਸ੍ਰੀ ਮਨਜੀਤ ਸੰਧੂ, ਸ। ਜਸਵੀਰ ਸਿੰਘ ਅਤੇ ਸ੍ਰੀ ਰੋਹਿਤ ਚੌਹਾਨ ਬੜੀ ਮਿਹਨਤ ਕਰ ਰਹੇ ਹਨ। ਪੰਜਾਬੀ ਕਵਿਤਾ, ਸ਼ਾਇਰੀ, ਧਾਰਮਿਕ ਸ਼ਬਦ, ਲੋਕ ਗੀਤ, ਲੋਕ ਬੋਲੀਆਂ, ਭੰਗੜਾ ਗਿੱਧਾ ਅਤੇ ਹੋਰ ਬਹੁਤ ਕੁਝ ਇਸ ਸਮਾਗਮ ਵਿਚ ਹੋਵੇਗਾ। ਇਸ ਸਮਾਗਮ ਦੇ ਵਿਚ ਹੇਸਟਿੰਗਜ਼ ਦੇ ਮੇਅਰ, ਟੂਕੀਟੂਕੀ ਮੈਂਬਰ ਪਾਰਲੀਮੈਂਟ, ਨਿਊਜ਼ੀਲੈਂਡ ਪੁਲਿਸ ਇੰਸਪੈਕਟਰ ਸ੍ਰੀ ਡੈਮਿਨ, ਨੇਪੀਅਰ ਤੋਂ ਕੌਂਸਲਰ, ਔਕਲੈਂਡ ਤੋਂ ਸ. ਹਰਜਿੰਦਰ ਸਿੰਘ ਬਸਿਆਲਾ (ਪੰਜਾਬੀ ਹੈਰਲਡ), ਰੇਡੀਓ ਸਪਾਈਸ ਤੋਂ ਸ. ਪਰਮਿੰਦਰ ਸਿੰਘ ਪਾਪਾਟੋਏਟੋਏ, ਸ। ਨਵਤੇਜ ਸਿੰਘ ਰੰਧਾਵਾ ਪਹੁੰਚ ਰਹੇ ਹਨ ਜੋ ਕਿ ਇਕ ਪਾਵਰ ਪੁਆਇੰਟ ਪੇਸ਼ਕਾਰੀ ਦੇਣਗੇ। ਹਾਕਸ ਬੇਅ ਸਿਵਲ ਡਿਫੈਂਸ, ਏਥਨਿਕ ਕਮਿਊਨਿਟੀ ਮੰਤਰਾਲਾ ਅਤੇ ਸਮਾਜਿਕ ਵਿਕਾਸ ਮੰਤਰਲੇ ਤੋਂ ਪ੍ਰਤੀਨਿਧੀ ਪਹੁੰਚਣਗੇ। ਇਸ ਸਮਾਗਮ ਦੇ ਵਿਚ ਸ਼ਾਮਿਲ ਹੋਣ ਲਈ ਕੋਈ ਫੀਸ ਨਹੀਂ ਹੈ। ਖਾਣ-ਪੀਣ ਦੇ ਲਈ ਸਨੈਕਨਸ ਦਾ ਪ੍ਰਬੰਧ ਹੋਵੇਗਾ। ਪ੍ਰਬੰਧਕਾਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਇਹ ਪੰਜਾਬੀਆਂ ਦਾ ਪੰਜਾਬੀ ਲਈ ਪ੍ਰੋਗਰਾਮ ਹੈ, ਇਸ ਕਰਕੇ 3 ਦਸੰਬਰ ਨੂੰ ਤਿੰਨ ਘੰਟੇ ਇਸ ਸਮਾਗਮ ਲਈ ਜ਼ਰੂਰ ਰੱਖੋ ਜੀ।



# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



**ਭੱਟੀ ਭੜੀਵਾਲਾ ਨੂੰ ਥਾਪੀ ਮਰਾੜਾਂ ਵਾਲੇ ਮਾਨ ਦੀ**

ਭੱਟੀ ਭੜੀਵਾਲਾ ਚੋਟੀ ਦਾ ਗੀਤਕਾਰ, ਲੇਖਕ ਤੇ ਸੰਗੀਤ ਪੇਸ਼ਕਾਰ ਹੈ । ਪੰਜਾਬੀ ਗੀਤਕਾਰੀ ਦੇ ਦਿੱਗਜ ਬਾਬੂ ਸਿੰਘ ਮਾਨ ਮਰਾੜਾਂ ਵਾਲਾ ਨੇ ਆਪਣਾ ਹੱਥ ਭੱਟੀ ਦੇ ਸਿਰ ਰੱਖ ਕਿਹਾ ਕਿ ਸ਼ਬਦਾਂ ਦਾ ਜਾਦੂਗਰ ਭੱਟੀ ਭੜੀਵਾਲਾ ਹੈ । ਮਹਾਨ ਗੀਤਕਾਰ ਦੇ ਇਸ ਅਸ਼ੀਰਵਾਦ ਨੇ ਭੱਟੀ ਨੂੰ ਹੋਰ ਉਤਸ਼ਾਹ ਦਿੱਤਾ ਹੈ ਤੇ ਉਹ ਹੁਣ ਫ਼ਿਲਮੀ ਗੀਤਕਾਰ ਵੀ ਬਣ ਗਿਆ ਹੈ । ਦੇਵੀ ਸ਼ਰਮਾ ਦੀ ਫ਼ਿਓਮਪ;ਲਮ 'ਜੱਟੀ ਪੰਦਰਾਂ ਮੁਰੱਬਿਆਂ ਵਾਲੀ' ਦੇ ਗੀਤ ਭੱਟੀ ਨੇ ਲਿਖੇ ਹਨ । ਬਾਬੂ ਸਿੰਘ ਮਾਨ ਉਸਦੀ ਹੀ ਸਿਫ਼ਤ ਕਰਦੇ ਹਨ, ਜਿਸਦੇ ਪੱਲੇ ਕੁਝ ਹੋਏ । ਸਾਬਾਸ਼ ਮਿਲੀ ਹੁਣ ਚੱਕ ਦੇ ਇੰਡੀਆ।













**ਸਰਵਜੀਤ ਕਹੇ 'ਜੋਗੀਆਂ ਦੇ ਕੰਨਾਂ ਵਿੱਚ'**

ਪੰਜਾਬੀ ਲੋਕ ਵਿਰਸੇ ਦੀ ਗਾਇਕਾ ਸਰਵਜੀਤ ਕੌਰ ਪੰਜਾਬੀ ਫ਼ਿਲਮਾਂ ਲਈ ਅਵਾਜ਼ ਬਣ 'ਨੂਰਜਹਾਂ' ਰਹੀ ਹੈ, ਪੰਜਾਬੀ ਫ਼ਿਲਮਾਂ ਦੀ ਲਤਾ ਮੰਗੇਸ਼ਕਰ ਦਾ ਟਰੈਕ ਹੁਣ 'ਜੋਗੀਆਂ ਦੇ ਕੰਨਾਂ' ਵਿੱਚ ਅਮਿਤ ਸ਼ਰਮਾ ਪ੍ਰੋਡਕਸ਼ਨ ਨੇ ਪੇਸ਼ ਕੀਤਾ ਹੈ। ਸੰਗੀਤ ਤੇ ਵੀ-ਡਿਓ ਅਮਿਤ ਸ਼ਰਮਾ ਦਾ ਹੈ ਤੇ ਸਾਜਨ ਰਾਏਕੋਟੀ ਦੇ ਲਿਖੇ ਇਸ ਸਦਾਬਹਾਰ ਗੀਤ 'ਚ ਸਰਵਜੀਤ ਦੇ ਨਾਲ ਨਿਕਿਤਾ ਪੁਰੀ ਤੇ ਮਹਿਕ ਦੀਆਂ ਅਵਾਜ਼ਾਂ ਸੋਨੇ ਤੇ ਸੁਹਾਗਾ ਹੈ । ਜ਼ਿੰਦਾਬਾਦ ਰਹੇ ਸਦਾ ਇਹ ਅਵਾਜ਼।

**ਪੰਮਾ ਮੱਲ੍ਹੀ ਕਮਾਲ ਕਿਹਾ ਲਖਵਿੰਦਰ ਵਡਾਲੀ ਨੇ**

ਪੰਮਾ ਮੱਲ੍ਹੀ ਸਮਾਜ ਸੁਧਾਰਕ ਗਾਣਿਆਂ ਦਾ ਰਾਜਾ ਹੈ ਤੇ ਗਾਇਕੀ 'ਚ ਵੀ ਕਮਾਲ ਦਾ ਗਾਇਕ ਹੈ। ਲੋਕ ਨੱਚਣ ਲਾ ਦਿੰਦੇ ਹਨ ਉਸ ਦੇ ਦੋਗਾਣੇ ਤੇ ਸੱਭਿਆਚਾਰ ਮੇਲਿਆਂ ਦੀ ਉਹ ਸ਼ਾਨ ਹੈ। 'ਸਾਰਾ ਪਿੰਡ' ਬੀ.ਪੀ. 'ਸਲੂਟ' ਚੋਗਾਣਿਆਂ ਵਾਲੇ ਪੰਮਾ ਮੱਲ੍ਹੀ ਦੀ ਗਾਇਕੀ ਨੂੰ ਉੱਘੇ ਗਾਇਕ ਲਖਵਿੰਦਰ ਵਡਾਲੀ ਨੇ ਗੱਭਰੂਆਂ ਦੀ ਗਾਇਕੀ ਤੇ ਲੋਕ ਹਿੱਤਾਂ ਦੀ ਗਾਇਕੀ ਕਿਹਾ ਹੈ। ਵਡਾਲੀ ਨੇ ਕਿਹਾ ਹੈ ਕਿ 'ਨਸ਼ਿਆਂ' ਤੇ ਆ ਰਿਹਾ ਪੰਮਾ ਮੱਲ੍ਹੀ ਦਾ ਨਵਾਂ ਗੀਤ ਸਮਾਜ ਨੂੰ ਜਗ੍ਹਾ ਦੇਵੇਗਾ । ਗਾਇਕੀ ਹੋਣੀ ਹੀ ਅਜਿਹੀ ਚਾਹੀਦੀ ਹੈ । ਜਿਸ ਨਾਲ ਸਮਾਜ ਨੂੰ ਵੀ ਲਾਭ ਹੋਏ ਤੇ ਪੰਮਾ ਮੱਲ੍ਹੀ ਇਸਤੇ ਖਰਾ ਉਤਰ ਰਿਹਾ ਗਾਇਕ ਹੈ।

**ਅਮਰ ਨੂਰੀ ਰੀਅਲ ਸਟਾਰ ਹੈ**

ਇੱਕ ਚੋਟੀ ਦਾ ਨਾਮ ਫ਼ਿਲਮਾਂ ਤੇ ਗਾਇਕੀ ਵਿੱਚ ਅਮਰ ਨੂਰੀ ਹੈ । ਪਿੰਡ ਅਮਰੀਕਾ ਫ਼ਿਲਮ 'ਚ ਗੀਤ ਤੇ ਅਦਾਕਾਰੀ ਕਰ ਅਮਰ ਨੂਰੀ ਨੇ ਸਾਬਿਤ ਕਰ ਦਿਖਾਇਆ ਕਿ ਜਵਾਨੀ ਵਾਲਾ ਜੋਸ਼ ਅੱਜ ਵੀ ਉਸ 'ਚ ਬਰਕਰਾਰ ਹੈ । ਸਰਦੂਲ ਸਿਕੰਦਰ ਦਾ ਚਲੇ ਜਾਣਾ ਘਾਟਾ ਤੇ ਬਹੁਤ ਹੈ। ਪਰ ਅਲਾਪ ਤੇ ਸਾਰੰਗ ਜਿਹੇ ਹੀਰੇ ਬੱਚਿਆਂ ਲਈ ਤਕੜੀ ਹੋ ਕਿ ਉਹ ਚਲ ਸੋ ਚਲ ਹੈ । ਅਮਰ ਨੂਰੀ ਜਿਸ ਗੁੱਗੂ ਗਿੱਲ ਨਾਲ ਹਿੱਟ ਫ਼ਿਲਮਾਂ ਦਿੱਤੀਆਂ ਆ ਰਹੇ ਸਮੇਂ 'ਚ ਬਹੁਤ ਸਾਰੀਆਂ ਫਿਲਮਾਂ ਕਰ ਰਹੀ ਹੈ ਤੇ ਗਾਇਕੀ ਦਿਨ ਪ੍ਰਤੀ ਦਿਨ ਹੋਰ ਬੁਲੰਦ ਹੋ ਰਹੀ ਹੈ।

**ਅਵਤਾਰ ਵਰਮਾ ਹੈ ਮਿਹਨਤੀ ਕਲਾਕਾਰ**

ਦੂਰਦਰਸ਼ਨ ਜਲੰਧਰ ਤੇ ਚੋਟੀ ਦੇ ਸੀਰੀਅਲ ਬਣਾ ਕਿ ਨਿਰਦੇਸ਼ਕ ਅਵਤਾਰ ਵਰਮਾ ਅੱਜ ਪਾਲੀਵੁੱਡ ਦਾ ਨਾਮਵਰ ਚਿਹਰਾ ਹੈ। ਪਾਲੀ ਦੇਤਵਾਲੀਆਂ ਦੇ ਗੀਤ ਦਾ ਵੀਡਿਉ ਬਣਾ ਕਿ ਉਹ ਚੋਟੀ ਦੇ ਨਿਰਦੇਸ਼ਕਾਂ 'ਚ ਸ਼ਾਮਿਲ ਹੋਇਆ ਹੈ। ਸ਼ਾਰਟ ਫਿਲਮਾਂ ਦਾ ਕਿੰਗ ਅਵਤਾਰ ਵਰਮਾ ਹੁਣ ਐਕਟਰ ਬਣ 'ਬਾਪੂ ਦਾ ਕਲਾਕਾਰ' ਫ਼ਿਲਮ 'ਚ ਆ ਰਿਹਾ ਹੈ। ਮਿਹਨਤ ਨੇ ਅਵਤਾਰ ਵਰਮਾ ਨੂੰ ਸ਼ਾਨਦਾਰ ਸਟਾਰ ਨਿਰਦੇਸ਼ਕ ਤੇ ਕਲਾਕਾਰ ਬਣਾ ਦਿੱਤਾ ਹੈ। ਅਵਤਾਰ ਵਰਮਾ ਆ ਰਹੇ ਸਮੇਂ 'ਚ ਵੱਡੇ ਬਜ਼ਟ ਦੀ ਪੰਜਾਬੀ ਫ਼ਿਲਮ ਦੀ ਨਿਰਦੇਸ਼ਤ ਕਰ ਰਿਹਾ ਹੈ।

**ਗੁਰਦੀਪ ਸੰਧੂ 'ਐਵਾਰਡ ਜੇਤੂ ਹੀਰੋ'**

ਪਹਿਲਾਂ 'ਧੀਆਂ' ਫ਼ਿਲਮ ਲਈ ਐਵਾਰਡ ਲੈ ਚੁੱਕੇ ਹੀਰੋ ਗੁਰਦੀਪ ਸੰਧੂ ਦੀ ਫ਼ਿਲਮ 'ਨਤੀਜਾ' ਵੀ ਵੱਡੇ ਫਿਲਮੀ ਮੇਲੇ 'ਚ ਐਵਾਰਡ ਲਿਸਟ 'ਚ ਸ਼ਾਮਿਲ ਹੋਈ ਹੈ । ਬੈਸਟ ਐਂਕਰ ਦਾ ਐਵਾਰਡ ਰਫ਼ੀ ਸੁਸਾਇਟੀ ਨੇ ਦਿੱਤਾ ਹੈ।

ਜਦ ਕਿ ਸਰਵੋਤਮ ਨਿਰਦੇਸ਼ਕ ਇੰਟਰਨੈਟ ਫਿਲਮਾਂ ਦਾ ਸਨਮਾਨ 'ਸਟਾਰ ਐਵਾਰਡ' ਉਸਨੂੰ ਮਿਲਿਆ ਹੈ। ਬਾਲੀਵੁੱਡ ਵਾਲੇ 'ਨੈਕਸਟ ਜਤਿੰਦਰ' ਕਹਿ ਕਿ ਉਸਨੂੰ 'ਐਵਾਰਡ' ਦੇ ਰਹੇ ਹਨ । ਜਦ ਕਿ ਗੁਰਦੀਪ ਸੰਧੂ ਨਾਲ ਹਰ ਦੂਸਰੀ ਹੀਰੋਇਨ ਕੰਮ ਕਰਨ ਲਈ ਬੇਤਾਬ ਹੈ।




# ਕ੍ਰਿਕਟ ਆਸਟ੍ਰੇਲੀਆ ਨੇ 2023 ਵਿਸ਼ਵ ਕੱਪ ਲਈ ਆਪਣੀ ਬੈਸਟ ਇਲੈਵਨ ਦਾ ਖੁਲਾਸਾ ਕੀਤਾ

**ਨਵੀਂ ਦਿੱਲੀ–** ਕ੍ਰਿਕਟ ਆਸਟ੍ਰੇਲੀਆ ਨੇ 2023 ਵਿਸ਼ਵ ਕੱਪ ਲਈ ਆਪਣੀ ਬੈਸਟ ਇਲੈਵਨ ਦਾ ਖੁਲਾਸਾ ਕੀਤਾ, ਜਿਸ ਵਿਚ ਭਾਰਤ ਦੇ ਵਿਰਾਟ ਕੋਹਲੀ ਨੂੰ ਕਪਤਾਨ ਬਣਾਇਆ ਗਿਆ ਹੈ। ਭਾਰਤੀ ਕਪਤਾਨ ਰੋਹਿਤ ਸ਼ਰਮਾ ਨੂੰ ਇਸ ਟੀਮ 'ਚ ਜਗ੍ਹਾ ਨਹੀਂ ਮਿਲੀ। ਤੁਹਾਨੂੰ ਦੱਸ ਦੇਈਏ ਕਿ ਇਸ ਪਲੇਇੰਗ 11 ਨੂੰ ਸੈਮੀਫਾਈਨਲ 'ਚ ਕੁਆਲੀਫਾਈ ਕਰਨ ਵਾਲੀਆਂ ਚਾਰ ਟੀਮਾਂ ਵਿੱਚੋਂ ਚੁਣਿਆ ਗਿਆ ਹੈ।

ਕ੍ਰਿਕਟ ਆਸਟ੍ਰੇਲੀਆ ਨੇ ਵਿਸ਼ਵ ਕੱਪ 2023 ਲਈ ਚੁਣੇ ਗਏ ਆਪਣੇ ਸਰਵੋਤਮ ਪਲੇਇੰਗ 11 'ਚ ਭਾਰਤ ਤੋਂ ਚਾਰ, ਦੱਖਣੀ ਅਫਰੀਕਾ ਤੇ ਆਸਟਰੇਲੀਆ ਦੇ ਤਿੰਨ-ਤਿੰਨ ਅਤੇ ਨਿਊਜ਼ੀਲੈਂਡ ਦੇ ਇਕ ਖਿਡਾਰੀ ਨੂੰ ਜਗ੍ਹਾ ਦਿੱਤੀ ਹੈ। ਸ਼੍ਰੀਲੰਕਾ ਦੇ ਨਵੇਂ ਤੇਜ਼ ਗੇਂਦਬਾਜ਼ ਦਿਲਸ਼ਾਨ ਮਦੂਸ਼ੰਕਾ ਨੂੰ 12ਵਾਂ ਖਿਡਾਰੀ ਬਣਾਇਆ ਗਿਆ ਹੈ।

**ਕਿਸ ਨੂੰ ਮਿਲੀ ਸਲਾਮੀ ਬੱਲੇਬਾਜ਼ਾਂ ਦੀ ਜ਼ਿੰਮੇਵਾਰੀ?**

ਕ੍ਰਿਕਟ ਆਸਟ੍ਰੇਲੀਆ ਨੇ ਕਵਿੰਟਨ ਡੀ ਕਾਕ ਤੇ ਡੇਵਿਡ ਵਾਰਨਰ ਨੂੰ ਆਪਣੇ ਬੈਸਟ ਪਲੇਇੰਗ 11 'ਚ ਓਪਨਿੰਗ ਦੀ ਜ਼ਿੰਮੇਵਾਰੀ ਦਿੱਤੀ ਹੈ। ਕ੍ਰਿਕਟ ਆਸਟ੍ਰੇਲੀਆ ਦਾ ਮੰਨਣਾ ਹੈ ਕਿ ਵਾਰਨਰ ਨੇ ਲਗਾਤਾਰ ਬਿਹਤਰ ਪ੍ਰਦਰਸ਼ਨ ਕੀਤਾ ਹੈ। ਦੱਸ ਦਈਏ ਕਿ ਰੋਹਿਤ ਸ਼ਰਮਾ ਦੇ ਕੋਲ ਡੇਵਿਡ ਵਾਰਨਰ ਤੋਂ ਜ਼ਿਆਦਾ 4 ਦੌੜਾਂ, ਬਿਹਤਰ ਔਸਤ ਤੇ ਕਾਫੀ ਬਿਹਤਰ ਸਟ੍ਰਾਈਕ ਰੇਟ ਹੈ।




**ਕੋਹਲੀ ਕਪਤਾਨ, ਮਿਡਲ ਆਰਡਰ ਦਮਦਾਰ**

ਕ੍ਰਿਕਟ ਆਸਟ੍ਰੇਲੀਆ ਨੇ ਮਿਡਲ ਆਰਡਰ ਦੀ ਜ਼ਿੰਮੇਵਾਰੀ ਰਚਿਨ ਰਵਿੰਦਰਾ, ਵਿਰਾਟ ਕੋਹਲੀ, ਏਡਨ ਮਾਰਕਰਮ ਤੇ ਗਲੇਨ ਮੈਕਸਵੈੱਲ ਦੇ ਮੋਢਿਆਂ 'ਤੇ ਸੌਂਪੀ। ਕੋਹਲੀ ਲੀਗ ਪੜਾਅ ਦੇ ਅੰਤ 'ਚ ਟੂਰਨਾਮੈਂਟ ਦਾ ਸਰਵੋਤਮ ਸਕੋਰਰ ਰਹੇ। ਉਨ੍ਹਾਂ ਨੇ ਕਈ ਸਾਲਾਂ ਤਕ ਭਾਰਤੀ ਟੀਮ ਦੀ ਕਪਤਾਨੀ ਨਹੀਂ ਕੀਤੀ ਪਰ ਇਸ ਦੇ ਬਾਵਜੂਦ ਕ੍ਰਿਕਟ ਆਸਟਰੇਲੀਆ ਨੇ ਕੋਹਲੀ ਨੂੰ ਕਪਤਾਨੀ ਸੌਂਪੀ।

**ਭਾਰਤੀ ਜੋੜੀ ਨੂੰ ਮਿਲੀ ਜਗ੍ਹਾ**

ਕ੍ਰਿਕਟ ਆਸਟ੍ਰੇਲੀਆ ਨੇ ਤੇਜ਼ ਗੇਂਦਬਾਜ਼ੀ ਵਿਭਾਗ 'ਚ ਜਸਪ੍ਰੀਤ ਬੁਮਰਾਹ ਤੇ ਮੁਹੰਮਦ ਸ਼ਮੀ ਦੀ ਭਾਰਤੀ ਜੋੜੀ 'ਤੇ ਭਰੋਸਾ ਜਤਾਇਆ ਹੈ। ਇਨ੍ਹਾਂ ਤੋਂ ਇਲਾਵਾ ਮਾਰਕੋ ਯੈਨਸਨ ਨੂੰ ਜਗ੍ਹਾ ਦਿੱਤੀ ਗਈ। ਸਪਿਨਰਾਂ 'ਚ ਆਸਟ੍ਰੇਲੀਆ ਦੇ ਐਡਮ ਜ਼ੈਂਪਾ 'ਤੇ ਭਰੋਸਾ ਜਤਾਇਆ ਹੈ।

**2023 ਵਿਸ਼ਵ ਕੱਪ ਲਈ ਕ੍ਰਿਕਟ ਆਸਟ੍ਰੇਲੀਆ ਦੀ ਬੈਸਟ ਧੀ:**

ਕਵਿੰਟਨ ਡੀ ਕਾਕ, ਡੇਵਿਡ ਵਾਰਨਰ, ਰਚਿਨ ਰਵਿੰਦਰਾ, ਵਿਰਾਟ ਕੋਹਲੀ (ਕਪਤਾਨ), ਏਡਨ ਮਾਰਕਰਮ, ਗਲੇਨ ਮੈਕਸਵੈੱਲ, ਮਾਰਕੋ ਜੈਨਸਨ, ਰਵਿੰਦਰ ਜਡੇਜਾ, ਮੁਹੰਮਦ ਸ਼ਮੀ, ਐਡਮ ਜ਼ਾਂਪਾ ਅਤੇ ਜਸਪ੍ਰੀਤ ਬੁਮਰਾਹ।

# ਰਾਜ ਪੱਧਰੀ ਬੈਡਮਿੰਟਨ ਟੂਰਨਾਮੈਂਟ ਉਮਰ ਵਰਗ 14 ਲੜਕਿਆਂ 'ਚ ਜਲੰਧਰ ਰਿਹਾ ਜੇਤੂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹੇ ਵਿੱਚ 67ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਬੈਡਮਿੰਟਨ ਉਮਰ ਵਰਗ 14 ਸਾਲ ਲੜਕੇ ਅਤੇ ਲੜਕੀਆਂ ਟੂਰਨਾਮੈਂਟ ਜ਼ਿਲ੍ਹਾ ਸਿੱਖਿਆ ਅਫਸਰ (ਸ) ਜਰਨੈਲ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸ) ਰਾਜੇਸ਼ ਕੁਮਾਰ ਦੀ ਅਗਵਾਈ ਵਿੱਚ ਨਵਾਂਸਹਿਰ ਵਿਖੇ ਸਫਲਤਾ ਪੂਰਵਕ ਸਮਾਪਤ ਹੋਇਆ । ਇਸ ਰਾਜ ਪੱਧਰੀ ਟੂਰਨਾਮੈਂਟ ਦਾ ਉਦਘਾਟਨ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵਲੋਂ ਕੀਤਾ ਗਿਆ ਸੀ ।ਅੱਜ ਲੜਕਿਆਂ ਦੇ ਮੁਕਾਬਲੇ ਨਿਰਵਿਘਨ ਸਮਾਪਤ ਹੋਏ, ਜਿਸ ਵਿੱਚ ਜ਼ਿਲ੍ਹਾ ਜਲੰਧਰ ਦੇ ਲੜਕਿਆ ਨੇ ਅੰਮ੍ਰਿਤਸਰ ਨੂੰ ਹਰਾ ਕੇ ਰਾਜ ਪੱਧਰੀ ਚੈਂਪੀਅਨਸ਼ਿਪ ਜਿੱਤੀ ਅਤੇ ਦੂਸਰੇ ਸਥਾਨ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ, ਤੀਸਰਾ ਸਥਾਨ ਜ਼ਿਲ੍ਹਾ ਲੁਧਿਆਣਾ ਅਤੇ ਚੌਥਾ ਸਥਾਨ ਪਟਿਆਲਾ ਦੇ ਲੜਕਿਆ ਨੇ ਪ੍ਰਾਪਤ ਕੀਤਾ । ਜੇਤੂਆ ਲੜਕਿਆਂ ਨੂੰ ਇਨਾਮਾਂ ਦੀ ਵੰਡ ਜ਼ਿਲ੍ਹਾ ਸਿੱਖਿਆ ਅਫਸਰ (ਸ) ਜਰਨੈਲ ਸਿੰਘ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ (ਸ) ਰਾਜੇਸ ਕੁਮਾਰ ਵੱਲੋਂ ਕੀਤੀ ਗਈ। ਇਸ ਮੌਕੇ ਬੱਚਿਆ ਨੂੰ ਆਸ਼ੀਰਵਾਦ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸ਼ਰ (ਸ) ਜਰਨੈਲ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਬੱਚੇ ਹੁਣ ਨੈਸ਼ਨਲ ਪੱਧਰ 'ਤੇ ਪੰਜਾਬ ਦਾ ਨਾਂ ਰੌਸ਼ਨ ਕਰਨਗੇ । ਉਨ੍ਹਾਂ ਅੱਗੇ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਦਾ ਅਨਖਿੜਵਾਂ ਅੰਗ ਹਨ ਤੇ ਖੇਡਾਂ ਬਿਨਾਂ ਵਿਦਿਆਰਥੀ ਜੀਵਨ ਨੀਰਸ਼ ਤੇ ਅਧੂਰਾ ਹੈ। ਉਨ੍ਹਾਂ ਕਿਹਾ ਖੇਡਾਂ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿੱਚ ਅਤੇ ਆਪਸ ਵਿੱਚ ਪਿਆਰ ਨਾਲ ਰਹਿਣਾ ਸਿਖਾਉਂਦੀਆ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਛੋਟੇ-ਛੋਟੇ ਬੱਚੇ ਆਉਣ ਵਾਲੇ ਸਮੇਂ ਵਿੱਚ ਦੇਸ ਦਾ ਭਵਿੱਖ ਹਨ, ਇਨ੍ਹਾਂ ਨੂੰ ਸੰਭਾਲਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ।



ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਦਵਿੰਦਰ ਕੌਰ, ਜ਼ਿਲ੍ਹਾ ਜਨਰਲ ਸਕੱਤਰ ਟੂਰਨਾਮੈਂਟ ਕਮੇਟੀ ਪ੍ਰਿੰ. ਅਮਰਜੀਤ ਖਟਕੜ, ਜਸਬੀਰ ਸਿੰਘ ਡੀ। ਐਮ ਸਪੋਰਟਸ, ਪ੍ਰਿੰ. ਰਜਨੀਸ ਕੁਮਾਰ , ਪ੍ਰਿੰ. ਦਿਲਬਾਗ ਸਿੰਘ ਬਛੌੜੀ, ਮੁੱਖ ਅਧਿਆਪਕ ਦਲਜੀਤ ਸਿੰਘ ਬੋਲਾ, ਪ੍ਰਿੰ. ਰਣਜੀਤ ਕੌਰ, ਪ੍ਰਿੰ. ਪਰਮਜੀਤ ਕੌਰ, ਪ੍ਰਿੰ. ਅਲਕਾ ਰਾਣੀ, ਪ੍ਰਿੰ. ਰਾਜ ਰਾਣੀ, ਮੁੱਖ ਅਧਿਆਪਕ ਲਖਵੀਰ ਸਿੰਘ, ਨਵਦੀਪ ਸਿੰਘ ਸਹਾਇਕ ਸਕੱਤਰ, ਜਗਸ਼ੀਰ ਸਿੰਘ, ਨਿਰਮਲ ਨਵਾਂਗਰਾਈਂ, ਕਰਮਜੀਤ ਕੌਰ ਬਛੋੜੀ, ਕਿਰਨ ਬਾਲਾ ਡੀ.ਪੀ.ਈ ਨਵਾਂ ਪਿੰਡ ਟੱਪਰੀਆ, ਰਜਿੰਦਰ ਕੁਮਾਰ, ਸੰਜੀਵ ਕੁਮਾਰ ਅਲਾਚੌਰ, ਰਣਜੋਧ ਸਿੰਘ , ਦੇਸਰਾਜ, ਨਰਿੰਦਰ ਕੌਰ ਨੌਰਾ, ਅਮਨਦੀਪ ਸਿੰਘ ਸੈਦਪੁਰ ਕਲਾਂ, ਅਮਨਦੀਪ ਕੌਰ, ਸਰਬਜੀਤ ਕੌਰ, ਜਸਬੀਰ ਕੌਰ, ਪੁਸ਼ਪਿੰਦਰ ਕੌਰ, ਸਿਮਰਨਜੀਤ ਕੌਰ, ਕੁਲਜਿੰਦਰ ਸਿੰਘ, ਰਣਜੋਤ ਸਿੰਘ, ਸਚਿਨ ਸ਼ਰਮਾ, ਕੁਲਵੀਰ ਲੜੋਆ, ਸੁਰਿੰਦਰ ਕੁਮਾਰ, ਰੇਖਾ ਰਾਣੀ, ਰਮੇਸ਼ ਕੁਮਾਰ ਪੀ.ਟੀ.ਆਈ ਬੰਗਾ, ਨਰੇਸ ਕੁਮਾਰ ਰੌੜੀ, ਹਰਜਿੰਦਰ ਕੁਮਾਰ ਰੌੜੀ ਤੋਂ ਇਲਾਵਾ ਬੱਚੇ ਤੇ ਖੇਡ ਪ੍ਰੇਮੀ ਮੌਜੂਦ ਸਨ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust